@Qpatrika
@qaumipatrika punjabi
instagram.com/ qaumipatrika
Largest Circulated

विश्व भर में सबसे ज्यादा पढ़ा जाने वाला

# ਕੌਮੀ ਪਤ੍ਰਿਕਾ

Punjabi National Daily

Qaumi Patrika NO.1

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।
Saturday, 18 April 2026

VISIT:
www.qaumipatrika.org
Email: qpatrika@gmail.com


ਨਵੀਂ ਦਿੱਲੀ: ਸ਼ਨੀਵਾਰ 18 ਅਪ੍ਰੈਲ 2026, 5 ਵੈਸਾਖ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81— ਸੰਪਾਦਕ – ਗੁਰਚਰਨ ਸਿੰਘ ਬੱਬਰ – ਸਾਲ – 44, ਅੰਕ 163, qpatrika@gmail.com ਫੋਨ : 9971359517 www.qaumipatrika.org

## ਲੋਕ ਸਭਾ 'ਚ ਪਾਸ ਨਹੀਂ ਹੋਇਆ ਮਹਿਲਾ ਰਾਖਵਾਂਕਰਨ ਬਿੱਲ

**ਕੌਮੀ ਪਤ੍ਰਿਕਾ**
**ਸਿੰਮੀ ਕੌਰ ਬੱਬਰ**

ਨਵੀਂ ਦਿੱਲੀ 17 ਅਪ੍ਰੈਲ। ਲੋਕ ਸਭਾ ਅਤੇ ਸੂਬਾ ਵਿਧਾਨ ਸਭਾਵਾਂ ਵਿੱਚ ਔਰਤਾਂ ਲਈ 33 ਫੀਸਦੀ ਰਾਖਵਾਂਕਰਨ 2029 ਦੀਆਂ ਲੋਕ ਸਭਾ ਚੋਣਾਂ ਤੋਂ ਲਾਗੂ ਕਰਨ ਨਾਲ ਸਬੰਧਤ ਸੰਵਿਧਾਨਕ ਸੋਧ ਬਿੱਲ ਸ਼ੁੱਕਰਵਾਰ ਨੂੰ ਸੰਸਦ ਦੇ ਹੇਠਲੇ ਸਦਨ ਵਿੱਚ ਪਾਸ ਨਹੀਂ ਹੋ ਸਕਿਆ। ਸਦਨ ਵਿੱਚ 'ਸੰਵਿਧਾਨ (131ਵਾਂ) ਸੋਧ ਬਿੱਲ 2026' 'ਤੇ ਹੋਈ ਵੋਟਿੰਗ ਦੌਰਾਨ ਇਸ ਦੇ ਪੱਖ ਵਿੱਚ 298 ਅਤੇ ਵਿਰੋਧ ਵਿੱਚ 230 ਵੋਟਾਂ ਪਈਆਂ। ਲੋਕ ਸਭਾ ਵਿੱਚ ਕਿਸੇ ਵੀ ਸੰਵਿਧਾਨਕ ਸੋਧ ਬਿੱਲ ਨੂੰ ਪਾਸ ਕਰਨ ਲਈ ਦੋ-ਤਿਹਾਈ ਬਹੁਮਤ ਦੀ ਲੋੜ ਹੁੰਦੀ ਹੈ, ਜਿਸ ਕਾਰਨ ਇਹ ਬਿੱਲ ਪਾਸ ਹੋਣ ਤੋਂ ਰਹਿ ਗਿਆ। ਸਰਕਾਰ ਨੇ ਇਸ ਬਿੱਲ ਦੇ ਨਾਲ 'ਹੱਦਬੰਦੀ ਬਿੱਲ, 2026' ਅਤੇ 'ਕੇਂਦਰ ਸ਼ਾਸਿਤ ਪ੍ਰਦੇਸ਼ ਕਾਨੂੰਨ (ਸੋਧ) ਬਿੱਲ, 2026' ਨੂੰ ਵੀ ਸਦਨ ਵਿੱਚ ਚਰਚਾ ਅਤੇ ਪਾਸ ਕਰਾਉਣ ਲਈ ਰੱਖਿਆ ਸੀ, ਪਰ ਮੁੱਖ ਬਿੱਲ ਦੇ ਫੇਲ੍ਹ ਹੋਣ ਕਾਰਨ ਉਨ੍ਹਾਂ ਨੂੰ ਵੀ ਅੱਗੇ ਨਹੀਂ ਵਧਾਇਆ ਜਾ ਸਕਿਆ। ਸੰਸਦੀ ਮਾਮਲਿਆਂ ਦੇ ਮੰਤਰੀ ਕਿਰਨ ਰਿਜੀਜੂ ਨੇ ਕਿਹਾ ਕਿ ਸੰਵਿਧਾਨਕ ਸੋਧ ਬਿੱਲ ਦੇ ਪਾਸ ਨਾ ਹੋਣ ਤੋਂ ਬਾਅਦ ਹੁਣ ਇਸ ਨਾਲ ਸਬੰਧਤ ਦੋਵੇਂ ਬਿੱਲ 'ਹੱਦਬੰਦੀ ਬਿੱਲ, 2026' ਅਤੇ 'ਕੇਂਦਰ ਸ਼ਾਸਿਤ ਪ੍ਰਦੇਸ਼ ਕਾਨੂੰਨ (ਸੋਧ) ਬਿੱਲ, 2026' ਨੂੰ ਅੱਗੇ ਨਹੀਂ ਵਧਾਇਆ ਜਾ ਸਕਦਾ। ਲੋਕ ਸਭਾ ਵਿੱਚ



ਸ਼ੁੱਕਰਵਾਰ ਨੂੰ ਮਹਿਲਾ ਰਾਖਵਾਂਕਰਨ ਕਾਨੂੰਨ ਅਤੇ ਨਵੀਂ ਹੱਦਬੰਦੀ ਨਾਲ ਸਬੰਧਤ ਤਿੰਨ ਅਹਿਮ ਬਿੱਲਾਂ 'ਤੇ ਭਖਵੀਂ ਚਰਚਾ ਹੋਈ। ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਬਹਿਸ ਦਾ ਜਵਾਬ ਦਿੰਦਿਆਂ ਦੱਸਿਆ ਕਿ ਇਸ ਚਰਚਾ ਵਿੱਚ 56 ਮਹਿਲਾ ਸੰਸਦ ਮੈਂਬਰਾਂ ਨੇ ਹਿੱਸਾ ਲਿਆ। ਉਨ੍ਹਾਂ ਕਿਹਾ ਕਿ ਭਾਵੇਂ ਕਿਸੇ ਨੇ ਸਿੱਧੇ ਤੌਰ 'ਤੇ ਵਿਰੋਧ ਨਹੀਂ ਕੀਤਾ, ਪਰ 'ਇੰਡੀਆ' ਗੱਠਜੋੜ ਵੱਲੋਂ ਰਾਖਵਾਂਕਰਨ ਲਾਗੂ ਕਰਨ ਦੇ ਤਰੀਕੇ 'ਤੇ ਚੁੱਕੇ ਜਾ ਰਹੇ ਸਵਾਲ ਅਸਲ ਵਿੱਚ ਮਹਿਲਾ ਰਾਖਵਾਂਕਰਨ ਦੇ ਹੀ ਖਿਲਾਫ਼ ਹਨ। ਅਮਿਤ ਸ਼ਾਹ ਨੇ ਵੱਡਾ ਐਲਾਨ ਕਰਦਿਆਂ ਕਿਹਾ ਕਿ 2029 ਦੀਆਂ ਲੋਕ ਸਭਾ ਚੋਣਾਂ ਮਹਿਲਾ ਰਾਖਵਾਂਕਰਨ ਦੇ ਨਾਲ ਹੋਣਗੀਆਂ। ਉਨ੍ਹਾਂ ਇਨ੍ਹਾਂ ਬਿੱਲਾਂ ਦੇ ਮੁੱਖ ਉਦੇਸ਼ਾਂ ਬਾਰੇ ਦੱਸਦਿਆਂ ਕਿਹਾ ਕਿ ਸਰਕਾਰ ਦਾ ਮਕਸਦ ਔਰਤਾਂ ਨੂੰ ਮਜ਼ਬੂਤ ਕਰਨ ਲਈ ਸੰਵਿਧਾਨ ਸੋਧ ਨੂੰ ਸਮੇਂ ਸਿਰ ਲਾਗੂ ਕਰਨਾ ਹੈ। ਇਸ ਦੇ ਨਾਲ ਹੀ ਉਨ੍ਹਾਂ 'ਇੱਕ ਵਿਅਕਤੀ-ਇੱਕ ਵੋਟ-ਇੱਕ ਮੁੱਲ' ਦੇ ਸਿਧਾਂਤ ਨੂੰ ਸੰਵਿਧਾਨ ਦੀ ਭਾਵਨਾ ਅਨੁਸਾਰ ਲਾਗੂ ਕਰਨ ਦੀ ਗੱਲ 'ਤੇ ਜ਼ੋਰ ਦਿੱਤਾ। ਗ੍ਰਹਿ ਮੰਤਰੀ ਨੇ ਵਿਰੋਧੀ ਧਿਰ 'ਤੇ ਨਿਸ਼ਾਨਾ ਸਾਧਦਿਆਂ ਕਿਹਾ ਕਿ ਹੱਦਬੰਦੀ ਦਾ ਵਿਰੋਧ ਕਰਨਾ ਅਸਲ ਵਿੱਚ SC ਅਤੇ ST ਸੀਟਾਂ ਵਧਾਉਣ ਦਾ ਵਿਰੋਧ ਕਰਨਾ ਹੈ। ਉਨ੍ਹਾਂ ਦੋਸ਼ ਲਾਇਆ ਕਿ ਕਾਂਗਰਸ ਨੇ ਦੇਸ਼ ਨੂੰ ਲੰਬੇ ਸਮੇਂ ਤੱਕ ਹੱਦਬੰਦੀ ਤੋਂ ਵਾਂਝਾ ਰੱਖਿਆ। ਸ਼ਾਹ ਨੇ ਅੰਕੜੇ ਪੇਸ਼ ਕਰਦਿਆਂ ਦੱਸਿਆ ਕਿ ਦੇਸ਼ ਵਿੱਚ 127 ਅਜਿਹੀਆਂ ਸੀਟਾਂ ਹਨ ਜਿੱਥੇ 20 ਲੱਖ ਤੋਂ ਵੱਧ ਵੋਟਰ ਹਨ ਅਤੇ ਕਈ ਥਾਵਾਂ 'ਤੇ ਇਹ ਗਿਣਤੀ 48 ਲੱਖ ਤੱਕ ਪਹੁੰਚ ਗਈ ਹੈ, ਜਿਸ ਕਾਰਨ ਸਾਂਸਦਾਂ ਲਈ ਲੋਕਾਂ ਦੀਆਂ ਉਮੀਦਾਂ ਪੂਰੀਆਂ ਕਰਨਾ ਚੁਣੌਤੀਪੂਰਨ ਹੋ ਗਿਆ ਹੈ। ਦੂਜੇ ਪਾਸੇ, ਵਿਰੋਧੀ ਪਾਰਟੀਆਂ ਨੇ ਓਬੀਸੀ ਪ੍ਰਤੀਨਿਧਤਾ ਦੇ ਮੁੱਦੇ 'ਤੇ ਚਿੰਤਾ ਜ਼ਾਹਰ ਕੀਤੀ ਹੈ ਅਤੇ ਬਿੱਲ ਦੇ ਮੌਜੂਦਾ ਸਰੂਪ ਦਾ ਵਿਰੋਧ ਕਰਨ ਦਾ ਐਲਾਨ ਕੀਤਾ ਹੈ। ਸਰਕਾਰ ਪ੍ਰਸਤਾਵਿਤ ਬਦਲਾਵਾਂ ਦਾ ਬਚਾਅ ਕਰ ਰਹੀ ਹੈ ਅਤੇ ਇਸ 'ਤੇ ਵੋਟਿੰਗ ਹੋਣ ਦੀ ਉਮੀਦ ਹੈ।

## 'ਵੋਟਿੰਗ ਤੋਂ 2 ਦਿਨ ਪਹਿਲਾਂ ਵੀ ਨਾਂ ਜੁੜਿਆ ਤਾਂ ਮਿਲੇਗਾ ਵੋਟ ਦਾ ਅਧਿਕਾਰ'

ਨੈਸ਼ਨਲ ਡੈਸਕ 16 ਅਪ੍ਰੈਲ। ਪੱਛਮੀ ਬੰਗਾਲ 'ਚ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਸੁਪਰੀਮ ਕੋਰਟ ਨੇ ਵੋਟਰ ਸੂਚੀ ਦੇ ਵਿਸ਼ੇਸ਼ ਤੀਬਰ ਸੋਧ ਮਾਮਲੇ ਵਿੱਚ ਇੱਕ ਬਹੁਤ ਹੀ ਅਹਿਮ ਅਤੇ ਵੱਡਾ ਫੈਸਲਾ ਸੁਣਾਇਆ ਹੈ। ਅਦਾਲਤ ਨੇ ਸਪੱਸ਼ਟ ਕੀਤਾ ਹੈ ਕਿ ਜੇਕਰ ਟ੍ਰਿਬਿਊਨਲ ਵੋਟਿੰਗ ਤੋਂ ਦੋ ਦਿਨ ਪਹਿਲਾਂ ਵੀ ਕਿਸੇ ਵੋਟਰ ਦਾ ਨਾਂ ਜੋੜਨ ਜਾਂ ਹਟਾਉਣ ਦਾ ਅੰਤਿਮ ਹੁਕਮ ਦਿੰਦਾ ਹੈ, ਤਾਂ ਉਸ ਨੂੰ ਤੁਰੰਤ ਲਾਗੂ ਕਰਨਾ ਹੋਵੇਗਾ ਅਤੇ ਉਸ ਵਿਅਕਤੀ ਨੂੰ ਵੋਟ ਪਾਉਣ ਦਾ ਅਧਿਕਾਰ ਮਿਲੇਗਾ। ਸੁਪਰੀਮ ਕੋਰਟ ਨੇ ਬੰਗਾਲ SIR ਮਾਮਲੇ ਵਿੱਚ ਸੰਵਿਧਾਨ ਦੇ ਧਾਰਾ 142 ਤਹਿਤ ਆਪਣੀਆਂ ਵਿਸ਼ੇਸ਼ ਸ਼ਕਤੀਆਂ ਦੀ ਵਰਤੋਂ ਕਰਦਿਆਂ ਇਹ ਹੁਕਮ ਦਿੱਤਾ ਹੈ। ਅਦਾਲਤ ਮੁਤਾਬਕ ਜੇਕਰ ਅਪੀਲੇਟ ਟ੍ਰਿਬਿਊਨਲ ਅਪੀਲ ਸਵੀਕਾਰ ਕਰ ਲੈਂਦਾ ਹੈ, ਤਾਂ ਨਾਂ ਜੋੜਨ ਜਾਂ ਹਟਾਉਣ ਦੇ ਅੰਤਿਮ ਫੈਸਲੇ ਨੂੰ ਵੋਟਿੰਗ ਤੋਂ ਪਹਿਲਾਂ ਲਾਗੂ ਕਰਨਾ ਚੋਣ ਕਮਿਸ਼ਨ ਦੀ ਜ਼ਿੰਮੇਵਾਰੀ ਹੋਵੇਗੀ। ਅਦਾਲਤ ਨੇ ਚੋਣ ਕਮਿਸ਼ਨ ਨੂੰ ਵੱਖ-ਵੱਖ ਪੜਾਵਾਂ ਲਈ ਸਮਾਂ-ਸੀਮਾ ਨਿਰਧਾਰਤ ਕਰਨ ਦੇ ਨਿਰਦੇਸ਼ ਦਿੱਤੇ ਹਨ: 23 ਅਪ੍ਰੈਲ ਨੂੰ ਹੋਣ ਵਾਲੀ ਵੋਟਿੰਗ ਲਈ ਜੇਕਰ ਅਪੀਲਾਂ ਦਾ ਫੈਸਲਾ 21 ਅਪ੍ਰੈਲ 2026 ਤੱਕ ਹੋ ਜਾਂਦਾ ਹੈ, ਤਾਂ ਸਪਲੀਮੈਂਟਰੀ ਵੋਟਰ ਸੂਚੀ ਜਾਰੀ ਕਰਨੀ ਪਵੇਗੀ। ਦੂਜਾ ਪੜਾਅ: 29 ਅਪ੍ਰੈਲ ਦੀ ਵੋਟਿੰਗ ਲਈ ਇਹ ਡੈੱਡਲਾਈਨ 27 ਅਪ੍ਰੈਲ ਤੈਅ ਕੀਤੀ ਗਈ ਹੈ। ਸੁਪਰੀਮ ਕੋਰਟ ਨੇ ਇਹ ਵੀ ਸਾਫ਼ ਕਰ ਦਿੱਤਾ ਹੈ ਕਿ ਸਿਰਫ਼ ਅਪੀਲ ਪੈਂਡਿੰਗ ਹੋਣ ਨਾਲ ਕਿਸੇ ਨੂੰ ਵੋਟ ਪਾਉਣ ਦਾ ਅਧਿਕਾਰ ਨਹੀਂ ਮਿਲੇਗਾ। ਅਦਾਲਤ ਦੀ ਦਲੀਲ ਹੈ ਕਿ ਜੇਕਰ ਅਜਿਹਾ ਕੀਤਾ ਗਿਆ ਤਾਂ ਚੋਣ ਪ੍ਰਕਿਰਿਆ ਵਿੱਚ ਅਵਿਵਸਥਾ ਅਤੇ ਵਿਵਾਦ ਪੈਦਾ ਹੋ ਸਕਦਾ ਹੈ। ਸਿਰਫ਼ ਟ੍ਰਿਬਿਊਨਲ ਦਾ ਫਾਈਨਲ ਫੈਸਲਾ ਹੀ ਮਾਨਤਾ ਪ੍ਰਾਪਤ ਹੋਵੇਗਾ। ਦੱਸਣਯੋਗ ਹੈ ਕਿ ਅਦਾਲਤ ਨੇ ਇਹ ਫੈਸਲਾ ਤਿੰਨ ਦਿਨ ਪਹਿਲਾਂ ਸੁਣਾਇਆ ਸੀ, ਜਿਸ ਨੂੰ ਹੁਣ ਅਧਿਕਾਰਤ ਵੈੱਬਸਾਈਟ 'ਤੇ ਅਪਲੋਡ ਕਰ ਦਿੱਤਾ ਗਿਆ ਹੈ।



## ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਵਜ਼ਾਰਤ ਵੱਲੋਂ ਦਰਿਆਵਾਂ, ਚੋਆਂ ਅਤੇ ਸੇਮ ਨਾਲਿਆਂ 'ਚੋਂ ਗਾਰ ਕੱਢਣ ਲਈ ਹਰੀ ਝੰਡੀ

**ਕੌਮੀ ਪਤ੍ਰਿਕਾ**
**ਨਵਦੀਪ ਸਿੰਘ ਸਾਹਨੀ**

ਚੰਡੀਗੜ੍ਹ, 17 ਅਪ੍ਰੈਲ: ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਮੰਤਰੀ ਮੰਡਲ ਨੇ ਲੋਕ ਪੱਖੀ ਨੀਤੀ ਨੂੰ ਮਨਜ਼ੂਰੀ ਦੇ ਦਿੱਤੀ ਹੈ ਜਿਸ ਤਹਿਤ ਜ਼ਮੀਨ ਮਾਲਕਾਂ ਨੂੰ ਆਪਣੇ ਖਰਚੇ 'ਤੇ ਦਰਿਆਵਾਂ, ਚੋਆਂ ਅਤੇ ਨਾਲਿਆਂ 'ਚੋਂ ਗਾਰ ਕੱਢਣ ਦੀ ਇਜਾਜ਼ਤ ਦੇ ਦਿੱਤੀ ਗਈ ਹੈ। ਇਸ ਨੀਤੀ ਤਹਿਤ ਦਰਿਆਵਾਂ, ਚੋਆਂ ਅਤੇ ਨਾਲਿਆਂ 'ਚੋਂ ਕੱਢੀ ਗਈ ਸਮੱਗਰੀ ਦੀ ਮੁਫਤ ਵਰਤੋਂ ਕਰਨ ਦਾ ਅਧਿਕਾਰ ਵੀ ਦੇ ਦਿੱਤਾ ਗਿਆ ਹੈ, ਜਿਸ ਦਾ ਉਦੇਸ਼ ਮਾਨਸੂਨ ਤੋਂ ਪਹਿਲਾਂ ਹੜ੍ਹਾਂ ਦੀ ਰੋਕਥਾਮ ਦੀਆਂ ਤਿਆਰੀਆਂ ਵਿੱਚ ਤੇਜ਼ੀ ਲਿਆਉਣਾ ਹੈ ਅਤੇ ਨਾਲ ਹੀ ਮਹੱਤਵਪੂਰਨ ਹਿੱਸਿਆਂ ਵਿੱਚ ਦਰਿਆਵਾਂ ਦੇ ਵਹਾਅ ਨੂੰ ਸੁਧਾਰਨਾ ਹੈ। ਇਹ ਪ੍ਰਗਟਾਵਾ ਕਰਦਿਆਂ ਮੁੱਖ ਮੰਤਰੀ ਦਫ਼ਤਰ ਨੇ ਕਿਹਾ, "ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਕੈਬਨਿਟ ਵੱਲੋਂ ਸਤਲੁਜ, ਬਿਆਸ ਅਤੇ ਸਿਸਵਾਂ ਦਰਿਆਵਾਂ ਸਮੇਤ ਦਰਿਆਵਾਂ/ਚੋਆਂ/ਸੇਮ ਨਾਲਿਆਂ ਦੀ ਸਫਾਈ ਕਰਨ ਲਈ ਜ਼ਮੀਨ ਮਾਲਕਾਂ ਨੂੰ ਆਗਿਆ ਦੇਣ ਲਈ ਵੱਡਾ ਲੋਕ ਪੱਖੀ ਫੈਸਲਾ ਲਿਆ ਗਿਆ ਹੈ। ਇਹ ਫੈਸਲਾ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਪ੍ਰਧਾਨਗੀ ਹੇਠ ਹੋਈ ਮੰਤਰੀ ਪ੍ਰੀਸ਼ਦ ਦੀ ਮੀਟਿੰਗ ਵਿੱਚ ਲਿਆ ਗਿਆ। ਜ਼ਮੀਨ ਮਾਲਕਾਂ ਨੂੰ ਆਪਣੀ ਕੀਮਤ 'ਤੇ ਦਰਿਆਵਾਂ, ਚੋਆਂ ਅਤੇ ਨਾਲਿਆਂ ਨੂੰ ਸਾਫ਼ ਕਰਨ, ਖੁਦਾਈ ਕੀਤੀ ਸਮੱਗਰੀ ਦੀ ਮੁਫ਼ਤ ਵਰਤੋਂ ਕਰਨ ਦੀ ਇਜਾਜ਼ਤ ਹੈ। ਮੰਤਰੀ ਮੰਡਲ ਨੇ ਸਬੰਧਤ ਜ਼ਮੀਨ ਮਾਲਕਾਂ ਨੂੰ ਸਤਲੁਜ, ਬਿਆਸ ਅਤੇ ਸਿਸਵਾਂ ਸਮੇਤ ਦਰਿਆਵਾਂ/ਚੋਅ/ਨਾਲਿਆਂ ਵਿੱਚੋਂ ਗਾਰ ਕੱਢਣ ਅਤੇ ਖੁਦਾਈ ਕੀਤੀ ਸਮੱਗਰੀ ਦੀ ਮੁਫ਼ਤ ਵਰਤੋਂ ਆਪਣੀ ਕੀਮਤ 'ਤੇ ਕਰਨ ਦੀ ਇਜਾਜ਼ਤ ਦੇਣ ਵਾਲੀ ਨੀਤੀ ਨੂੰ ਵੀ ਪ੍ਰਵਾਨਗੀ ਦੇ ਦਿੱਤੀ ਹੈ। ਬੁਲਾਰੇ ਨੇ ਅੱਗੇ ਕਿਹਾ ਕਿ ਇਹ ਪਹਿਲਕਦਮੀ ਮਹੱਤਵਪੂਰਨ ਪਹੁੰਚਾਂ ਵਿੱਚੋਂ ਤੇਜ਼ੀ ਨਾਲ ਗਾਰ ਕੱਢਣ, ਦਰਿਆਵਾਂ/ਚੋਆਂ ਦੇ ਵਹਾਅ ਦੀ ਸਮਰੱਥਾ ਵਧਾਉਣ ਅਤੇ ਹੜ੍ਹਾਂ ਦੇ ਜ਼ੋਖਮ ਨੂੰ ਘਟਾਉਣ ਵਿੱਚ ਸਹਾਇਤਾ ਕਰੇਗੀ, ਜਿਸ ਨਾਲ ਜਨਤਕ ਅਤੇ ਨਿੱਜੀ ਜਾਇਦਾਦ ਦੀ ਸੁਰੱਖਿਆ ਹੋਵੇਗੀ। ਪੰਜਾਬ ਸਰਕਾਰ ਨੇ 9 ਮਹੱਤਵਪੂਰਨ ਥਾਵਾਂ ਦੀ ਪਛਾਣ ਕੀਤੀ ਹੈ ਜਿੱਥੇ ਅਗਾਮੀ ਮਾਨਸੂਨ ਸੀਜ਼ਨ ਦੇ ਮੱਦੇਨਜ਼ਰ ਪਾਣੀ ਦੇ ਸੁਚਾਰੂ ਵਹਾਅ ਨੂੰ ਯਕੀਨੀ ਬਣਾਉਣ ਲਈ ਗਾਰ ਕੱਢਣ ਦੀ ਲੋੜ ਹੈ। ਇਨ੍ਹਾਂ ਥਾਵਾਂ 'ਤੇ ਜੇਕਰ ਗਾਰ ਕੱਢਣ ਦੀ ਪ੍ਰਕਿਰਿਆ ਸ਼ੁਰੂ ਨਹੀਂ ਕੀਤੀ ਜਾਂਦੀ ਤਾਂ ਇਸ ਨਾਲ ਗਾਰ ਇਕੱਠੀ ਹੋ ਸਕਦੀ ਹੈ, ਦਰਿਆਵਾਂ/ਚੋਆਂ ਦੇ ਵਹਾਅ ਦੀ ਸਮਰੱਥਾ ਘਟ ਸਕਦੀ ਹੈ ਅਤੇ ਆਉਣ ਵਾਲੇ ਮਾਨਸੂਨ ਦੌਰਾਨ ਹੜ੍ਹ ਦਾ ਖਤਰਾ ਵਧ ਸਕਦਾ ਹੈ। ਇਸ ਤੋਂ ਇਲਾਵਾ ਖੁਦਾਈ ਕੀਤੀ ਸਮੱਗਰੀ ਦੀ ਵਰਤੋਂ ਜਾਰੀ ਨਹੀਂ ਰੱਖੀ ਜਾ ਸਕਦੀ। ਮਾਨਸੂਨ ਸੀਜ਼ਨ 2026-27 ਤੋਂ ਪਹਿਲਾਂ ਸਮੇਂ ਸਿਰ ਗਾਰ ਕੱਢਣ ਨੂੰ ਯਕੀਨੀ ਬਣਾਉਣ ਅਤੇ ਅੰਸਵੇਦਨਸ਼ੀਲ ਥਾਵਾਂ ਨੂੰ ਹੱਲ ਕਰਨ ਲਈ ਸਬੰਧਤ ਜ਼ਮੀਨ ਮਾਲਕਾਂ ਨੂੰ ਆਪਣੀ ਲਾਗਤ 'ਤੇ ਗਾਰ ਕੱਢਣ ਦੀ ਆਗਿਆ ਦੇਣ ਦਾ ਫੈਸਲਾ ਕੀਤਾ ਗਿਆ ਹੈ, ਜਿਸ ਵਿੱਚ ਖੁਦਾਈ ਕੀਤੀ ਸਮੱਗਰੀ ਦੀ ਆਪਣੀ ਵਰਤੋਂ ਲਈ ਮੁਫ਼ਤ ਵਰਤੋਂ ਕੀਤੀ ਜਾਵੇਗੀ। ਇਹ ਸੰਭਾਵੀ ਹੜ੍ਹ ਦੇ ਖਤਰਿਆਂ ਅਤੇ ਸਬੰਧਤ ਦੇਣਦਾਰੀਆਂ ਨੂੰ ਘਟਾਉਂਦੇ ਹੋਏ ਗਾਰ ਕੱਢਣ ਦੇ ਕੰਮਾਂ ਨੂੰ ਤੇਜ਼ੀ ਨਾਲ ਪੂਰਾ ਕਰਨ ਵਿੱਚ ਸਹਾਇਤਾ ਕਰੇਗਾ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਕੈਬਨਿਟ ਨੇ ਗ੍ਰਾਮ ਪੰਚਾਇਤਾਂ ਦੇ ਸਰਪੰਚਾਂ/ਜ਼ਿਲ੍ਹਾ ਪ੍ਰੀਸ਼ਦਾਂ ਅਤੇ ਪੰਚਾਇਤ ਸੰਮਤੀਆਂ ਦੇ ਚੇਅਰਮੈਨ/ਵਾਈਸ ਚੇਅਰਮੈਨ ਦੇ ਅਹੁਦੇ ਲਈ ਪੰਜਾਬ ਰਾਖਵਾਂਕਰਨ ਦੇ ਨਿਯਮ-6 ਵਿੱਚ ਸੋਧ ਨੂੰ ਪ੍ਰਵਾਨਗੀ ਦੇ ਦਿੱਤੀ ਹੈ। ਇਕ ਹੋਰ ਮਹੱਤਵਪੂਰਨ ਫੈਸਲੇ ਵਿੱਚ ਮੰਤਰੀ ਮੰਡਲ ਨੇ ਗ੍ਰਾਮ ਪੰਚਾਇਤਾਂ ਦੇ ਸਰਪੰਚਾਂ ਅਤੇ ਪੰਚਾਇਤ ਸੰਮਤੀਆਂ ਦੇ ਚੇਅਰਮੈਨ ਅਤੇ ਵਾਈਸ ਚੇਅਰਮੈਨਾਂ ਲਈ ਪੰਜਾਬ ਰਾਖਵੇਂਕਰਨ ਦੇ ਨਿਯਮ-6 ਅਤੇ ਜ਼ਿਲ੍ਹਾ ਪ੍ਰੀਸ਼ਦਾਂ ਦੇ ਨਿਯਮ-1994 ਵਿੱਚ ਸੋਧ ਨੂੰ ਵੀ ਪ੍ਰਵਾਨਗੀ ਦੇ ਦਿੱਤੀ ਹੈ, ਜਿਸ ਦਾ ਉਦੇਸ਼ ਵੱਖ-ਵੱਖ ਸ਼੍ਰੇਣੀਆਂ ਵਿੱਚ ਪ੍ਰਤੀਨਿਧਤਾ ਨੂੰ ਤਰਕਸੰਗਤ ਬਣਾਉਣਾ ਹੈ। ਇਸ ਕਦਮ ਦਾ ਉਦੇਸ਼ ਅਨੁਸੂਚਿਤ ਜਾਤੀਆਂ, ਅਨੁਸੂਚਿਤ ਜਾਤੀ ਦੀਆਂ ਔਰਤਾਂ, ਔਰਤਾਂ ਅਤੇ ਜਨਰਲ ਸ਼੍ਰੇਣੀ ਦੇ ਰਾਖਵਾਂਕਰਨ ਲਈ ਹਰੇਕ ਸ਼੍ਰੇਣੀ ਵਿੱਚ ਪ੍ਰਤੀਨਿਧਤਾ ਨੂੰ ਤਰਕਸੰਗਤ ਬਣਾਉਣਾ ਹੈ। ਇਸ ਵਿੱਚ ਦਰਸਾਇਆ ਗਿਆ ਹੈ ਕਿ ਜੇਕਰ ਸੂਬੇ ਵਿੱਚ ਜ਼ਿਲ੍ਹਾ ਪ੍ਰੀਸ਼ਦਾਂ ਦੀ ਕੁੱਲ ਗਿਣਤੀ ਦਾ 10 ਫੀਸਦੀ ਜਾਂ ਇਸ ਤੋਂ ਵੱਧ ਪ੍ਰਭਾਵਿਤ ਹੁੰਦਾ ਹੈ ਤਾਂ ਅਨੁਸੂਚਿਤ ਜਾਤੀ, ਅਨੁਸੂਚਿਤ ਜਾਤੀ ਦੀਆਂ ਔਰਤਾਂ, ਔਰਤਾਂ ਅਤੇ ਜਨਰਲ ਸ਼੍ਰੇਣੀਆਂ ਦੇ ਰੋਟੇਸ਼ਨ ਲਈ ਰੋਸਟਰ ਨਵੇਂ ਸਿਰੇ ਤੋਂ ਤਿਆਰ ਕੀਤਾ ਜਾਵੇਗਾ।

## ਪੈਟਰੋਲ-ਡੀਜ਼ਲ ਹੋਵੇਗਾ ਸਸਤਾ ! ਹੋਰਮੁਜ਼ ਖੁੱਲ੍ਹਦੇ ਹੀ ਕੱਚੇ ਤੇਲ 'ਚ ਆਈ ਭਾਰੀ ਗਿਰਾਵਟ

**ਕੌਮੀ ਪਤ੍ਰਿਕਾ**

ਇੰਟਰਨੈਸ਼ਨਲ ਡੈਸਕ 17 ਅਪ੍ਰੈਲ। ਅੰਤਰਰਾਸ਼ਟਰੀ ਬਾਜ਼ਾਰ 'ਚ ਕੱਚੇ ਤੇਲ ਦੀਆਂ ਕੀਮਤਾਂ 'ਚ ਸ਼ੁੱਕਰਵਾਰ ਨੂੰ ਵੱਡੀ ਗਿਰਾਵਟ ਦੇਖਣ ਨੂੰ ਮਿਲੀ। ਮਿਡਲ ਈਸਟ 'ਚ ਤਣਾਅ ਘੱਟ ਹੋਣ ਅਤੇ ਹੋਰਮੁਜ਼ ਸਟ?ਰੇਟ ਦੇ ਮੁੜ ਖੁੱਲ੍ਹਣ ਦੀ ਖਬਰ ਤੋਂ ਬਾਅਦ ਕੱਚੇ ਤੇਲ ਦੀਆਂ ਕੀਮਤਾਂ 'ਚ 10 ਫੀਸਦੀ ਤਕ ਦੀ ਭਾਰੀ ਗਿਰਾਵਟ ਦਰਜ ਕੀਤੀ ਗਈ। ਬਾਜ਼ਾਰ 'ਚ ਪਹਿਲਾਂ ਹੀ ਖ਼ਦਸ਼ਾ ਸੀ ਕਿ ਈਰਾਨ-ਸੰਬੰਧਿਤ ਤਣਾਅ ਦੇ ਚਲਦੇ ਹੋਰਮੁਜ਼ ਜਲਡਮਰੂਮੱਧ ਬੰਦ ਹੋ ਸਕਦਾ ਹੈ, ਜਿਸ ਨਾਲ ਗਲੋਬਲ ਤੇਲ ਸਪਲਾਈ 'ਤੇ ਵੱਡਾ ਅਸਰ ਪੈਂਦਾ। ਜ਼ਿਕਰਯੋਗ ਹੈ ਕਿ ਦੁਨੀਆ ਦੇ ਕੁੱਲ ਤੇਲ ਸਪਲਾਈ ਦਾ ਲਗਭਗ 20 ਫੀਸਦੀ ਹਿੱਸਾ ਇਸੇ ਰਸਤੇ ਤੋਂ ਗੁਜ਼ਰਦਾ ਹੈ। *ਹਾਲਾਂਕਿ, ਤਾਜ਼ਾ ਸੰਕੇਤਾਂ 'ਚ ਇਹ ਸਪਸ਼ਟ ਹੋਇਆ ਹੈ ਕਿ ਰਸਤਾ ਪੂਰੀ ਤਰ੍ਹਾਂ ਖੁੱਲ੍ਹਾ ਹੈ ਅਤੇ ਜਹਾਜ਼ਾਂ ਦੀ ਆਵਾਜਾਈ ਆਮ ਬਣੀ ਹੋਈ ਹੈ। ਇਸ ਨਾਲ ਸਪਲਾਈ ਰੁਕਣ ਦਾ ਖਤਰਾ ਘੱਟ ਹੋਇਆ ਹੈ ਅਤੇ ਬਾਜ਼ਾਰ 'ਚ ਘਬਰਾਹਟ ਘਟਨ ਦੇ ਨਾਲ ਹੀ ਕੀਮਤਾਂ 'ਚ ਭਾਰੀ ਗਿਰਾਵਟ ਦਰਜ ਕੀਤੀ ਗਈ ਹੈ। ਬ੍ਰੈਂਟ ਕਰੂਡ ਦੀਆਂ ਕੀਮਤਾਂ ਡਿੱਗ ਕੇ 90 ਡਾਲਰ ਪ੍ਰਤੀ ਬੈਰਲ ਦੇ ਕਰੀਬ ਪਹੁੰਚ ਗਈਆਂ ਹਨ, ਜਦੋਂਕਿ ➡"9 ਕਰੂਡ ਵੀ ਡਿੱਗ ਕੇ 83-86 ਡਾਲਰ ਪ੍ਰਤੀ ਬੈਰਲ ਦੇ ਦਾਇਰੇ 'ਚ ਆ ਗਿਆ ਹੈ। ਬਾਜ਼ਾਰ ਦੇ ਜਾਣਕਾਰਾਂ ਮੁਤਾਬਕ, ਹਾਲੀਆ ਤੇਜ਼ੀ ਤੋਂ ਬਾਅਦ ਨਿਵੇਸ਼ਕਾਂ ਨੇ ਵੱਡੇ ਪੱਧਰ 'ਤੇ ਮੁਨਾਫਾ ਵਸੂਲੀ ਕੀਤੀ, ਜਿਸ ਨਾਲ ਗਿਰਾਵਟ ਹੋਰ ਤੇਜ ਹੋ ਗਈ। ਇਸਤੋਂ ਇਲਾਵਾ, ਸੀਜ਼ਫਾਇਰ ਅਤੇ ਗੱਲਬਾਤ ਦੀਆਂ ਸੰਭਾਵਨਾਵਾਂ ਨੇ ਵੀ ਬਾਜ਼ਾਰ ਦੀ ਧਾਰਨਾ ਨੂੰ ਹਾਂ-ਪੱਖੀ ਬਣਾਇਆ ਹੈ। ਕੱਚੇ ਤੇਲ ਦੀਆਂ ਕੀਮਤਾਂ ਵਿੱਚ ਗਿਰਾਵਟ ਭਾਰਤ ਵਰਗੇ ਆਯਾਤ-ਨਿਰਭਰ ਦੇਸ਼ਾਂ ਲਈ ਰਾਹਤ ਵਜੋਂ ਆਈ ਹੈ। ਇਸ ਨਾਲ ਨੇੜਲੇ ਭਵਿੱਖ ਵਿੱਚ ਪੈਟਰੋਲ ਅਤੇ ਡੀਜ਼ਲ ਦੀਆਂ ਕੀਮਤਾਂ 'ਤੇ ਦਬਾਅ ਘੱਟ ਹੋ ਸਕਦਾ ਹੈ। ਇਸ ਨਾਲ ਮਹਿੰਗਾਈ ਦਰਾਂ ਵਿੱਚ ਵੀ ਕਮੀ ਆ ਸਕਦੀ ਹੈ ਅਤੇ ਸਟਾਕ ਮਾਰਕੀਟ ਨੂੰ ਸਮਰਥਨ ਮਿਲ ਸਕਦਾ ਹੈ। ਬਾਜ਼ਾਰ ਮਾਹਿਰਾਂ ਦਾ ਮੰਨਣਾ ਹੈ ਕਿ ਕੱਚੇ ਤੇਲ ਦੀਆਂ ਕੀਮਤਾਂ ਦੀ ਚਾਲ ਹੁਣ ਪੂਰੀ ਤਰ੍ਹਾਂ ਭੂ-ਰਾਜਨੀਤਿਕ ਵਿਕਾਸ 'ਤੇ ਨਿਰਭਰ ਕਰੇਗੀ। ਜੇਕਰ ਤਣਾਅ ਹੋਰ ਘੱਟ ਜਾਂਦਾ ਹੈ, ਤਾਂ ਕੀਮਤਾਂ ਵਿੱਚ ਲਗਾਤਾਰ ਗਿਰਾਵਟ ਸੰਭਵ ਹੈ; ਹਾਲਾਂਕਿ, ਕੋਈ ਵੀ ਨਵਾਂ ਟਕਰਾਅ ਬਾਜ਼ਾਰ ਵਿੱਚ ਇੱਕ ਨਵਾਂ ਉਛਾਲ ਲਿਆ ਸਕਦਾ ਹੈ। ਇਹ ਅਨੁਮਾਨ ਲਗਾਇਆ ਜਾ ਰਿਹਾ ਹੈ ਕਿ, ਇਸ ਫੈਸਲੇ ਤੋਂ ਬਾਅਦ, ਭਾਰਤੀ ਸਟਾਕ ਮਾਰਕੀਟ ਸੋਮਵਾਰ ਨੂੰ ਇੱਕ ਮਹੱਤਵਪੂਰਨ ਤੇਜ਼ੀ ਦੇਖ ਸਕਦੀ ਹੈ। ਇਸ ਦੌਰਾਨ, ਪੇਂਟ ਅਤੇ ਟਾਇਰ ਨਿਰਮਾਣ ਕੰਪਨੀਆਂ ਦੇ ਸ਼ੇਅਰਾਂ ਵਿੱਚ ਵਾਧਾ ਦਰਜ ਹੋਣ ਦੀ ਸੰਭਾਵਨਾ ਹੈ। ਇਸ ਤੋਂ ਇਲਾਵਾ, ਤੇਲ ਕੰਪਨੀਆਂ ਦੇ ਸ਼ੇਅਰਾਂ ਵਿੱਚ ਵੀ ਗਤੀਵਿਧੀ ਵਧਣ ਦੀ ਉਮੀਦ ਹੈ।

## ਹਰੀਵੰਸ਼ ਲਗਾਤਾਰ ਤੀਜੀ ਵਾਰ ਬਣੇ ਰਾਜ ਸਭਾ ਦੇ ਡਿਪਟੀ ਸਪੀਕਰ, ਬਿਨਾਂ ਵਿਰੋਧ ਚੁਣੇ ਗਏ



ਨਵੀਂ ਦਿੱਲੀ 17 ਅਪ੍ਰੈਲ। ਨਾਮਜ਼ਦ ਮੈਂਬਰ ਹਰੀਵੰਸ਼ ਸ਼ੁੱਕਰਵਾਰ ਨੂੰ ਬਿਨਾਂ ਵਿਰੋਧ ਰਾਜ ਸਭਾ ਦੇ ਡਿਪਟੀ ਸਪੀਕਰ ਚੁਣੇ ਗਏ। ਪੱਤਰਕਾਰ ਤੋਂ ਰਾਜਨੇਤਾ ਬਣੇ ਹਰੀਵੰਸ਼ ਦਾ ਇਹ ਤੀਜਾ ਕਾਰਜਕਾਲ ਹੈ। ਹਰੀਵੰਸ਼ ਦਾ ਕਾਰਜਕਾਲ 9 ਅਪ੍ਰੈਲ ਨੂੰ ਖ਼ਤਮ ਹੋਣ ਤੋਂ ਬਾਅਦ ਰਾਜ ਸਭਾ ਦੇ ਡਿਪਟੀ ਸਪੀਕਰ ਦਾ ਅਹੁਦਾ ਖ਼ਾਲੀ ਹੋ ਗਿਆ ਸੀ। ਕੇਂਦਰੀ ਮੰਤਰੀ ਅਤੇ ਸਦਨ ਦੇ ਨੇਤਾ ਜੇ.ਪੀ. ਨੱਢਾ ਨੇ ਹਰੀਵੰਸ਼ ਨੂੰ ਰਾਜ ਸਭਾ ਦਾ ਡਿਪਟੀ ਸਪੀਕਰ ਚੁਣਨ ਦਾ ਪਹਿਲਾ ਪ੍ਰਸਤਾਵ ਪੇਸ਼ ਕੀਤਾ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਵਿਰੋਧੀ ਧਿਰ ਦੇ ਨੇਤਾ ਮਲਿਕਾਰਜੁਨ ਖੜਗੇ ਨੇ ਹਰੀਵੰਸ਼ ਨੂੰ ਉਨ੍ਹਾਂ ਦੀ ਜਿੱਤ 'ਤੇ ਵਧਾਈ ਦਿੱਤੀ। ਇਹ ਪਹਿਲੀ ਵਾਰ ਹੈ ਕਿ ਕਿਸੇ ਨਾਮਜ਼ਦ ਮੈਂਬਰ ਨੂੰ ਡਿਪਟੀ ਸਪੀਕਰ ਚੁਣਿਆ ਗਿਆ ਹੈ।

## ਮਹਿਲਾ ਰਾਖਵਾਂਕਰਨ ਬਿੱਲ ਦੇ ਡਿੱਗਣ ਮਗਰੋਂ ਪ੍ਰਿਯੰਕਾ ਗਾਂਧੀ ਦਾ ਵੱਡਾ ਬਿਆਨ

ਨਵੀਂ ਦਿੱਲੀ 17 ਅਪ੍ਰੈਲ। ਲੋਕ ਸਭਾ ਵਿੱਚ 'ਸੰਵਿਧਾਨ (131ਵਾਂ ਸੋਧ) ਬਿੱਲ, 2026' ਦੇ ਪਾਸ ਨਾ ਹੋਣ ਤੋਂ ਬਾਅਦ ਕਾਂਗਰਸ ਦੀ ਸੀਨੀਅਰ ਆਗੂ ਅਤੇ ਸਾਂਸਦ ਪ੍ਰਿਯੰਕਾ ਗਾਂਧੀ ਵਾਡਰਾ ਨੇ ਇੱਕ ਅਹਿਮ ਬਿਆਨ ਦਿੱਤਾ ਹੈ। ਪ੍ਰਿਯੰਕਾ ਗਾਂਧੀ ਨੇ ਬਿੱਲ ਦੇ ਫੇਲ੍ਹ ਹੋਣ 'ਤੇ ਪ੍ਰਤੀਕਿਰਿਆ ਦਿੰਦਿਆਂ ਕਿਹਾ ਕਿ ਇਹ ਮਾਮਲਾ ਸਿਰਫ਼ ਮ ਹਿ ਲ ਾ ਰਾਖਵਾਂਕਰਨ ਬਾਰੇ ਨਹੀਂ ਸੀ, ਸਗੋਂ ਲੋਕਤੰਤਰ ਦੀ ਮਰਿਆਦਾ ਨਾਲ ਜੁੜਿਆ ਹੋਇਆ ਸੀ। ਉਨ੍ਹਾਂ ਇਸ ਘਟਨਾਕ੍ਰਮ ਨੂੰ ਦੇਸ਼ ਦੇ ਲੋਕਤੰਤਰ ਲਈ ਇੱਕ ਵੱਡੀ ਜਿੱਤ ਕਰਾਰ ਦਿੱਤਾ ਹੈ। ਪ੍ਰਿਯੰਕਾ ਗਾਂਧੀ ਨੇ ਸਰਕਾਰ ਦੇ ਉਸ ਪ੍ਰਸਤਾਵ 'ਤੇ ਇਤਰਾਜ਼ ਜਤਾਇਆ, ਜਿਸ ਵਿੱਚ ਮਹਿਲਾ ਰਾਖਵਾਂਕਰਨ ਨੂੰ ਹੱਦਬੰਦੀ ਨਾਲ ਜੋੜਿਆ ਗਿਆ ਸੀ। ਉਨ੍ਹਾਂ ਸਪੱਸ਼ਟ ਸ਼ਬਦਾਂ ਵਿੱਚ ਕਿਹਾ ਕਿ ਅਸੀਂ ਕਦੇ ਵੀ ਮਹਿਲਾ ਰਾਖਵਾਂਕਰਨ ਨੂੰ ਹੱਦਬੰਦੀ ਨਾਲ ਜੋੜਨ 'ਤੇ ਸਹਿਮਤ ਨਹੀਂ ਹੋ ਸਕਦੇ। ਉਨ੍ਹਾਂ ਅਨੁਸਾਰ ਇਹ ਬਿੱਲ ਜਿਸ ਰੂਪ ਵਿੱਚ ਲਿਆਂਦਾ ਗਿਆ ਸੀ, ਉਸ ਦਾ ਪਾਸ ਹੋਣਾ ਸੰਭਵ ਹੀ ਨਹੀਂ ਸੀ। ਵਿਰੋਧੀ ਧਿਰ 'ਤੇ ਲਗਾਏ ਜਾ ਰਹੇ ਮਹਿਲਾ ਵਿਰੋਧੀ ਹੋਣ ਦੇ ਦੋਸ਼ਾਂ 'ਤੇ ਪਲਟਵਾਰ ਕਰਦਿਆਂ ਪ੍ਰਿਯੰਕਾ ਗਾਂਧੀ ਨੇ ਸਰਕਾਰ ਨੂੰ ਉਨ੍ਹਾਂ ਦੇ ਪੁਰਾਣੇ ਰਿਕਾਰਡ ਦੀ ਯਾਦ ਦਿਵਾਈ। ਉਨ੍ਹਾਂ ਸਵਾਲ ਉਠਾਇਆ ਕਿ ਜਿਨ੍ਹਾਂ ਲੋਕਾਂ ਨੇ ਹਾਥਰਸ, ਉਨਾਓ ਅਤੇ ਮਣੀਪੁਰ ਵਰਗੀਆਂ ਗੰਭੀਰ ਘਟਨਾਵਾਂ ਵਿੱਚ ਕੋਈ ਕਾਰਵਾਈ ਨਹੀਂ ਕੀਤੀ, ਕੀ ਉਹ ਹੁਣ ਮਹਿਲਾ ਵਿਰੋਧੀ ਮਾਨਸਿਕਤਾ ਦੀ ਗੱਲ ਕਰ ਰਹੇ ਹਨ।



## ਪ੍ਰਧਾਨ ਮੰਤਰੀ ਮੋਦੀ ਨੇ ਲੋਕਾਂ ਨੂੰ 9 ਸੰਕਲਪ ਲੈਣ ਦੀ ਕੀਤੀ ਅਪੀਲ

**ਕੌਮੀ ਪਤ੍ਰਿਕਾ**

ਮਾਂਡਯਾ 17 ਅਪ੍ਰੈਲ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਲੋਕਾਂ ਨੂੰ 'ਵਿਕਸਿਤ ਕਰਨਾਟਕ ਅਤੇ ਵਿਕਸਿਤ ਭਾਰਤ' ਦੇ ਟੀਚੇ ਨੂੰ ਹਾਸਲ ਕਰਨ ਲਈ ਜਲ ਸੰਭਾਲ, ਕੁਦਰਤੀ ਖੇਤੀ, ਫਿਟਨੈੱਸ ਅਤੇ ਸੇਵਾ ਸਮੇਤ 9 ਸਮੂਹਿਕ ਸੰਕਲਪ ਲੈਣ ਦੀ ਅਪੀਲ ਕੀਤੀ। ਆਪਣੀਆਂ ਤਰਜੀਹਾਂ ਗਿਣਾਉਂਦੇ ਹੋਏ ਪੀ.ਐੱਮ. ਮੋਦੀ ਨੇ ਕਿਹਾ ਕਿ ਉਨ੍ਹਾਂ ਦੀ ਪਹਿਲੀ ਅਪੀਲ ਜਲ ਸੰਭਾਲ ਅਤੇ ਬਿਹਤਰ ਜਲ ਸੰਭਾਲ ਨੂੰ ਲੈ ਕੇ ਹੈ। ਇਸ ਤੋਂ ਬਾਅਦ ਉਨ੍ਹਾਂ ਨੇ 'ਇਕ ਪੇੜ ਮਾਂ ਕੇ ਨਾਮ' ਮੁਹਿੰਮ ਦੇ ਅਧੀਨ ਰੁੱਖ ਲਗਾਉਣ, ਜਨਤਕ ਅਤੇ ਧਾਰਮਿਕ ਸਥਾਨਾਂ 'ਤੇ ਸਵੱਛਤਾ,"ਵੋਕਲ ਫਾਰ ਲੋਕਲ' ਦੇ ਮਾਧਿਅਮ ਨਾਲ ਸਥਾਨਕ ਉਤਪਾਦਾਂ ਨੂੰ ਉਤਸ਼ਾਹ ਦੇਣ, ਘਰੇਲੂ ਸੈਰ-ਸਪਾਟੇ ਨੂੰ ਉਤਸ਼ਾਹਤ ਕਰਨ, ਰਸਾਇਣ ਮੁਕਤ ਕੁਦਰਤੀ ਖੇਤੀ ਅਪਣਾਉਣ, ਮੋਟੇ ਅਨਾਜ ਨਾਲ ਸਿਹਤਮੰਦ ਭੋਜਨ ਕਰਨ ਅਤੇ ਤੇਲ ਦੀ ਘੱਟ ਉਪਯੋਗ ਨੂੰ ਉਤਸ਼ਾਹ ਦੇਣ ਦੀ ਅਪੀਲ ਕੀਤੀ। ਪੀ.ਐੱਮ. ਮੋਦੀ ਨੇ ਲੋਕਾਂ ਨੂੰ ਯੋਗ ਅਤੇ ਫਿਟਨੈੱਸ ਨੂੰ ਅਪਣਾਉਣ ਅਤੇ ਸੇਵਾ ਭਾਵ ਨੂੰ ਵਧਾਉਣ ਦੀ ਵੀ ਅਪੀਲ ਕੀਤੀ। ਉਨ੍ਹਾਂ ਨੇ ਮਾਂਡਯਾ ਸਥਿਤ ਆਦਿਚੁੰਚਨਗਿਰੀ ਮਹਾਸੰਸਥਾਨ ਮੱਠ 'ਚ ਸ਼?ਰੀ ਗੁਰੂ



ਭੈਰਵੈਕਯ ਮੰਦਰ ਦਾ ਉਦਘਾਟਨ ਕਰਨ ਲਈ ਆਯੋਜਿਤ ਇਕ ਪ੍ਰੋਗਰਾਮ ਨੂੰ ਸੰਬੋਧਨ ਕਰਦੇ ਹੋਏ ਕਿਹਾ,"ਜੇਕਰ ਅਸੀਂ ਇਨ੍ਹਾਂ 9 ਸੰਕਲਪਾਂ ਨੂੰ ਈਮਾਨਦਾਰੀ ਅਤੇ ਦ੍ਰਿੜ ਸੰਕਲਪ ਨਾਲ ਅੱਗੇ ਵਧੀਏ ਤਾਂ ਅਸੀਂ ਤੇਜ਼ੀ ਨਾਲ ਵਿਕਸਿਤ ਕਰਨਾਟਕ ਅਤੇ ਵਿਕਸਿਤ ਭਾਰਤ ਦੀ ਦਿਸ਼ਾ 'ਚ ਤਰੱਕੀ ਕਰ ਸਕਦੇ ਹਾਂ।" ਜੇਕਰ ਮੰਦਰ ਸਤਿਕਾਰਯੋਗ ਸੰਤ ਸ਼?ਰੀ ਬਾਲਗੰਗਾਧਰਨਾਥ ਮਹਾਸਵਾਮੀ ਦੀ ਯਾਦ 'ਚ ਸਮਰਪਿਤ ਇਕ ਸਮਾਰਕ ਹੈ, ਜੋ ਮੱਠ ਦੇ 71ਵੇਂ ਮੁਖੀ ਸਨ ਅਤੇ ਜਨਤਾ ਦਲ (ਸੈਕਿਊਲਰ) ਦੇ ਮੁਖੀ ਐੱਚ.ਡੀ. ਦੇਵਗੌੜਾ ਨਾਲ ਮਿਲ ਕੇ 'ਸੁੰਦਰਿਆ ਲਹਿਰੀ ਅਤੇ ਸ਼ਿਵ ਮਹਿਮਨ ਸਤੋਤ੍ਰਮ' ਨਾਮੀ ਕਿਤਾਬ ਵੀ ਜਾਰੀ ਕੀਤੀ। 'ਮੰਦਰ' 'ਦੇ ਉਦਘਾਟਨ ਤੋਂ ਪਹਿਲਾਂ ਪ੍ਰਧਾਨ ਮੰਤਰੀ ਨੇ ਜਵਾਲਾ ਪੀਠ ਦਾ ਦੌਰਾ ਕੀਤਾ, ਜਿੱਥੇ ਮਾਨਤਾ ਅਨੁਸਾਰ ਭਗਵਾਨ ਸ਼ਿਵ ਨੇ ਤਪੱਸਿਆ ਕੀਤੀ ਸੀ। ਪੀ.ਐੱਮ. ਮੋਦੀ ਨੇ ਸ਼?ਰੀ ਕਾਲਭੈਰਵੇਸ਼ਵਰ ਸਵਾਮੀ ਮੰਦਰ 'ਚ ਵੀ ਜਾ ਕੇ ਪੂਜਾ ਕੀਤੀ। ਇਸ ਮੌਕੇ 'ਤੇ ਰਾਜਪਾਲ ਥਾਵਰਚੰਦ ਗਹਿਲੋਤ, ਆਦਿਚੁੰਚਨਗਿਰੀ ਮਹਾਸੰਸਥਾਨ ਮੱਠ ਦੇ ਮੌਜੂਦਾ ਮੁਖੀ ਨਿਰਮਲਾਨੰਦਨਾਥ ਮਹਾਸਵਾਮੀ, ਕੇਂਦਰੀ ਮੰਤਰੀ ਐੱਚ.ਡੀ. ਕੁਮਾਰਸਵਾਮੀ ਅਤੇ ਸ਼ੋਭਾ ਕਰੰਦਲਾਜੇ ਸਮੇਤ ਕਈ ਵਿਸ਼ੇਸ਼ ਵਿਅਕਤੀ ਮੌਜੂਦ ਸਨ।

## ਰਾਹੁਲ ਗਾਂਧੀ ਦੀਆਂ ਵਧੀਆਂ ਮੁਸ਼ਕਿਲਾਂ ! ਹਾਈਕੋਰਟ ਨੇ ਐੱਫ.ਆਈ.ਆਰ. ਦਰਜ ਕਰਨ ਦਾ ਦਿੱਤਾ ਹੁਕਮ

ਨੈਸ਼ਨਲ ਡੈਸਕ 17 ਅਪ੍ਰੈਲ। ਕਾਂਗਰਸ ਦੇ ਸੀਨੀਅਰ ਆਗੂ ਰਾਹੁਲ ਗਾਂਧੀ ਇੱਕ ਵੱਡੀ ਕਾਨੂੰਨੀ ਮੁਸੀਬਤ ਵਿੱਚ ਫਸਦੇ ਨਜ਼ਰ ਆ ਰਹੇ ਹਨ। ਇਲਾਹਾਬਾਦ ਹਾਈ ਕੋਰਟ ਨੇ ਰਾਹੁਲ ਗਾਂਧੀ ਵਿਰੁੱਧ ਦੋਹਰੀ ਨਾਗਰਿਕਤਾ ਦੇ ਮਾਮਲੇ ਵਿੱਚ ਐੱਫ.ਆਈ.ਆਰ. ਦਰਜ ਕਰਨ ਅਤੇ ਇਸ ਮਾਮਲੇ ਦੀ ਡੂੰਘਾਈ ਨਾਲ ਜਾਂਚ ਕਰਨ ਦੇ ਹੁਕਮ ਦਿੱਤੇ ਹਨ। ਇਹ ਫੈਸਲਾ ਰਾਹੁਲ ਗਾਂਧੀ 'ਤੇ ਭਾਰਤ ਦੇ ਨਾਲ-ਨਾਲ ਬ੍ਰਿਟੇਨ ਦੀ ਨਾਗਰਿਕਤਾ ਰੱਖਣ ਦੇ ਲੱਗੇ ਦੋਸ਼ਾਂ ਸਬੰਧੀ ਆਇਆ ਹੈ। ਵਿਗਨੇਸ਼ ਸ਼ਿਸ਼ਿਰ ਨਾਮੀ ਵਿਅਕਤੀ ਨੇ ਹਾਈ ਕੋਰਟ ਵਿੱਚ ਪਟੀਸ਼ਨ ਦਾਇਰ ਕਰਕੇ ਦਾਅਵਾ ਕੀਤਾ ਸੀ ਕਿ ਰਾਹੁਲ ਗਾਂਧੀ ਕੋਲ ਦੋ ਦੇਸ਼ਾਂ ਦੇ ਪਾਸਪੋਰਟ ਹੋ ਸਕਦੇ ਹਨ, ਜੋ ਕਿ ਭਾਰਤੀ ਕਾਨੂੰਨ ਦੀ ਸਿੱਧੀ ਉਲੰਘਣਾ ਹੈ। ਇਸ ਤੋਂ ਪਹਿਲਾਂ, 28 ਜਨਵਰੀ ਨੂੰ ਲਖਨਊ ਦੀ ਵਿਸ਼ੇਸ਼ MP/MLA ਅਦਾਲਤ ਨੇ ਇਸ ਪਟੀਸ਼ਨ ਨੂੰ ਇਹ ਕਹਿ ਕੇ ਖਾਰਜ ਕਰ ਦਿੱਤਾ ਸੀ ਕਿ ਉਹ ਨਾਗਰਿਕਤਾ ਦੇ ਮੁੱਦੇ 'ਤੇ ਫੈਸਲਾ ਕਰਨ ਲਈ ਸਮਰੱਥ ਨਹੀਂ ਹੈ, ਜਿਸ ਤੋਂ ਬਾਅਦ ਪਟੀਸ਼ਨਕਰਤਾ ਨੇ ਮੁੜ ਹਾਈ ਕੋਰਟ ਦੀ ਸ਼ਰਨ ਲਈ ਸੀ। ਪਟੀਸ਼ਨਕਰਤਾ ਨੇ ਰਾਹੁਲ ਗਾਂਧੀ ਵਿਰੁੱਧ ਭਾਰਤੀ ਨਿਆਂ ਸੰਹਿਤਾ, ਸਰਕਾਰੀ ਗੁਪਤ ਐਕਟ, ਵਿਦੇਸ਼ੀ ਐਕਟ ਅਤੇ ਪਾਸਪੋਰਟ ਐਕਟ ਦੇ ਤਹਿਤ ਕਾਰਵਾਈ ਕਰਨ ਦੀ ਮੰਗ ਕੀਤੀ ਹੈ।

## ਜਨਗਣਨਾ 'ਤੇ ਕੇਂਦਰ ਦਾ ਯੂ-ਟਰਨ ਔਰਤਾਂ ਦੇ ਰਾਖਵੇਂਕਰਨ ਪ੍ਰਤੀ ਉਨ੍ਹਾਂ ਦੀ ਮਨਸ਼ਾ 'ਤੇ ਸ਼ੰਕੇ ਖੜ੍ਹੇ ਕਰ ਰਿਹੈ: ਗੁਰਮੀਤ ਸਿੰਘ ਮੀਤ ਹੇਅਰ

**ਕੌਮੀ ਪਤ੍ਰਿਕਾ**
**ਤੇਜਿੰਦਰ ਕੌਰ ਬੱਬਰ**

ਚੰਡੀਗੜ੍ਹ/ਨਵੀਂ ਦਿੱਲੀ, 17 ਅਪ੍ਰੈਲ: ਆਮ ਆਦਮੀ ਪਾਰਟੀ (ਆਪ) ਦੇ ਸੰਗਰੂਰ ਤੋਂ ਸੰਸਦ ਮੈਂਬਰ ਗੁਰਮੀਤ ਸਿੰਘ ਮੀਤ ਹੇਅਰ ਨੇ ਸੰਸਦ ਦੇ ਵਿਸ਼ੇਸ਼ ਸੈਸ਼ਨ ਦੌਰਾਨ ਮਹਿਲਾ ਰਾਖਵਾਂਕਰਨ ਅਤੇ ਹੱਦਬੰਦੀ ਬਿੱਲ 'ਤੇ ਬੋਲਦਿਆਂ ਕੇਂਦਰ ਸਰਕਾਰ ਮਹਿਲਾ ਰਾਖਵਾਂਕਰਨ ਬਿੱਲ ਨੂੰ ਸਾਡੀ ਪੂਰਨ ਹਮਾਇਤ ਹੈ, ਪਰ ਉਨ੍ਹਾਂ ਨੂੰ ਕੇਂਦਰ ਵੱਲੋਂ ਇਹ ਬਿੱਲ ਲਿਆਉਣ ਦੀ ਮਨਸ਼ਾ ਅਤੇ ਸਮੇਂ 'ਤੇ ਸ਼ੱਕ ਜਤਾਉਂਦਿਆਂ ਇਸਨੂੰ ਸਿਆਸੀ ਲਾਭ ਲੈਣ ਦੇ ਉਦੇਸ਼ ਨਾਲ ਚੁੱਕਿਆ ਕਦਮ ਦੱਸਿਆ। ਇਸ ਦੇ ਨਾਲ ਹੀ ਉਨ੍ਹਾਂ ਨੇ ਹੱਦਬੰਦੀ ਬਿੱਲ ਦਾ ਸਖ਼ਤ ਵਿਰੋਧ ਕਰਦਿਆਂ ਚੇਤਾਵਨੀ ਦਿੱਤੀ ਕਿ ਇਹ ਪੰਜਾਬ ਵਰਗੇ ਰਾਜਾਂ ਦੇ ਸੰਘੀ ਢਾਂਚੇ ਨੂੰ ਢਾਹ ਲਾ ਕੇ ਉਨ੍ਹਾਂ ਦੀ ਨੁਮਾਇੰਦਗੀ ਨੂੰ ਹੋਰ ਕਮਜ਼ੋਰ ਕਰ ਸਕਦਾ ਹੈ। ਸੰਸਦ ਵਿੱਚ ਦੇਰ ਰਾਤ ਹੋਈ ਬਹਿਸ ਨੂੰ ਸੰਬੋਧਨ ਕਰਦਿਆਂ ਆਪ ਦੇ ਸੰਸਦ ਮੈਂਬਰ ਗੁਰਮੀਤ ਸਿੰਘ ਮੀਤ ਹੇਅਰ ਨੇ ਕਿਹਾ ਕਿ ਅਸੀਂ ਮਹਿਲਾ ਰਾਖਵਾਂਕਰਨ ਬਿੱਲ ਦਾ ਪੂਰਾ ਸਮਰਥਨ ਕਰਦੇ ਹਾਂ, ਪਰ ਇਸ ਪਿੱਛੇ ਕੇਂਦਰ ਸਰਕਾਰ ਦੀ ਮਨਸ਼ਾ ਗੰਭੀਰ ਸ਼ੰਕੇ ਖੜ੍ਹੇ ਕਰਦੀ ਹੈ। ਉਨ੍ਹਾਂ ਕਿਹਾ ਕਿ ਜਿਸ ਢੰਗ ਅਤੇ ਸਮੇਂ ਇਹ ਬਿੱਲ ਲਿਆਂਦਾ ਗਿਆ ਹੈ, ਉਸ ਤੋਂ ਪਤਾ ਲੱਗਦਾ ਹੈ ਕਿ ਇਸਨੂੰ ਮਹਿਲਾ ਸਸ਼ਕਤੀਕਰਨ ਵੱਲ ਇੱਕ ਠੋਸ ਕਦਮ ਦੀ ਬਜਾਏ ਸਿਆਸੀ ਲਾਭ ਦੀ ਕੋਸ਼ਿਸ਼ ਵਜੋਂ ਵਰਤਿਆ ਜਾ ਰਿਹਾ ਹੈ। 'ਆਪ' ਸੰਸਦ ਮੈਂਬਰ ਨੇ ਅੱਗੇ ਕਿਹਾ ਕਿ ਜੇਕਰ ਕੇਂਦਰ ਸਰਕਾਰ ਦਾ ਇਰਾਦਾ ਸਾਫ਼ ਅਤੇ ਸਹੀ ਹੁੰਦਾ ਤਾਂ ਉਹ ਇਸ ਬਿੱਲ ਨੂੰ 2023 ਵਿੱਚ ਹੀ ਇਹ ਬਿੱਲ ਪਾਸ ਕਰ ਸਕਦੀ ਸੀ। ਉਸ ਸਮੇਂ ਕੇਂਦਰ ਵੱਲੋਂ ਇਹ ਦਲੀਲ ਦਿੱਤੀ ਗਈ ਸੀ ਕਿ ਇਹ ਬਿੱਲ ਜਨਗਣਨਾ ਤੋਂ ਬਾਅਦ ਲਿਆਂਦਾ ਜਾਵੇਗਾ, ਪਰ ਹੁਣ ਵੀ ਇਹ ਬਿੱਲ ਉਸ ਸਮੇਂ ਲਿਆਂਦਾ ਗਿਆ ਹੈ, ਜਦੋਂ ਜਨਗਣਨਾ ਦਾ ਅਮਲ ਹਾਲੇ ਸ਼ੁਰੂ ਵੀ ਨਹੀਂ ਹੋਇਆ, ਜੋ ਕੇਂਦਰ ਦੀ ਸ਼ੱਕੀ ਪਹੁੰਚ ਵੱਲ ਇਸ਼ਾਰਾ ਕਰਦਾ ਹੈ। ਹੱਦਬੰਦੀ ਬਿੱਲ ਦਾ ਸਖ਼ਤ ਵਿਰੋਧ ਕਰਦਿਆਂ ਗੁਰਮੀਤ ਸਿੰਘ ਮੀਤ ਹੇਅਰ ਨੇ ਕਿਹਾ ਕਿ ਇਹ ਹੱਦਬੰਦੀ ਬਿੱਲ ਸੂਬਿਆਂ ਦੇ ਸਿਆਸੀ ਸੰਤੁਲਨ 'ਤੇ ਵਧੇਰੇ ਮਾੜਾ ਪ੍ਰਭਾਵ ਪਾ ਸਕਦਾ ਹੈ, ਜਿਸ ਨਾਲ ਪੰਜਾਬ ਵਰਗੇ ਛੋਟੇ ਰਾਜਾਂ ਦੀ ਨੁਮਾਇੰਦਗੀ ਹੋਰ ਘਟ ਜਾਵੇਗਾ, ਜਦੋਂ ਕਿ ਵੱਧ ਆਬਾਦੀ ਵਾਲੇ ਸੂਬਿਆਂ ਨੂੰ ਇਸਦਾ ਕਾਫ਼ੀ ਲਾਭ ਹੋਵੇਗਾ, ਜੋ ਛੋਟੇ ਅਤੇ ਵੱਡੇ ਸੂਬਿਆਂ ਦਰਮਿਆਨ ਅਸਮਾਨਤਾਵਾਂ ਨੂੰ ਹੋਰ ਡੂੰਘਾ ਕਰੇਗਾ। ਉਨ੍ਹਾਂ ਨੇ ਪੰਜਾਬ ਨਾਲ ਸਬੰਧਤ ਲੰਬੇ ਸਮੇਂ ਤੋਂ ਚੱਲ ਰਹੇ ਮੁੱਦਿਆਂ ਨੂੰ ਹੋਰ ਉਜਾਗਰ ਕਰਦਿਆਂ ਕਿਹਾ ਕਿ ਆਜ਼ਾਦੀ ਤੋਂ ਪਹਿਲਾਂ ਅਤੇ ਬਾਅਦ ਵਿੱਚ ਪੰਜਾਬ ਨਾਲ ਕੀਤੇ ਵਾਅਦੇ ਹਾਲੇ ਤੱਕ ਅਧੂਰੇ ਹਨ। ਪੰਜਾਬ ਨੂੰ ਵਿਸ਼ੇਸ਼ ਦਰਜਾ ਦੇਣ ਦੀ ਬਜਾਏ, ਸੂਬੇ ਦੇ ਫੰਡ ਰੋਕੇ ਜਾ ਰਹੇ ਹਨ ਅਤੇ ਬੀਬੀਐਮਬੀ 'ਤੇ ਵੀ ਸੂਬੇ ਦੇ ਅਧਿਕਾਰਾਂ ਨੂੰ ਲਗਾਤਾਰ ਖੋਖਲਾ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਘੱਟ ਨੁਮਾਇੰਦਗੀ ਕਰਕੇ ਪੰਜਾਬ ਤਾਂ ਪਹਿਲਾਂ ਹੀ ਮਤਰੇਈ ਮਾਂ ਵਾਲਾ ਸਲੂਕ ਹੁੰਦਾ ਰਿਹਾ ਹੈ ਅਤੇ ਇਹ ਹੱਦਬੰਦੀ ਇਸ ਸਥਿਤੀ ਨੂੰ ਹੋਰ ਵੀ ਵਿਗਾੜ ਦੇਵੇਗੀ। ਹੋਰਨਾਂ ਮੁਲਕਾਂ ਨਾਲ ਤੁਲਨਾ ਕਰਦਿਆਂ ਉਨ੍ਹਾਂ ਕਿਹਾ ਕਿ ਸੰਯੁਕਤ ਰਾਜ ਅਮਰੀਕਾ ਅਤੇ ਯੂਰੋਪੀਅਨ ਦੇਸ਼ਾਂ ਵਿੱਚ ਸਾਰੇ ਰਾਜਾਂ ਨੂੰ ਬਰਾਬਰ ਅਧਿਕਾਰ ਮਿਲ ਰਹੇ ਹਨ, ਇਸ ਨੂੰ ਧਿਆਨ ਵਿੱਚ ਰੱਖਦਿਆਂ ਭਾਰਤ ਨੂੰ ਇੱਕ ਅਜਿਹੇ ਢਾਂਚੇ ਵੱਲ ਵੀ ਵਧਣਾ ਚਾਹੀਦਾ ਹੈ ਜਿੱਥੇ ਆਬਾਦੀ ਨੂੰ ਵਿਚਾਰੇ ਬਿਨਾਂ ਹਰ ਰਾਜ ਨਾਲ ਨਿਰਪੱਖਤਾ ਅਤੇ ਬਰਾਬਰੀ ਨਾਲ ਪੇਸ਼ ਆਇਆ ਜਾਵੇ। ਪੰਜਾਬੀ ਪ੍ਰਵਾਸੀਆਂ ਨਾਲ ਸਬੰਧਤ ਮੁੱਦੇ ਉਠਾਉਂਦਿਆਂ ਗੁਰਮੀਤ ਸਿੰਘ ਮੀਤ ਹੇਅਰ ਨੇ ਇਸ ਸਬੰਧੀ ਨੀਤੀ ਸੁਧਾਰਾਂ ਦੀ ਵਕਾਲਤ ਕਰਦਿਆਂ ਕਿਹਾ ਕਿ ਪ੍ਰਵਾਸੀ ਪੰਜਾਬੀਆਂ ਨੇ ਦੇਸ਼ ਅਤੇ ਪੰਜਾਬ ਲਈ ਵੱਡਾ ਯੋਗਦਾਨ ਪਾਇਆ ਹੈ ਅਤੇ ਹੁਣ ਸਮਾਂ ਆ ਗਿਆ ਹੈ ਕਿ ਸਰਕਾਰ ਉਨ੍ਹਾਂ ਦੀ ਭੂਮਿਕਾ ਨੂੰ ਪਛਾਣਦਿਆਂ ਭਾਰਤ ਨਾਲ ਉਨ੍ਹਾਂ ਦੇ ਸਬੰਧਾਂ ਨੂੰ ਮਜ਼ਬੂਤ ਕਰਨ ਲਈ ਪ੍ਰਵਾਸੀ ਪੰਜਾਬੀਆਂ ਨੂੰ ਦੋਹਰੀ ਨਾਗਰਿਕਤਾ ਦੇਣ 'ਤੇ ਗੰਭੀਰਤਾ ਨਾਲ ਵਿਚਾਰ ਕਰੇ।



# ਕਪੂਰਥਲਾ ’ਚ ਬਿਹਾਰ ਪੁਲਸ ਦਾ ਵੱਡਾ ਧਮਾਕਾ: ਧੋਖਾਦੇਹੀ ਦੇ ਮਾਮਲੇ ’ਚ ਨਾਮੀ ਉਦਯੋਗਪਤੀ ਤੇ ਪਤਨੀ ਗ੍ਰਿਫ਼ਤਾਰ

**ਕੌਮੀ ਪਤ੍ਰਿਕਾ**

ਕਪੂਰਥਲਾ 17 ਅਪ੍ਰੈਲ। ਸੋਮਵਾਰ ਸਵੇਰੇ ਬਿਹਾਰ ਦੇ ਪਟਨਾ ਤੋਂ ਇਕ ਪੁਲਸ ਟੀਮ ਨੇ ਸ਼ਹਿਰ ਦੇ ਜਲੰਧਰ ਰੋਡ ’ਤੇ ਇੱਕ ਪ੍ਰਮੁੱਖ ਉਦਯੋਗਪਤੀ ਦੇ ਘਰ ਛਾਪਾ ਮਾਰਿਆ ਅਤੇ ਉਦਯੋਗਪਤੀ ਅਤੇ ਉਸਦੀ ਪਤਨੀ ਨੂੰ ਗ੍ਰਿਫਤਾਰ ਕੀਤਾ। ਹਿਰਾਸਤ ਵਿਚ ਲਏ ਗਏ ਜੋੜੇ ਵਿਰੁੱਧ ਪਟਨਾ ਵਿਚ ਵੱਖ-ਵੱਖ ਮਾਮਲਿਆਂ ਵਿਚ ਚਾਰ ਐੱਫ. ਆਈ. ਆਰ. ਦਰਜ ਹਨ। ਆਖਰੀ ਖਬਰ ਮਿਲਣ ਤੱਕ ਪਟਨਾ ਪੁਲਸ ਹਿਰਾਸਤ ਵਿਚ ਲਏ ਗਏ ਜੋੜੇ ਨੂੰ ਟ?ਰਾਂਜ਼ਿਟ ਰਿਮਾਂਡ ’ਤੇ ਬਿਹਾਰ ਲਿਜਾਣ ਦੀ ਤਿਆਰੀ ਕਰ ਰਹੀ ਸੀ। ਜਾਣਕਾਰੀ ਅਨੁਸਾਰ ਸੋਮਵਾਰ ਸਵੇਰੇ ਸ਼ਹਿਰ ਦੇ ਮਨਸੂਰਵਾਲ ਖੇਤਰ ਵਿਚ ਉਦਯੋਗਪਤੀ ਅਨਿਲ ਗੁਪਤਾ ਦੇ ਘਰ ਬਿਹਾਰ ਪੁਲਸ ਦੀ ਸੱਤ ਮੈਂਬਰੀ ਟੀਮ ਨੇ ਛਾਪਾ ਮਾਰਿਆ। ਛਾਪੇਮਾਰੀ ਦੌਰਾਨ ਟੀਮ ਨੇ ਪਟਨਾ ਪੁਲਸ ਵੱਲੋਂ ਨਾਮਜ਼ਦ ਕੀਤੇ ਗਏ ਅਨਿਲ ਗੁਪਤਾ ਪੁੱਤਰ ਸੁਦੇਸ਼ ਗੁਪਤਾ ਤੇ ਉਸਦੀ ਪਤਨੀ ਸਾਰਿਕਾ ਗੁਪਤਾ ਨੂੰ ਹਿਰਾਸਤ ਵਿੱਚ ਲੈ ਲਿਆ। ਬਾਅਦ ਵਿਚ ਬਿਹਾਰ ਪੁਲਸ ਟੀਮ ਜੋੜੇ ਨੂੰ ਥਾਣਾ ਸਿਟੀ ਕਪੂਰਥਲਾ ਲੈ ਗਈ। ਗ੍ਰਿਫ਼ਤਾਰ ਕੀਤੇ ਗਏ ਜੋੜੇ ਨੂੰ ਬਾਅਦ ਵਿਚ ਡਾਕਟਰੀ ਜਾਂਚ ਤੋਂ ਬਾਅਦ ਟਰਾਂਜ਼ਿਟ ਰਿਮਾਂਡ ਲਈ ਅਦਾਲਤ ਵਿਚ ਪੇਸ਼ ਕੀਤਾ ਗਿਆ, ਜਿਨ੍ਹਾਂ ਨੂੰ ਬਾਅਦ ’ਚ ਬਿਹਾਰ ਲਿਜਾਇਆ ਜਾਵੇਗਾ। ਦੱਸਿਆ ਜਾਂਦਾ ਹੈ ਕਿ ਪਟਨਾ ਵਾਸੀ ਮਨੀਸ਼ ਕੁਮਾਰ ਝਾਅ ਪੁੱਤਰ ਚੇਤ ਨਾਰਾਇਣ ਝਾਅ ਨੇ ਪਟਨਾ ਪੁਲਸ ਨੂੰ ਦਿੱਤੀ ਆਪਣੀ ਸ਼ਿਕਾਇਤ ’ਚ ਅਨਿਲ ਗੁਪਤਾ, ਉਸਦੀ ਪਤਨੀ ਸਾਰਿਕਾ ਗੁਪਤਾ ਤੇ ਹੋਰ ਪਰਿਵਾਰਕ ਮੈਂਬਰਾਂ ਸਮੇਤ 7 ਮੁਲਜ਼ਮਾਂ ਵਿਰੁੱਧ ਆਈ. ਪੀ . ਸੀ. ਦੀਆਂ ਵੱਖ-ਵੱਖ ਧਾਰਾਵਾਂ ਤਹਿਤ ਸ਼ਿਕਾਇਤ ਦਰਜ ਕਰਵਾਈ ਹੈ। ਸ਼ਿਕਾਇਤਕਰਤਾ ਨੇ ਦੱਸਿਆ ਕਿ ਮੁਲਜ਼ਮ ਨੇ ਉਸਦੀ ਕੰਪਨੀ ਦੇ ਲੈਟਰਹੈੱਡ ਦੀ ਗੈਰ-ਕਾਨੂੰਨੀ ਵਰਤੋਂ ਕੀਤੀ, ਜਾਅਲੀ ਦਸਤਖਤ ਕੀਤੇ ਅਤੇ ਜਾਅਲੀ ਮੋਹਰ ਦੀ ਵਰਤੋਂ ਕੀਤੀ, ਜਦਕਿ ਇਨ੍ਹਾਂ ਦਸਤਾਵੇਜ਼ਾਂ ਦੇ ਨਾਲ ਸਾਡੀ ਕੰਪਨੀ ਦਾ ਕੋਈ ਲੈਣਾ ਦੇਣਾ ਨਹੀਂ ਹੈ। ਪਟਨਾ ਪੁਲਸ ਨੇ ਸਾਰੇ ਸੱਤ ਮੁਲਜ਼ਮਾਂ ਵਿਰੁੱਧ ਧੋਖਾਧੜੀ ਅਤੇ ਜਾਅਲੀ ਦਸਤਖਤਾਂ ਦੇ ਇਲਜ਼ਾਮ ਵਿਚ ਚਾਰ ਐੱਫ. ਆਈ. ਆਰ. ਦਰਜ ਕੀਤੀਆਂ ਹਨ। ਦੱਸਿਆ ਜਾ ਰਿਹਾ ਹੈ ਕਿ ਪੁਲਸ ਛਾਪੇਮਾਰੀ ਦੌਰਾਨ ਘਰ ਵਿਚ ਮੌਜੂਦ ਕੁਝ ਹੋਰ ਲੋਕ ਭੱਜ ਗਏ, ਜਦਕਿ ਬਿਹਾਰ ਪੁਲਸ ਪੂਰੇ ਮਾਮਲੇ ਦੀ ਡੂੰਘਾਈ ਨਾਲ ਜਾਂਚ ਕਰ ਰਹੀ ਹੈ। ਆਉਣ ਵਾਲੇ ਦਿਨਾਂ ’ਚ ਕਈ ਹੋਰ ਮਹੱਤਵਪੂਰਨ ਗ੍ਰਿਫ਼ਤਾਰੀਆਂ ਹੋਣ ਦੀ ਸੰਭਾਵਨਾ ਹੈ। ਜਿਸ ਨੂੰ ਲੈ ਕੇ ਬਿਹਾਰ ਪੁਲਿਸ ਵੱਲੋਂ ਆਉਣ ਵਾਲੇ ਦਿਨਾਂ ਵਿਚ ਸ਼ਹਿਰ ਵਿਚ ਛਾਪੇਮਾਰੀ ਜਾਰੀ ਰੱਖਣ ਦੀ ਉਮੀਦ ਹੈ। ਮੁਲਜ਼ਮਾਂ ਨੇ ਬਿਹਾਰ ਪੁਲਸ ਤੋਂ ਬਚਣ ਲਈ ਕਈ ਤਰ੍ਹਾਂ ਦੇ ਹੱਥਕੰਡੇ ਅਜ਼ਮਾਏ ਪਰ ਬਿਹਾਰ ਪੁਲਸ ਦੇ ਸਖ਼ਤ ਰੁਖ਼ ਕਾਰਨ ਉਨ੍ਹਾਂ ਦੀ ਇਕ ਨਾ ਚੱਲੀ।

## ਅੰਮ੍ਰਿਤਸਰ ਪੁਲਸ ਡਰੋਨ ਸਣੇ ਬਰਾਮਦ ਕੀਤੀ ਹੈਰੋਇਨ ਦੀ ਵੱਡੀ ਖੇਪ

ਅੰਮ੍ਰਿਤਸਰ 17 ਅਪ੍ਰੈਲ। ਅੰਮ੍ਰਿਤਸਰ ਦੇ ਲੋਪੋਕੇ ਇਲਾਕੇ ’ਚ ਪੁਲਸ ਨੇ ਨਸ਼ਾ ਤਸਕਰੀ ਖ਼?ਲਾਫ਼ ਇੱਕ ਵੱਡੀ ਕਾਰਵਾਈ ਕਰਦਿਆਂ 1 ਕਿਲੋ 80 ਗ੍ਰਾਮ ਹੈਰੋਇਨ ਅਤੇ ਇੱਕ ਡਰੋਨ ਬਰਾਮਦ ਕੀਤਾ ਹੈ। ਪੁਲਸ ਦੇ ਅਨੁਸਾਰ ਇਹ ਡਰੋਨ ਬਾਰਡਰ ਪਾਰੋਂ ਨਸ਼ੇ ਦੀ ਖੇਪ ਮੰਗਵਾਉਣ ਲਈ ਵਰਤਿਆ ਜਾ ਰਿਹਾ ਸੀ, ਜੋ ਤਸਕਰੀ ਦੇ ਨਵੇਂ ਤਰੀਕਿਆਂ ਵੱਲ ਇਸ਼ਾਰਾ ਕਰਦਾ ਹੈ। ਮਿਲੀ ਜਾਣਕਾਰੀ ਮੁਤਾਬਕ ਸ਼ੱਕੀ ਘਟਨਾ ਬਾਰੇ ਸੂਚਨਾ ਮਿਲਣ ਤੋਂ ਬਾਅਦ ਲੋਪੋਕੇ ਥਾਣਾ ਪੁਲਸ ਵੱਲੋਂ ਸਰਚ ਆਪਰੇਸ਼ਨ ਚਲਾਇਆ ਗਿਆ। ਇਸ ਦੌਰਾਨ ਉਨ੍ਹਾਂ ਨੇ 1.80 ਕਿਲੋ ਹੈਰੋਇਨ ਅਤੇ ਡਰੋਨ ਕਬਜ਼ੇ ’ਚ ਲੈ ਲਿਆ। ਇਹ ਕਾਰਵਾਈ ਸਰਹੱਦੀ ਇਲਾਕਿਆਂ ’ਚ ਨਸ਼ਾ ਤਸਕਰੀ ਦੇ ਖ਼?ਲਾਫ਼ ਚੱਲ ਰਹੇ ਮੁਹਿੰਮ ਦਾ ਹਿੱਸਾ ਮੰਨੀ ਜਾ ਰਹੀ ਹੈ। ਪੁਲਸ ਨੇ ਇਸ ਮਾਮਲੇ ’ਚ ਕੇਸ ਦਰਜ ਕਰ ਲਿਆ ਹੈ ਅਤੇ ਪੂਰੇ ਨੈੱਟਵਰਕ ਦੀ ਗਹਿਰਾਈ ਨਾਲ ਜਾਂਚ ਸ਼ੁਰੂ ਕਰ ਦਿੱਤੀ ਹੈ। ਅਧਿਕਾਰੀਆਂ ਦਾ ਕਹਿਣਾ ਹੈ ਕਿ ਡਰੋਨ ਰਾਹੀਂ ਨਸ਼ਾ ਤਸਕਰੀ ਦੇ ਕੇਸ ਲਗਾਤਾਰ ਵੱਧ ਰਹੇ ਹਨ, ਜਿਸ ਕਾਰਨ ਨਿਗਰਾਨੀ ਹੋਰ ਵੀ ਸਖ਼ਤ ਕੀਤੀ ਜਾ ਰਹੀ ਹੈ। ਇਸ ਦੇ ਨਾਲ ਹੀ ਪੁਲਸ ਵੱਲੋਂ ਲੋਕਾਂ ਨੂੰ ਅਪੀਲ ਕੀਤੀ ਗਈ ਹੈ ਕਿ ਜੇਕਰ ਕਿਸੇ ਵੀ ਤਰ੍ਹਾਂ ਦੀ ਸ਼ੱਕੀ ਗਤੀਵਿਧੀ ਨਜ਼ਰ ਆਵੇ ਤਾਂ ਤੁਰੰਤ ਸੂਚਿਤ ਕੀਤਾ ਜਾਵੇ, ਤਾਂ ਜੋ ਇਸ ਤਰ੍ਹਾਂ ਦੀਆਂ ਗੈਰਕਾਨੂੰਨੀ ਗਤੀਵਿਧੀਆਂ ’ਤੇ ਰੋਕ ਲਗਾਈ ਜਾ ਸਕੇ।

## ਖਡੂਰ ਸਾਹਿਬ ’ਚ ਬਜ਼ੁਰਗ ਜੋੜੇ ਕੋਲੋਂ ਹਥਿਆਰਾਂ ਦੀ ਨੋਕ ’ਤੇ ਲੁੱਟ

ਖਡੂਰ ਸਾਹਿਬ 17 ਅਪ੍ਰੈਲ। ਬੀਤੇ ਕੱਲ੍ਹ ਸ਼ਾਮ ਨੂੰ ਖਡੂਰ ਸਾਹਿਬ ਦੇ ਇਕ ਬਜ਼ੁਰਗ ਜੋੜੇ ਕੋਲੋਂ ਲੁਟੇਰਿਆਂ ਵਲੋਂ 5 ਹਜ਼ਾਰ ਦੀ ਨਕਦੀ ਅਤੇ ਪਰਸ ਖੋਹਣ ਦੀ ਜਾਣਕਾਰੀ ਮਿਲੀ ਹੈ, ਇਸ ਸਬੰਧੀ ਬੂਟਾ ਸਿੰਘ ਪੀੜਤ ਬਜ਼ੁਰਗ ਨੇ ਦੱਸਿਆ ਕਿ ਉਹ ਆਪਣੀ ਪਤਨੀ ਨਾਲ ਖਡੂਰ ਸਾਹਿਬ ਤੋਂ ਦਵਾਈ ਲੈ ਕੇ ਜਦੋਂ ਉਹ ਆਪਣੇ ਘਰ ਵੱਲ ਨੂੰ ਜਾ ਰਹੇ ਸਨ ਤਾਂ ਦੋ ਵਿਅਕਤੀਆਂ ਨੇ ਉਨ੍ਹਾਂ ਅੱਗੇ ਮੋਟਰ ਸਾਈਕਲ ਲਾ ਕੇ ਰੋਕ ਲਿਆ ਅਤੇ ਉਨ੍ਹਾਂ ਕੋਲੋਂ ਪੈਸੇ ਅਤੇ ਪਰਸ ਖੋਹਣ ਲੱਗ ਪਏ ਜਦੋਂ ਉਨ੍ਹਾਂ ਵਲੋਂ ਵਿਰੋਧ ਕੀਤਾ ਤਾਂ ਦਾਤਰ ਦਿਖਾ ਕੇ ਉਨ੍ਹਾਂ ਨੂੰ ਡਰਾ ਧਮਕਾ ਕੇ 5 ਹਜ਼ਾਰ ਦੀ ਨਕਦੀ ਅਤੇ ਪਰਸ ਖੋਹ ਕੇ ਪਿੰਡ ਖਡੂਰ ਸਾਹਿਬ ਵੱਲ ਨੂੰ ਫਰਾਰ ਹੋ ਗਏ । ਬੂਟਾ ਸਿੰਘ ਨੇ ਦੱਸਿਆ ਕਿ ਕੁਝ ਸਮਾਂ ਪਹਿਲਾਂ ਵੀ ਲੁਟੇਰੇ ਉਨ੍ਹਾਂ ਦੀ ਬਾਂਹ ਉਪਰ ਸੱਟ ਮਾਰ ਕੇ ਪੈਸੇ ਲੁੱਟ ਕੇ ਲਿਜਾ ਚੁੱਕੇ ਹਨ। ਇਸ ਮੌਕੇ ਸਥਾਨਕ ਲੋਕਾਂ ਨੇ ਦੱਸਿਆ ਇਥੇ ਰੋਜ਼ਾਨਾ ਅਜਿਹੀਆਂ ਘਟਨਾਵਾਂ ਵਾਪਰ ਰਹੀਆਂ ਹਨ।

# ਫਿਰੌਤੀ ਮੰਗਣ ਵਾਲੇ ਗਿਰੋਹ ਦਾ ਕੀਤਾ ਪਰਦਾਫਾਸ਼, ਵਿਦੇਸ਼ੀ ਹੈਂਡਲਰਾਂ ਦੇ ਇਸ਼ਾਰਿਆਂ ’ਤੇ ਕੰਮ ਕਰਨ ਵਾਲੇ ਦੋ ਕਾਬੂ

**ਕੌਮੀ ਪਤ੍ਰਿਕਾ**

ਬਟਾਲਾ 17 ਅਪ੍ਰੈਲ। ਵਿਦੇਸ਼ੀ ਹੈਂਡਲਰਾਂ ਦੇ ਕਹਿਣ ਤੇ ਫਿਰੌਤੀ ਮੰਗਣ ਵਾਲੇ ਗਿਰੋਹ ਦਾ ਪਰਦਾਫਾਸ਼ ਕਰਦਿਆਂ ਸੀ.ਆਈ.ਏ ਸਟਾਫ ਵਲੋਂ ਦੋ ਨੌਜਵਾਨਾਂ ਨੂੰ ਅਸਲੇ ਸਮੇਤ ਕਾਬੂ ਕੀਤੇ ਜਾਣ ਦਾ ਸਮਾਚਾਰ ਮਿਲਿਆ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਐੱਸ.ਐੱਸ.ਪੀ. ਬਟਾਲਾ ਡਾ. ਮਹਿਤਾਬ ਸਿੰਘ ਨੇ ਦੱਸਿਆ ਕਿ ਬੀਤੇ ਦਿਨੀਂ ਡੇਰਾ ਬਾਬਾ ਨਾਨਕ ਦੇ ਇਕ ਮੈਡੀਕਲ ਸਟੋਰ ਮਾਲਕ ਤੋਂ 5 ਲੱਖ ਦੀ ਫਿਰੌਤੀ ਮੰਗੀ ਗਈ ਸੀ, ਜਿਸ ’ਤੇ ਥਾਣਾ ਡੇਰਾ ਬਾਬਾ ਨਾਨਕ ’ਚ ਮਾਮਲਾ ਦਰਜ ਕਰ ਕੇ ਜਾਂਚ ਸ਼ੁਰੂ ਕਰ ਦਿੱਤੀ ਗਈ ਸੀ। ਉਨ੍ਹਾਂ ਦੱਸਿਆ ਕਿ ਐੱਸ.ਪੀ. ਡੀ. ਸੰਦੀਪ ਵਡੇਰਾ ,ਡੀ.ਐੱਸ.ਪੀ. ਡੇਰਾ ਬਾਬਾ ਨਾਨਕ ਜੋਗਾ ਸਿੰਘ ਤੇ ਹੋਰਨਾਂ ’ਤੇ ਅਧਾਰਤ ਪੁਲਸ ਦੀਆਂ ਟੀਮਾਂ ਬਣਾ ਕੇ ਮਾਮਲੇ ਦੀ ਗੰਭੀਰਤਾ ਨਾਲ ਜਾਂਚ ਕੀਤੀ ਗਈ। ਐੱਸ.ਐੱਸ.ਪੀ.ਨੇ ਦੱਸਿਆ ਕਿ ਫਿਰੌਤੀ ਮੰਗਣ ਦੀ ਉਕਤ ਘਟਨਾ ਦੀ ਜਾਂਚ ਦੌਰਾਨ ਦੋ ਮੁਲਜ਼ਮਾਂ ਨੋਇਸ ਵਾਸੀ ਪੱਖੋਕੇ ਟਾਹਲੀ ਸਾਹਿਬ ਅਤੇ ਰਾਜਵਿੰਦਰ ਸਿੰਘ ਰਾਜਾ ਵਾਸੀ ਪੰਡੋਰੀ ਵੜੈਚ (ਅੰਮ੍ਰਿਤਸਰ) ਨੂੰ ਕਾਬੂ ਕਰ ਕੇ ਉਨ੍ਹਾਂ ਕੋਲੋਂ ਇਕ ਪਿਸਤੌਲ ਅਤੇ ਦੋ ਜ਼ਿੰਦਾ ਰੌਂਦ ਬਰਾਮਦ ਕੀਤੇ ਗਏ ਹਨ। ਐੱਸ.ਐੱਸ.ਪੀ. ਨੇ ਅੱਗੇ ਦੱਸਿਆ ਕਿ ਮੁਲਜ਼ਮ ਮੈਡੀਕਲ ਸਟੋਰ ’ਤੇ ਗੋਲੀਆਂ ਚਲਾਉਣ ਦੀ ਯੋਜਨਾ ਬਣਾ ਰਹੇ ਸਨ ਕਿ ਉਨ੍ਹਾਂ ਨੂੰ ਪਹਿਲਾਂ ਹੀ ਕਾਬੂ ਕਰ ਲਿਆ ਗਿਆ। ਉਨ੍ਹਾਂ ਨੇ ਦੱਸਿਆ ਕਿ ਪੁੱਛਗਿੱਛ ਦੌਰਾਨ ਉਕਤ ਦੋਹਾਂ ਮੁਲਜ਼ਮਾਂ ਨੇ ਦੱਸਿਆ ਕਿ ਉਨ੍ਹਾਂ ਨੇ ਮੈਡੀਕਲ ਸਟੋਰ ਉੱਤੇ ਵਿਦੇਸ਼ ’ਚ ਬੈਠੇ ਸ਼ਰਾਰਤੀ



ਅਨਸਰਾਂ ਦੇ ਕਹਿਣ ’ਤੇ ਗੋਲੀਆਂ ਚਲਾਉਣੀਆਂ ਸਨ ਅਤੇ ਇਸ ਕਾਰਵਾਈ ਬਦਲੇ ਉਨ੍ਹਾਂ ਨੂੰ ਪੈਸੇ ਵੀ ਮਿਲਣੇ ਸਨ। ਇਸ ਮੌਕੇ ਐੱਸ.ਪੀ.(ਡੀ) ਸੰਦੀਪ ਵਡੇਰਾ, ਡੀ.ਐਸ.ਪੀ. ਜੋਗਾ ਸਿੰਘ, ਸੀ.ਆਈ.ਏ ਇੰਚਾਰਜ ਸੁਖਰਾਜ ਸਿੰਘ ਆਦਿ ਹਾਜ਼ਰ ਸਨ।

## ਭੀਲਵਾੜਾ ’ਚ ਵੱਡਾ ਹਾਦਸਾ: ਖੱਡ ’ਚ ਡਿੱਗੀ ਬੱਚਿਆਂ ਨਾਲ ਭਰੀ ਸਕੂਲ ਬੱਸ, ਪਿਆ ਚੀਕ-ਚਿਹਾੜਾ

ਭਿਲਵਾੜਾ 17 ਅਪ੍ਰੈਲ। ਰਾਜਸਥਾਨ ਦੇ ਭੀਲਵਾੜਾ ਜ਼ਿਲ੍ਹੇ ਦੇ ਪਾਰੋਲੀ ਥਾਣਾ ਖੇਤਰ ਅਧੀਨ ਆਉਂਦੇ ਬੇਲਾਵਾ ਪਿੰਡ ਨੇੜੇ ਮੰਗਲਵਾਰ ਸਵੇਰੇ ਇੱਕ ਨਿੱਜੀ ਸਕੂਲ ਬੱਸ ਦੇ ਕੰਟਰੋਲ ਤੋਂ ਬਾਹਰ ਹੋ ਕੇ ਖੱਡ ਵਿੱਚ ਡਿੱਗ ਜਾਣ ਦੀ ਸੂਚਨਾ ਮਿਲੀ ਹੈ। ਇਸ ਹਾਦਸੇ ਵਿਚ ਛੇ ਤੋਂ ਵੱਧ ਬੱਚੇ ਜ਼ਖਮੀ ਹੋ ਗਏ। ਇਸ ਘਟਨਾ ਨਾਲ ਮੌਕੇ ’ਤੇ ਚੀਕ-ਚਿਹਾੜਾ ਮਚ ਗਿਆ। ਇਸ ਹਾਦਸੇ ਕਾਰਨ ਵਿਆਪਕ ਪੱਧਰ ’ਤੇ ਹੰਗਾਮਾ ਹੋਇਆ, ਜਿਸ ਕਾਰਨ ਸਥਾਨਕ ਪਿੰਡ ਵਾਸੀਆਂ ਨੇ ਤੁਰੰਤ ਬਚਾਅ ਕਾਰਜ ਕਰਨੇ ਸ਼ੁਰੂ ਕਰ ਦਿੱਤੇ। ਰਿਪੋਰਟਾਂ ਅਨੁਸਾਰ, ਅੱਜ ਸਵੇਰੇ ਬੱਚਿਆਂ ਨੂੰ ਲੈ ਕੇ ਇੱਕ ਨਿੱਜੀ ਸਕੂਲ ਬੱਸ ਸਕੂਲ ਜਾ ਰਹੀ ਸੀ। ਬੱਚਿਆਂ ਨਾਲ ਭਰੀ ਸਕੂਲ ਬੱਸ ਜਦੋਂ ਬੇਲਾਵਾ ਪਿੰਡ ਦੇ ਨੇੜੇ ਪਹੁੰਚੀ ਤਾਂ ਬੱਸ ਡਰਾਈਵਰ ਨੇ ਗੱਡੀ ਤੋਂ ਕੰਟਰੋਲ ਗੁਆ ਦਿੱਤਾ ਅਤੇ ਬੱਸ ਸੜਕ ਕਿਨਾਰੇ ਖੱਡ ਵਿੱਚ ਜਾ ਡਿੱਗੀ। ਪਿੰਡ ਵਾਸੀਆਂ ਨੇ ਤੇਜ਼ੀ ਨਾਲ ਕਾਰਵਾਈ ਕਰਦਿਆਂ ਬੱਚਿਆਂ ਨੂੰ ਬੱਸ ਵਿੱਚੋਂ ਬਾਹਰ ਕੱਢਿਆ ਅਤੇ ਨਿੱਜੀ ਵਾਹਨਾਂ ਅਤੇ ਐਂਬੂਲੈਂਸਾਂ ਦੀ ਵਰਤੋਂ ਕਰਕੇ ਨਜ਼ਦੀਕੀ ਹਸਪਤਾਲ ਪਹੁੰਚਾਇਆ। ਮੁੱਢਲੀ ਸਹਾਇਤਾ ਮਿਲਣ ਤੋਂ ਬਾਅਦ ਜ਼ਖਮੀ ਬੱਚਿਆਂ ਦੀ ਸਿਹਤ ਫਿਲਹਾਲ ਖ਼ਤਰੇ ਤੋਂ ਬਾਹਰ ਦੱਸੀ ਜਾ ਰਹੀ ਹੈ। ਚਸ਼ਮਦੀਦਾਂ ਨੇ ਦੱਸਿਆ ਕਿ ਬੱਸ ਡਰਾਈਵਰ ਹਾਦਸੇ ਤੋਂ ਤੁਰੰਤ ਬਾਅਦ ਮੌਕੇ ਤੋਂ ਭੱਜ ਗਿਆ ਅਤੇ ਬੱਚਿਆਂ ਨੂੰ ਬੱਸ ਵਿਚਾਲੇ ਹੀ ਛੱਡ ਦਿੱਤਾ। ਪੁਲਸ ਹੁਣ ਡਰਾਈਵਰ ਦੀ ਭਾਲ ਕਰ ਰਹੀ ਹੈ। ਘਟਨਾ ਦੀ ਸੂਚਨਾ ਮਿਲਣ ਤੋਂ ਬਾਅਦ ਪੁਲਸ ਅਤੇ ਪ੍ਰਸ਼ਾਸਨਿਕ ਟੀਮ ਮੌਕੇ ’ਤੇ ਪਹੁੰਚ ਗਈ। ਟੀਮ ਵਲੋਂ ਘਟਨਾ ਸਥਾਨ ਦਾ ਮੁਆਇਨਾ ਕੀਤਾ ਗਿਆ ਅਤੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਗਈ।

## ਰੈਸਟੋਰੈਂਟਾਂ ’ਚ ਖਾਣਾ ਖਾਣ ਵਾਲੇ ਸਾਵਧਾਨ ! ਵਾਇਰਲ ਹੋਈ ਇਸ ਵੀਡੀਓ ਨੇ ਮਚਾ ’ਤਾ ਹੜਕੰਪ

ਜ਼ੀਰਕਪੁਰ 17 ਅਪ੍ਰੈਲ। ਸਥਾਨਕ ਵੀ. ਆਈ. ਪੀ. ਰੋਡ ’ਤੇ ਸਥਿਤ ਮਸ਼ਹੂਰ ਕੁਲਚਾ ਰੈਸਟੋਰੈਂਟ ਇੱਕ ਵਾਇਰਲ ਵੀਡੀਓ ਕਾਰਨ ਵਿਵਾਦਾਂ ’ਚ ਘਿਰ ਗਿਆ ਹੈ। ਸੋਸ਼ਲ ਮੀਡੀਆ ’ਤੇ ਸਾਹਮਣੇ ਆਈ ਵੀਡੀਓ ’ਚ ਗਾਹਕਾਂ ਵੱਲੋਂ ਦਾਅਵਾ ਕੀਤਾ ਜਾ ਰਿਹਾ ਹੈ ਕਿ ਉਨ੍ਹਾਂ ਨੂੰ ਪਰੋਸੇ ਗਏ ਖਾਣੇ ’ਚੋਂ ਕਾਕਰੋਚ ਨਿਕਲਿਆ, ਜਿਸ ਨਾਲ ਰੈਸਟੋਰੈਂਟ ਦੀ ਸਫ਼ਾਈ ਪ੍ਰਣਾਲੀ ’ਤੇ ਗੰਭੀਰ ਸਵਾਲ ਖੜ੍ਹੇ ਹੋ ਗਏ ਹਨ। ਵੀਡੀਓ ’ਚ ਗਾਹਕ ਰੈਸਟੋਰੈਂਟ ਅੰਦਰ ਬੈਠੇ ਖਾਣਾ ਖਾਂਦੇ ਹੋਏ ਦਿਖਾਈ ਦੇ ਰਹੇ ਹਨ ਅਤੇ ਇਸ ਦੌਰਾਨ ਉਹ ਆਪਣੀ ਪਲੇਟ ’ਚ ਗੰਦਗੀ ਹੋਣ ਦੀ ਗੱਲ ਕਰਦੇ ਹੋਏ ਸਟਾਫ਼ ਨਾਲ ਤਕਰਾਰ ਕਰਦੇ ਨਜ਼ਰ ਆ ਰਹੇ ਹਨ। ਵੀਡੀਓ ਵਾਇਰਲ ਹੋਣ ਤੋਂ ਬਾਅਦ ਸਥਾਨਕ ਲੋਕਾਂ ’ਚ ਰੋਸ ਵੇਖਣ ਨੂੰ ਮਿਲ ਰਿਹਾ ਹੈ। ਸਥਾਨਕ ਲੋਕਾਂ ਦਾ ਕਹਿਣਾ ਹੈ ਕਿ ਵੀ. ਆਈ. ਪੀ. ਰੋਡ ਵਰਗੇ ਭੀੜਭਾੜ ਵਾਲੇ ਖੇਤਰ ’ਚ ਇਸ ਤਰ੍ਹਾਂ ਦੀ ਲਾਪਰਵਾਹੀ ਲੋਕਾਂ ਦੀ ਸਿਹਤ ਨਾਲ ਖਿਲਵਾੜ ਹੈ। ਉਨ੍ਹਾਂ ਪ੍ਰਸ਼ਾਸਨ ਤੋਂ ਤੁਰੰਤ ਜਾਂਚ ਕਰਕੇ ਕਾਰਵਾਈ ਕਰਨ ਦੀ ਮੰਗ ਕੀਤੀ ਹੈ। ਮਾਮਲੇ ਸਬੰਧੀ ਕੁਲਚਾ ਰੈਸਟੋਰੈਂਟ ਦੇ ਮਾਲਕ ਨਾਲ ਸੰਪਰਕ ਕਰਨ ਦੀ ਕੋਸ਼ਿਸ਼ ਕੀਤੀ ਗਈ, ਪਰ ਉਨ੍ਹਾਂ ਵੱਲੋਂ ਕੋਈ ਜਵਾਬ ਨਹੀਂ ਮਿਲਿਆ ਅਤੇ ਨਾ ਹੀ ਫੋਨ ਉਠਾਇਆ ਗਿਆ। ਫੂਡ ਇੰਸਪੈਕਟਰ ਰਵੀ ਕੁਮਾਰ ਮੁਤਾਬਕ ਜੇਕਰ ਕਿਸੇ ਵੀ ਖਾਣ-ਪੀਣ ਦੀ ਦੁਕਾਨ ’ਚ ਗਲਤ ਚੀਜ਼ ਮਿਲਦੀ ਹੈ ਤਾਂ ਇਸ ਦੀ ਜ਼ਿੰਮੇਵਾਰੀ ਪ੍ਰਬੰਧਨ ਦੀ ਹੁੰਦੀ ਹੈ। ਸ਼ਿਕਾਇਤ ਮਿਲਣ ’ਤੇ ਨਿਯਮਾਂ ਅਨੁਸਾਰ ਜਾਂਚ ਕਰਕੇ ਲੋੜੀਂਦੀ ਕਾਰਵਾਈ ਕੀਤੀ ਜਾਵੇਗੀ। ਵੀਡੀਓ ਵਾਇਰਲ ਹੋਣ ਤੋਂ ਬਾਅਦ ਸ਼ਹਿਰ ਦੇ ਖਾਣ-ਪੀਣ ਸਥਾਨਾਂ ਦੀ ਸਫ਼ਾਈ ਅਤੇ ਨਿਗਰਾਨੀ ’ਤੇ ਇੱਕ ਵਾਰ ਫਿਰ ਚਰਚਾ ਤੇਜ਼ ਹੋ ਗਈ ਹੈ।

# ਗੋਲੀਬਾਰੀ ਦੀ ਆਵਾਜ਼ ਨਾਲ ਕੰਬਿਆ ਹਰਿਆਣਾ ਦਾ ਇਹ ਸ਼ਹਿਰ, ਮੋਬਾਈਲ ਦੁਕਾਨ ’ਤੇ ਫਾਇਰਿੰਗ ਕਰ ਦੌੜੇ ਬਦਮਾਸ਼

**ਕੌਮੀ ਪਤ੍ਰਿਕਾ**

ਨੈਸ਼ਨਲ ਡੈਸਕ 17 ਅਪ੍ਰੈਲ। ਚੀਕਾ ਸ਼ਹਿਰ ਵਿੱਚ ਸ਼ਨੀਵਾਰ ਦੇਰ ਸ਼ਾਮ ਉਸ ਸਮੇਂ ਦਹਿਸ਼ਤ ਫੈਲ ਗਈ, ਜਦੋਂ ਨਕਾਬਪੋਸ਼ ਬਦਮਾਸ਼ਾਂ ਨੇ ਇੱਕ ਮੋਬਾਈਲ ਫੋਨ ਦੀ ਦੁਕਾਨ ’ਤੇ ਗੋਲੀਆਂ ਚਲਾ ਦਿੱਤੀਆਂ। ਵਾਰਦਾਤ ਦੌਰਾਨ ਬਦਮਾਸ਼ਾਂ ਨੇ ਦੁਕਾਨ ਦੇ ਬਾਹਰ ਪਹੁੰਚ ਕੇ ਦੋ ਰਾਊਂਡ ਫਾਇਰ ਕੀਤੇ ਅਤੇ ਮੌਕੇ ਤੋਂ ਫ਼ਰਾਰ ਹੋ ਗਏ। ਸੂਚਨਾ ਮਿਲਣ ’ਤੇ ਚੀਕਾ ਪੁਲਸ ਸਟੇਸ਼ਨ ਦੀ ਪੁਲਸ ਤੁਰੰਤ ਘਟਨਾ ਸਥਾਨ ’ਤੇ ਪਹੁੰਚ ਗਈ, ਜਿਸ ਨੇ ਆਲੇ ਦੁਆਲੇ ਦੇ ਇਲਾਕਿਆਂ ਦੀ ਜਾਂਚ ਕਰਨੀ ਸ਼ੁਰੂ ਕਰ ਦਿੱਤੀ। ਘਟਨਾ ਸਥਾਨ ’ਤੇ ਪੁਲਸ ਨੇ ਦੁਕਾਨ ਅਤੇ ਆਲੇ ਦੁਆਲੇ ਦੇ ਖੇਤਰ ਦਾ ਮੁਆਇਨਾ ਕੀਤਾ ਅਤੇ ਘਟਨਾ ਸਥਾਨ ਤੋਂ ਸਬੂਤ ਇਕੱਠੇ ਕਰਨ ਲਈ ਕਾਰਵਾਈ ਕਰਨੀ ਸ਼ੁਰੂ ਕਰ ਦਿੱਤੀ। ਗੋਲੀਬਾਰੀ ਤੋਂ ਬਾਅਦ ਸੀਆਈਏ ਟੀਮਾਂ ਨੂੰ ਮੌਕੇ ’ਤੇ ਬੁਲਾਇਆ ਗਿਆ ਅਤੇ ਸ਼ੱਕੀਆਂ ਦੀ ਭਾਲ ਸ਼ੁਰੂ ਕਰ ਦਿੱਤੀ ਗਈ। ਪੁਲਸ ਅਪਰਾਧੀਆਂ ਦੀ ਪਛਾਣ ਕਰਨ ਲਈ ਨੇੜਲੇ ਸੀਸੀਟੀਵੀ ਕੈਮਰਿਆਂ ਦੀ ਫੁਟੇਜ ਦੀ ਵੀ ਜਾਂਚ ਕਰ ਰਹੀ ਹੈ। ਮੁੱਢਲੀ ਜਾਂਚ ਤੋਂ ਪਤਾ ਚੱਲਦਾ ਹੈ ਕਿ ਬਦਮਾਸ਼ ਅਪਰਾਧ ਕਰਨ ਜਾਂ ਦੂਜਿਆਂ ਨੂੰ ਡਰਾਉਣ ਦੇ ਇਰਾਦੇ ਨਾਲ ਆਏ ਸਨ। ਡੀਐਸਪੀ ਕੁਲਦੀਪ ਬੇਨੀਵਾਲ ਨੇ ਕਿਹਾ ਕਿ ਘਟਨਾ ਦੀ ਜਾਣਕਾਰੀ ਮਿਲਦੇ ਹੀ ਪੁਲਸ ਟੀਮਾਂ ਨੂੰ ਸਰਗਰਮ ਕਰ ਦਿੱਤਾ ਗਿਆ। ਜ਼ਿਲ੍ਹੇ ਭਰ ਵਿੱਚ ਨਾਕਾਬੰਦੀ ਕੀਤੀ ਗਈ ਹੈ ਅਤੇ ਸ਼ੱਕੀ ਵਾਹਨਾਂ ਦੀ ਜਾਂਚ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਮੁਲਜ਼ਮਾਂ ਦੀ ਪਛਾਣ ਕਰਕੇ ਜਲਦੀ ਹੀ ਗ੍ਰਿਫ਼ਤਾਰ ਕਰ ਲਿਆ ਜਾਵੇਗਾ। ਪੁਲਸ ਪੂਰੇ ਮਾਮਲੇ ਦੀ ਗੰਭੀਰਤਾ ਨਾਲ ਜਾਂਚ ਕਰ ਰਹੀ ਹੈ ਅਤੇ ਆਸ ਪਾਸ ਦੇ ਲੋਕਾਂ ਤੋਂ ਵੀ ਪੁੱਛਗਿੱਛ ਕੀਤੀ ਜਾ ਰਹੀ ਹੈ।




## ਪੰਜਾਬ: ਨਸ਼ਿਆਂ ਕਾਰਨ 4 ਪੁੱਤ ਗਵਾਉਣ ਵਾਲੀ ਮਾਂ ਦੇ ਪੰਜਵੇਂ ਪੁੱਤ ਦੀ ਵੀ ਮੌਤ

ਸੁਲਤਾਨਪੁਰ ਲੋਧੀ 17 ਅਪ੍ਰੈਲ। ਸੁਲਤਾਨਪੁਰ ਲੋਧੀ ਦੇ ਪੰਡੋਰੀ ਮੁਹੱਲੇ ਵਿਚ ਨਸ਼ੇ ਨੇ ਇੱਕੋ ਪਰਿਵਾਰ ਦੇ 5 ਪੁੱਤਰਾਂ ਦੀ ਜਾਨ ਲੈ ਲਈ। ਪਰਿਵਾਰ ਦੇ 4 ਮੁੰਡਿਆਂ ਦੀ ਪਹਿਲਾਂ ਹੀ ਨਸ਼ੇ ਕਾਰਨ ਮੌਤ ਹੋ ਗਈ ਸੀ ਤੇ ਅੱਜ 5ਵੇਂ ਪੁੱਤਰ ਨੇ ਵੀ ਇਲਾਜ ਦੌਰਾਨ ਦਮ ਤੋੜ ਦਿੱਤਾ ਹੈ। ਉਹ ਅੰਮ੍ਰਿਤਸਰ ਦੇ ਗੁਰੂ ਨਾਨਕ ਦੇਵ ਹਸਪਤਾਲ ਵਿਚ ਜ਼ੇਰੇ ਇਲਾਜ ਸੀ। ਇਸਤੋਂ ਪਹਿਲਾਂ ਪੰਜਾਂ ਪੁੱਤਰਾਂ ਦੀ ਮਾਂ ਮਨਜੀਤ ਕੌਰ ਦੀ ਇਕ ਵੀਡੀਓ ਸੋਸ਼ਲ ਮੀਡੀਆ ’ਤੇ ਸੁਰਖੀਆਂ ਬਣ ਗਈ ਸੀ ਜਿਸ ਵਿਚ ਉਸ ਨੇ ਆਪਣੇ 4 ਪੁੱਤਾਂ ਦੀ ਨਸ਼ੇ



ਨਾਲ ਮੌਤ ਹੋਣ ਦੀ ਗੱਲ ਕਰਦਿਆਂ ਪੰਜਵੇਂ ਪੁੱਤ ਨੂੰ ਬਚਾਉਣ ਦੀ ਅਪੀਲ ਕੀਤੀ ਸੀ। ਇਸ ਦੇ ਨਾਲ ਹੀ ਉਸ ਨੇ ਇਲਾਕੇ ਵਿਚ ਨਸ਼ਾ ਵਿਕਣ ਦੀ ਗੱਲ ਕਰਦਿਆਂ ਨਸ਼ਾ ਤਸਕਰਾਂ ਤੇ ਕਾਰਵਾਈ ਦੀ ਮੰਗ ਵੀ ਕੀਤੀ ਸੀ। ਵੀਡੀਓ ਵਾਇਰਲ ਹੋਣ ਪਿੱਛੋਂ ਹਰਕਤ ਵਿਚ ਆਏ ਪ੍ਰਸ਼ਾਸਨ ਵੱਲੋਂ ਮਨਜੀਤ ਕੌਰ ਦੇ ਪੰਜਵੇਂ ਪੁੱਤ ਨੂੰ ਹਸਪਤਾਲ ਦਾਖ਼ਲ ਕਰਵਾ ਦਿੱਤਾ ਗਿਆ ਸੀ ਤੇ ਅੱਜ ਮਨਜੀਤ ਕੌਰ ਦੀ ਰਿਹਾਇਸ਼ ਵਾਲੇ ਇਲਾਕੇ ਵਿਚ ਕਾਸੋ ਆਪ੍ਰੇਸ਼ਨ ਵੀ ਚਲਾਇਆ ਗਿਆ ਸੀ। ਅੱਜ ਦੇਰ ਸ਼ਾਮ ਮਨਜੀਤ ਕੌਰ ਦਾ ਪੰਜਵਾਂ ਪੁੱਤ ਵੀ ਹਸਪਤਾਲ ਵਿਚ ਦਮ ਤੋੜ ਗਿਆ ਹੈ।

# ਨੈਸ਼ਨਲ ਹਾਈਵੇ ’ਤੇ ਤੇਜ਼ ਰਫਤਾਰ ਕਾਰ ਨੇ ਮੁਸਾਫਿਰਾਂ ਨੂੰ ਕੁਚਲਿਆ, ਇਕ ਦੀ ਮੌਤ

**ਕੌਮੀ ਪਤ੍ਰਿਕਾ**

ਬਟਾਲਾ 17 ਅਪ੍ਰੈਲ। ਨੈਸ਼ਨਲ ਹਾਈਵੇ ’ਤੇ ਅੱਜ ਇਕ ਤੇਜ਼ ਰਫਤਾਰ ਕਾਰ ਵਲੋਂ ਮੁਸਾਫਿਰਾਂ ਨੂੰ ਕੁਚਲ ਕੇ ਫਰਾਰ ਹੋਣ ਦਾ ਸਮਾਚਾਰ ਮਿਲਿਆ ਹੈ, ਜਿਸ ਦੇ ਸਿੱਟੇ ਵਜੋਂ ਇਕ ਦੀ ਮੌਤ ਹੋ ਗਈ। ਜਦਕਿ ਐੱਸ.ਐੱਸ.ਐੱਫ ਦੇ ਮੁਲਾਜ਼ਮ ਸਮੇਤ 4 ਜਣੇ ਗੰਭੀਰ ਜ਼ਖਮੀ ਹੋ ਗਏ। ਇਸ ਸਬੰਧੀ ਜਾਣਕਾਰੀ ਦਿੰਦਿਆਂ ਏ.ਐੱਸ.ਆਈ ਸੁਖਦੇਵ ਸਿੰਘ ਨੇ ਦੱਸਿਆ ਕਿ ਅੱਜ ਦੁਪਹਿਰ 12 ਵਜੇ ਦੇ ਕਰੀਬ ਇਕ ਟੂਰਿਸਟ ਬੱਸ ਜੋ ਕਿ ਬੰਗਲੌਰ ਤੋਂ ਸ਼ਰਧਾਲੂ ਲੈ ਕੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਆਈ ਸੀ ਅਤੇ ਬਾਅਦ ਵਿਚ ਇਹ ਬੱਸ ਅੰਮ੍ਰਿਤਸਰ ਤੋਂ ਸ਼?ਰੀਨਗਰ ਨੂੰ ਜਾ ਰਹੀ ਸੀ ਕਿ ਅਚਾਨਕ ਇਸ ਦਾ ਟਾਇਰ ਨੈਸ਼ਨਲ ਹਾਈਵੇ ’ਤੇ ਪੈਂਦੇ ਪਿੰਡ ਹਰਦੋਝੰਡੇ ਵਿਖੇ ਬਣੇ ਫਲਾਈਓਵਰ ਉੱਤੇ ਅਚਾਨਕ ਪੰਕਚਰ ਹੋ ਗਿਆ, ਜਿਸ ਦੇ ਸਿੱਟੇ ਵਜੋਂ ਬੱਸ ਪੁਲ ’ਤੇ ਖੜੀ ਕਰਕੇ ਇਸ ਦਾ ਟਾਇਰ ਬਦਲੀ ਕੀਤਾ ਜਾ ਰਿਹਾ ਸੀ । ਇਸੇ ਦੌਰਾਨ ਆਈ ਇਕ ਤੇਜ਼ ਰਫਤਾਰ ਕਾਰ ਸੜਕ ’ਤੇ ਖੜੇ ਮੁਸਾਫਿਰਾਂ ਨੂੰ ਕੁਚਲ ਕੇ ਫਰਾਰ ਹੋ ਗਈ। ਏ.ਐੱਸ.ਆਈ ਸੁਖਦੇਵ ਸਿੰਘ ਨੇ ਦੱਸਿਆ ਕਿ ਹੋਏ ਇਸੇ ਹਾਦਸੇ ਦੌਰਾਨ ਜਿਥੇ ਇਕ ਵਿਅਕਤੀ ਤਬਰੇਜ ਖਾਨ ਪੁੱਤਰ ਨਵਾਬ ਖਾਨ ਵਾਸੀ ਬੰਗਲੌਰ ਦੀ ਮੌਤ ਹੋ ਗਈ, ਉਥੇ ਨਾਲ ਹੀ ਐੱਸ.ਐੱਸ.ਐੱਫ ਦੀ ਟੀਮ ਦੇ ਕਾਂਸਟੇਬਲ ਹਰਪ੍ਰੀਤ ਸਿੰਘ ਅਤੇ ਤਿੰਨ ਹੋਰ ਮੁਸਾਫਿਰ ਤਜਬੀਰ, ਜਾਸਿੰਨ ਤੇ ਨਿਸਾਰ ਵਾਸੀਆਨ ਬੰਗਲੌਰ ਗੰਭੀਰ ਜ਼ਖਮੀ ਹੋ ਗਏ। ਏ.ਐੱਸ.ਆਈ ਸੁਖਦੇਵ ਸਿੰਘ ਨੇ ਦੱਸਿਆ ਕਿ ਜ਼ਖਮੀਆਂ ਨੂੰ ਬਟਾਲਾ ਦੇ ਸਿਵਲ ਹਸਪਤਾਲ ਵਿਖੇ ਇਲਾਜ ਲਈ ਦਾਖਲ ਕਰਵਾ ਦਿੱਤਾ ਗਿਆ ਹੈ ਅਤੇ ਇਸ ਸਬੰਧੀ ਥਾਣਾ ਸਦਰ ਦੀ ਪੁਲਸ ਨੂੰ ਇਤਲਾਹ ਦੇ ਦਿੱਤੀ ਗਈ ਹੈ।




## ਫਿਰੋਜ਼ਪੁਰ ਪੁਲਸ ਵੱਲੋਂ ਕਰੋੜਾਂ ਦੀ ਹੈਰੋਇਨ ਸਣੇ ਨਸ਼ਾ ਤਸਕਰ ਗ੍ਰਿਫ਼ਤਾਰ

ਫ਼ਰੋਜ਼ਪੁਰ 17 ਅਪ੍ਰੈਲ। ਥਾਣਾ ਸਿਟੀ ਫ਼?ਰੋਜ਼ਪੁਰ ਦੀ ਪੁਲਸ ਨੇ ਬਸਤੀ ਸ਼ੇਖਾਂ ਵਾਲੀ ਵਿਖੇ ਇਕ ਤਸਕਰ ਨੂੰ ਗ੍ਰਿਫ਼ਤਾਰ ਕਰ ਕੇ ਉਸ ਕੋਲੋਂ 5 ਕਿੱਲੋ 10 ਗ੍ਰਾਮ ਹੈਰੋਇਨ ਬਰਾਮਦ ਕੀਤੀ ਹੈ। ਜਾਣਕਾਰੀ ਦਿੰਦੇ ਹੋਏ ਥਾਣਾ ਸਿਟੀ ਫ਼?ਰੋਜ਼ਪੁਰ ਦੇ ਐੱਸ. ਐੱਚ. ਓ. ਇੰਸਪੈਕਟਰ ਕਸ਼ਮੀਰ ਸਿੰਘ ਨੇ ਦੱਸਿਆ ਕਿ ਗਸ਼ਤ ਦੌਰਾਨ ਉਨ੍ਹਾਂ ਨੂੰ ਗੁਪਤ ਸੂਚਨਾ ਮਿਲੀ ਸੀ ਕਿ ਵੰਸ਼ ਪੁੱਤਰ ਧਾਲਾ ਅਤੇ ਸੌਰਵ ਪੁੱਤਰ ਸੋਨੂੰ (ਵਾਸੀ ਬਸਤੀ ਸ਼ੇਖਾਂਵਾਲੀ) ਹੈਰੋਇਨ ਵੇਚਣ ਦਾ ਧੰਦਾ ਕਰਦੇ ਹਨ। ਇਹ ਮੁਲਜ਼ਮ ਫ਼?ਰੋਜ਼ਪੁਰ ਬਾਰਡਰ ਵਾਲੇ ਪਾਸਿਓਂ ਹੈਰੋਇਨ ਲਿਆ ਕੇ ਅੱਗੇ ਸਪਲਾਈ ਕਰਦੇ ਹਨ। ਸੂਚਨਾ ਮਿਲੀ ਸੀ ਕਿ ਅੱਜ ਵੀ ਤਸਕਰ ਸੌਰਵ ਨੀਲੇ ਰੰਗ ਦੇ ਕਿੱਟ ਬੈਗ ’ਚ ਭਾਰੀ ਮਾਤਰਾ ’ਚ ਹੈਰੋਇਨ ਲਿਆ ਕੇ ਕਰਿਆਨੇ ਵਾਲੀ ਦੁਕਾਨ ਨੇੜਲੀ ਭੀੜੀ ਗਲੀ ’ਚ ਆ ਰਿਹਾ ਹੈ। ਇਸ ਸੂਚਨਾ ਦੇ ਆਧਾਰ ’ਤੇ ਤੁਰੰਤ ਕਾਰਵਾਈ ਕਰਦੇ ਹੋਏ ਪੁਲਸ ਪਾਰਟੀ ਵੱਲੋਂ ਸੌਰਵ ਨੂੰ ਕਾਬੂ ਕੀਤਾ ਗਿਆ, ਜਿਸ ਦੇ ਬੈਗ ’ਚੋਂ 5 ਕਿੱਲੋ 10 ਗ੍ਰਾਮ ਹੈਰੋਇਨ ਅਤੇ ਇਕ ਮੋਬਾਇਲ ਬਰਾਮਦ ਹੋਇਆ। ਇੰਸਪੈਕਟਰ ਕਸ਼ਮੀਰ ਸਿੰਘ ਨੇ ਦੱਸਿਆ ਕਿ ਦੂਜੇ ਮੁਲਜ਼ਮ ਵੰਸ਼ ਨੂੰ ਗ੍ਰਿਫ਼ਤਾਰ ਕਰਨ ਲਈ ਛਾਪੇਮਾਰੀ ਕੀਤੀ ਜਾ ਰਹੀ ਹੈ। ਫੜ੍ਹੇ ਗਏ ਤਸਕਰ ਖ਼?ਲਾਫ਼ ਮੁਕੱਦਮਾ ਦਰਜ ਕਰ ਕੇ ਉਸ ਦੇ ਬੈਕਵਰਡ ਅਤੇ ਫਾਰਵਰਡ ਲਿੰਕ ਟਰੇਸ ਕੀਤੇ ਜਾ ਰਹੇ ਹਨ। ਮੁੱਢਲੀ ਜਾਂਚ ’ਚ ਸਾਹਮਣੇ ਆਇਆ ਹੈ ਕਿ ਇਹ ਹੈਰੋਇਨ ਪਾਕਿਸਤਾਨੀ ਤਸਕਰਾਂ ਪਾਸੋਂ ਮੰਗਵਾਈ ਗਈ ਸੀ। ਫੜ੍ਹੀ ਗਈ ਹੈਰੋਇਨ ਦੀ ਅੰਤਰਰਾਸ਼ਟਰੀ ਬਾਜ਼ਾਰ ’ਚ ਕੀਮਤ ਕਰੋੜਾਂ ਰੁਪਏ ਹੈ।



## ਸਲੂਮਬਰ ’ਚ ਰਹੱਸਮਈ ਬਿਮਾਰੀ ਦਾ ਕਹਿਰ: 5 ਬੱਚਿਆਂ ਦੀ ਮੌਤ, ਸਰਕਾਰ ਨੇ ਬਣਾਈ ਮਾਹਿਰਾਂ ਦੀ ਟੀਮ

ਜੈਪੁਰ/ਸਲੂਮਬਰ 17 ਅਪ੍ਰੈਲ। ਰਾਜਸਥਾਨ ਦੇ ਸਲੂਮਬਰ ਜ਼ਿਲ੍ਹੇ ਦੇ ਦੋ ਪਿੰਡਾਂ ਵਿੱਚ ਇੱਕ ਰਹੱਸਮਈ ਬਿਮਾਰੀ ਕਾਰਨ ਪੰਜ ਬੱਚਿਆਂ ਦੀ ਮੌਤ ਹੋਣ ਦਾ ਦਰਦਨਾਕ ਮਾਮਲਾ ਸਾਹਮਣੇ ਆਇਆ ਹੈ। ਇਸ ਘਟਨਾ ਤੋਂ ਬਾਅਦ ਪੂਰੇ ਇਲਾਕੇ ਵਿੱਚ ਦਹਿਸ਼ਤ ਦਾ ਮਾਹੌਲ ਹੈ ਅਤੇ ਸੂਬਾ ਸਰਕਾਰ ਨੇ ਮਾਮਲੇ ਦੀ ਗੰਭੀਰਤਾ ਨੂੰ ਦੇਖਦੇ ਹੋਏ ਜਾਂਚ ਲਈ ਮਾਹਿਰਾਂ ਦੀ ਇੱਕ ਵਿਸ਼ੇਸ਼ ਟੀਮ ਦਾ ਗਠਨ ਕੀਤਾ ਹੈ। ਮੁੱਖ ਮੰਤਰੀ ਭਜਨ ਲਾਲ ਸ਼ਰਮਾ ਨੇ ਅਧਿਕਾਰੀਆਂ ਨੂੰ ਤੁਰੰਤ ਸਥਿਤੀ ਦਾ ਜਾਇਜ਼ਾ ਲੈਣ ਅਤੇ ਬੱਚਿਆਂ ਦੀ ਮੌਤ ਦੇ ਅਸਲ



ਕਾਰਨਾਂ ਦਾ ਪਤਾ ਲਗਾਉਣ ਦੇ ਨਿਰਦੇਸ਼ ਦਿੱਤੇ ਹਨ। ਆਰ.ਐਨ.ਟੀ. ਮੈਡੀਕਲ ਕਾਲਜ, ਉਦੈਪੁਰ ਦੇ ਡਾਕਟਰੀ ਮਾਹਿਰਾਂ ਦੀ ਟੀਮ ਪ੍ਰਭਾਵਿਤ ਪਿੰਡਾਂ ਵਿੱਚ ਭੇਜੀ ਗਈ ਹੈ, ਜੋ ਬਿਮਾਰੀ ਦੇ ਕਾਰਨਾਂ ਦੀ ਜਾਂਚ ਕਰਨ ਦੇ ਨਾਲ-ਨਾਲ ਇਸ ਦੀ ਰੋਕਥਾਮ ਦੇ ਉਪਾਅ ਵੀ ਸੁਝਾਏਗੀ। ਮੁੱਖ ਸਕੱਤਰ ਵੀ. ਸ਼੍ਰੀਨਿਵਾਸ ਨੇ ਸੋਮਵਾਰ ਰਾਤ ਵੀਡੀਓ ਕਾਨਫਰੰਸ ਰਾਹੀਂ ਇਸ ਮਾਮਲੇ ਦੀ ਸਮੀਖਿਆ ਕੀਤੀ ਅਤੇ ਸਬੰਧਤ ਵਿਭਾਗਾਂ ਨੂੰ ਪ੍ਰਭਾਵਿਤ ਖੇਤਰਾਂ ਦੀ ਨਿਰੰਤਰ ਨਿਗਰਾਨੀ ਰੱਖਣ ਦੇ ਹੁਕਮ ਦਿੱਤੇ ਹਨ। ਸਿਹਤ ਵਿਭਾਗ ਦੀ ਪ੍ਰਮੁੱਖ ਸ਼ਾਸਨ ਸਕੱਤਰ ਗਾਇਤਰੀ ਰਾਠੌਰ ਅਨੁਸਾਰ, ਸਲੂਮਬਰ ਅਤੇ ਆਸ-ਪਾਸ ਦੇ ਇਲਾਕਿਆਂ ਵਿੱਚ ਸਿਹਤ ਕਰਮਚਾਰੀਆਂ ਦੀਆਂ ਟੀਮਾਂ ਤਾਇਨਾਤ ਕੀਤੀਆਂ ਗਈਆਂ ਹਨ ਜੋ ਬੁਖਾਰ ਦੇ ਲੱਛਣਾਂ ਵਾਲੇ ਬੱਚਿਆਂ ਦੀ ਗਹਿਨ ਸਕ੍ਰੀਨਿੰਗ ਕਰ ਰਹੀਆਂ ਹਨ। ਜ਼ਿਲ੍ਹਾ ਪ੍ਰਸ਼ਾਸਨ ਅਤੇ ਸਿਹਤ ਅਧਿਕਾਰੀਆਂ ਨੂੰ ਸਥਿਤੀ ’ਤੇ ਤਿੱਖੀ ਨਜ਼ਰ ਰੱਖਣ ਲਈ ਕਿਹਾ ਗਿਆ ਹੈ।

## ਫਿਲੌਰ ਵਿਖੇ ਨੈਸ਼ਨਲ ਹਾਈਵੇਅ ’ਤੇ ਬਿਜਲੀ ਦਾ ਕਰੰਟ ਲੱਗਣ ਨਾਲ ਮਕੈਨਿਕ ਝੁਲਸਿਆ

ਫਿਲੌਰ 17 ਅਪ੍ਰੈਲ। ਫਿਲੌਰ ਨੇੜੇ ਪਿੰਡ ਰਾਮਗੜ੍ਹ ਨੈਸ਼ਨਲ ਹਾਈਵੇਅ ’ਤੇ ਇਕ ਦਿਲ ਦਹਿਲਾ ਦੇਣ ਵਾਲਾ ਹਾਦਸਾ ਵੇਖਣ ਨੂੰ ਸਾਹਮਣੇ ਆਇਆ ਹੈ। ਇਸ ਸਬੰਧੀ ਪ੍ਰਾਪਤ ਜਾਣਕਾਰੀ ਮੁਤਾਬਕ ਇਕ ਟਿੱਪਰ ਮਾਲਕ ਆਪਣੇ ਵਾਹਨ ਦੀਆਂ ਕਮਾਣੀਆਂ (ਟਰਾਲਾ) ਠੀਕ ਕਰਵਾਉਣ ਲਈ ਸੜਕ ਕਿਨਾਰੇ ਬਣੀਆਂ ਦੁਕਾਨਾਂ ’ਤੇ ਗਿਆ ਹੋਇਆ ਸੀ। ਦੱਸਿਆ ਜਾ ਰਿਹਾ ਹੈ ਕਿ ਉਸ ਥਾਂ ਉੱਪਰੋਂ ਹਾਈ ਵੋਲਟੇਜ ਬਿਜਲੀ ਦੀਆਂ ਤਾਰਾਂ ਲੰਘ ਰਹੀਆਂ ਸਨ। ਕੰਮ ਦੌਰਾਨ ਡਰਾਈਵਰ ਵੱਲੋਂ ਟਿੱਪਰ ਦਾ ਟਰਾਲਾ ਉੱਪਰ ਚੱਕ ਦਿੱਤਾ ਗਿਆ, ਜੋ ਸਿੱਧਾ ਬਿਜਲੀ ਦੀਆਂ ਤਾਰਾਂ ਨਾਲ ਜਾ ਟਕਰਾਇਆ। ਇਸ ਕਾਰਨ ਟਿੱਪਰ ਥੱਲ੍ਹੇ ਕੰਮ ਕਰ ਰਹੇ ਮਕੈਨਿਕ ਨੂੰ ਕਰੰਟ ਲੱਗ ਗਿਆ। ਕਰੰਟ ਲੱਗਣ ਨਾਲ ਨਾ ਸਿਰਫ਼ ਮਕੈਨਿਕ ਬੁਰੀ ਤਰ੍ਹਾਂ ਨਾਲ ਝੁਲਸ ਕੇ ਗੰਭੀਰ ਜ਼ਖ਼ਮੀ ਹੋ ਗਿਆ। ਬਿਜਲੀ ਦੀਆਂ ਤਾਰਾਂ ਦੇ ਸਾਰਟ ਸਰਕਟ ਨਾਲ ਕਈ ਦੁਕਾਨਾਂ ਦੇ ਬਿਜਲੀ ਮੀਟਰ ਵੀ ਜ਼ੋਰਦਾਰ ਝਟਕੇ ਨਾਲ ਉੱਡ ਗਏ। ਜਿਸ ਨਾਲ ਇਲਾਕੇ ’ਚ ਹੜਕੰਪ ਮਚ ਗਿਆ। ਜ਼ਖ਼ਮੀ ਮਕੈਨਿਕ ਦੀ ਪਛਾਣ ਅਮਰੀਕ ਸਿੰਘ ਵਾਸੀ ਲਸਾੜਾ ਵਜੋਂ ਹੋਈ ਹੈ। ਉਸ ਨੂੰ ਤੁਰੰਤ ਫਿਲੌਰ ਦੇ ਸਿਵਲ ਹਸਪਤਾਲ ਲਿਆਂਦਾ ਗਿਆ, ਜਿੱਥੇ ਡਾਕਟਰਾਂ ਨੇ ਮੁਢੱਲੀ ਸਹਾਇਤਾ ਦੇਣ ਉਪਰੰਤ ਉਸ ਦੀ ਨਾਜ਼ੁਕ ਹਾਲਤ ਨੂੰ ਵੇਖਦੇ ਹੋਏ ਜਲੰਧਰ ਰੈਫਰ ਕਰ ਦਿੱਤਾ।

## ਫਗਵਾੜਾ ’ਚ ਸਾਈਬਰ ਠੱਗਾਂ ਦਾ ਕਾਰਾ, ਆਨਲਾਈਨ ਇਨਵੈਸਟਮੈਂਟ ਦੇ ਨਾਂ ’ਤੇ ਕੁੜੀ ਨਾਲ ਮਾਰੀ 22.39 ਲੱਖ ਦੀ ਠੱਗੀ

ਫਗਵਾੜਾ 17 ਅਪ੍ਰੈਲ। ਫਗਵਾੜਾ ਵਿੱਚ ਇਕ ਹੋਰ ਲੜਕੀ ਲੱਖਾਂ ਰੁਪਏ ਦੀ ਆਨਲਾਈਨ ਸਾਈਬਰ ਠੱਗੀ ਦਾ ਸ਼ਿਕਾਰ ਹੋਈ ਹੈ। ਜਾਣਕਾਰੀ ਅਨੁਸਾਰ ਸਾਈਬਰ ਕ੍ਰਾਈਮ ਜ਼ਿਲ੍ਹਾ ਕਪੂਰਥਲਾ ਦੀ ਪੁਲਸ ਨੇ ਪੀੜਤਾ ਦੀ ਸ਼ਿਕਾਇਤ ’ਤੇ ਅਣਪਛਾਤੇ ਸਾਈਬਰ ਠੱਗਾਂ ਖ਼?ਲਾਫ਼ ਲੱਖਾਂ ਰੁਪਏ ਦੀ ਠੱਗੀ ਕਰਨ ਦੇ ਦੋਸ਼ ’ਚ ਪੁਲਸ ਕੇਸ ਦਰਜ ਕਰਨ ਦੀ ਸੂਚਨਾ ਮਿਲੀ ਹੈ। ਇਸ ਸਬੰਧੀ ਸ਼ਵੇਤਾ ਪੁੱਤਰੀ ਰਾਕੇਸ਼ ਸ਼ਰਮਾ ਵਾਸੀ ਮਕਾਨ ਨੰਬਰ 125, ਗਲੀ ਨੰਬਰ 3, ਪ੍ਰੀਤ ਨਗਰ, ਸਤਨਾਮਪੁਰਾ ਨੇ ਸਾਈਬਰ ਕ੍ਰਾਈਮ ਸੈੱਲ ਜ਼ਿਲ੍ਹਾ ਕਪੂਰਥਲਾ ਨੂੰ ਦਿੱਤੀ ਸ਼ਿਕਾਇਤ ਵਿੱਚ ਖੁਲਾਸਾ ਕੀਤਾ ਹੈ ਕਿ ਉਸ ਨੂੰ ਆਨਲਾਈਨ ਇਨਵੈਸਟਮੈਂਟ ਦਾ ਝਾਂਸਾ ਦੇ ਕੇ ਸ਼ਾਤਰ ਠੱਗਾਂ ਨੇ ਕਰੀਬ 22 ਲੱਖ 39,448 ਰੁਪਏ ਦੀ ਸਾਈਬਰ ਠੱਗੀ ਨੂੰ ਅੰਜਾਮ ਦੇ ਦਿੱਤਾ ਹੈ। ਪੁਲਸ ਨੇ ਸ਼ਵੇਤਾ ਦੀ ਸ਼ਿਕਾਈਤ ’ਤੇ ਅਣਪਛਾਤੇ ਸ਼ਾਤਰ ਸਾਈਬਰ ਠੱਗਾਂ ਖ਼?ਲਾਫ਼ ਬੀ.ਐਨ.ਐਸ. ਦੀ ਧਾਰਾ 316 (2), 318 (4) ਤਹਿਤ ਮਾਮਲਾ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਖ਼ਬਰ ਲਿਖੇ ਜਾਣ ਤੱਕ ਅਜੇ ਇਹ ਪਤਾ ਨਹੀਂ ਲੱਗ ਸਕਿਆ ਹੈ ਕਿ ਉਹ ਅਣਪਛਾਤੇ ਸਾਈਬਰ ਠੱਗ ਕੌਣ ਹਨ, ਜਿਨ੍ਹਾਂ ਨੇ ਕਥਿਤ ਤੌਰ ’ਤੇ ਪੀੜਤਾ ਸ਼ਵੇਤਾ ਨਾਲ ਲੱਖਾਂ ਰੁਪਏ ਦੀ ਇੰਨੀ ਵੱਡੀ ਰਕਮ ਦੀ ਠੱਗੀ ਕੀਤੀ ਹੈ। ਦੱਸਣਯੋਗ ਹੈ ਕਿ ਇਸ ਤੋਂ ਪਹਿਲਾਂ ਵੀ ਫਗਵਾੜਾ ਵਿੱਚ ਲੋਕ ਸਾਈਬਰ ਠੱਗਾਂ ਦਾ ਸ਼ਿਕਾਰ ਹੋ ਚੁੱਕੇ ਹਨ ਅਤੇ ਇਹ ਮਾਮਲੇ ਲਗਾਤਰ ਵੱਧ ਰਹੇ ਹਨ।

# ’ਕੇਅਰਟੇਕਰ’ ਨੇ ਫਾਰਮ ਹਾਊਸ ਮਾਲਕ ਦਾ ਕੀਤਾ ਕਤਲ, ਪੁਲਸ ਨੇ ਦਿੱਲੀ ਤੋਂ ਕੀਤਾ ਗ੍ਰਿਫ਼ਤਾਰ

**ਕੌਮੀ ਪਤ੍ਰਿਕਾ**

ਗੁਰੂਗ੍ਰਾਮ 17 ਅਪ੍ਰੈਲ। ਰਾਸ਼ਟਰੀ ਰਾਜਧਾਨੀ ਨਾਲ ਲੱਗਦੇ ਹਰਿਆਣਾ ਦੇ ਗੁਰੂਗ੍ਰਾਮ ਸਥਿਤ ਫਾਰਮਹਾਊਸ ਦੇ 35 ਸਾਲਾ ਮਾਲਕ ਦਾ ਤੇਜ਼ ਹਥਿਆਰ ਨਾਲ ਗਲ?ਾ ਵੱਢ ਕੇ ਕਤਲ ਕਰਨ ਦੇ ਮਾਮਲੇ ’ਚ ਪੁਲਸ ਨੇ ਮੰਗਲਵਾਰ ਨੂੰ ਦੋਸ਼ੀ ਨੂੰ ਦਿੱਲੀ ਤੋਂ ਗ੍ਰਿਫ਼ਤਾਰ ਕਰ ਲਿਆ। ਅਧਿਕਾਰੀ ਨੇ ਦੱਸਿਆ ਕਿ ਦੋਸ਼ੀ ਫਾਰਮ ਹਾਊਸ ਦਾ ਕੇਅਰਟੇਕਰ ਸੀ ਅਤੇ ਉਸ ਦੀ ਪਛਾਣ ਉੱਤਰ ਪ੍ਰਦੇਸ਼ ਦੇ ਬੁਲੰਦਸ਼ਹਿਰ ਜ਼ਿਲ੍ਹੇ ਦੇ ਹੀਰਾਪੁਰ ਖੁਰਦ ਵਾਸੀ ਖੇਮਚੰਦ (65) ਵਜੋਂ ਕੀਤੀ ਹੈ। ਉਨ੍ਹਾਂ ਦੱਸਿਆ ਕਿ ਸੋਹਨਾ ਪੁਲਸ ਦੀ ਅਪਰਾਧ ਇਕਾਈ ਨੇ ਦੋਸ਼ੀ ਖ਼?ਲਾਫ਼ ਐੱਫਆਈਆਰ ਦਰਜ ਕਰਨ ਤੋਂ ਬਾਅਦ ਇਹ ਕਾਰਵਾਈ ਕੀਤੀ। ਪੁਲਸ ਦੇ ਇਕ ਸੀਨੀਅਰ ਅਧਿਕਾਰੀ ਨੇ ਦੱਸਿਆ,”ਪੁੱਛ-ਗਿੱਛ ਦੌਰਾਨ, ਦੋਸ਼ੀ ਨੇ ਖੁਲਾਸਾ ਕੀਤਾ ਕਿ ਫਾਰਮਹਾਊਸ ਮਾਲਕ ਰਾਹੁਲ ਕੁਮਾਰ ਉਸ ਨਾਲ ਕੁੱਟਮਾਰ ਕਰਦਾ ਸੀ। ਬਦਲੇ ਦੀ ਭਾਵਨਾ ਕਰ ਕੇ ਉਸ ਨੇ 5 ਅਪ੍ਰੈਲ ਦੀ ਰਾਤ ਰਾਹੁਲ ਦੀ ਗਰਦਨ ’ਤੇ ਤੇਜ਼ਧਾਰ ਹਥਿਆਰ ਨਾਲ ਵਾਰ-ਵਾਰ ਹਮਲਾ ਕੀਤਾ। ਕਤਲ ਮਗਰੋਂ ਉਹ ਦਿੱਲੀ ਦੌੜ ਗਿਆ।” ਪੁਲਸ ਨੇ ਦੱਸਿਆ ਕਿ ਰਾਹੁਲ ਘਾਟਾ ਪਿੰਡ ਦਾ ਵਾਸੀ ਸੀ ਨੇ ਦੱਸਿਆ,”ਪੁੱਛ-ਗਿੱਛ ਦੌਰਾਨ, ਦੋਸ਼ੀ ਨੇ ਖੁਲਾਸਾ ਕੀਤਾ ਕਿ ਫਾਰਮਹਾਊਸ ਮਾਲਕ ਰਾਹੁਲ ਕੁਮਾਰ ਉਸ ਨਾਲ ਕੁੱਟਮਾਰ ਕਰਦਾ ਸੀ। ਬਦਲੇ ਦੀ ਭਾਵਨਾ ਕਰ ਕੇ ਉਸ ਨੇ 5 ਅਪ੍ਰੈਲ ਦੀ ਰਾਤ ਰਾਹੁਲ ਦੀ ਗਰਦਨ ’ਤੇ ਤੇਜ਼ਧਾਰ ਫਾਰਮਹਾਊਸ ਸੀ। ਪੁਲਸ ਨੇ ਦੱਸਿਆ




ਹਥਿਆਰਅਤੇ ਸੋਹਨਾ ਖੇਤਰ ਦੇ ਹਰਚੰਦਪੁਰ ਪਿੰਡ ਕੋਲ ਉਸ ਦਾ ਕਿ ਦੋਸ਼ੀ ਡੇਢ ਸਾਲ ਪਹਿਲਾਂ ਇਕ ਝਗੜੇ ਤੋਂ ਬਾਅਦ ਫਾਰਮਹਾਊਸ ਛੱਡ ਕੇ ਚੱਲਾ ਗਿਆ ਸੀ ਅਤੇ ਲਗਭਗ 2 ਮਹੀਨੇ ਪਹਿਲਾਂ ਵਾਪਸ ਆਇਆ ਸੀ। ਰਾਹੁਲ ਦੇ ਪਰਿਵਾਰਕ ਮੈਂਬਰਾਂ ਨੇ ਦੱਸਿਆ ਕਿ ਉਹ ਐਤਵਾਰ ਨੂੰ ਫਾਰਮਹਾਊਸ ਗਿਆ ਸੀ ਪਰ ਵਾਪਸ ਨਹੀਂ ਆਇਆ। ਪੁਲਸ ਨੇ ਦੱਸਿਆ ਕਿ ਸੋਮਵਾਰ ਰਾਤ ਜਦੋਂ ਪਰਿਵਾਰ ਦੇ ਮੈਂਬਰ ਤਲਾਸ਼ ਕਰਦੇ ਹੋਏ ਫਾਰਮਹਾਊਸ ਪਹੁੰਚੇ ਤਾਂ ਉਨ੍ਹਾਂ ਨੇ ਰਾਹੁਲ ਦੀ ਲਾਸ਼ ਖੂਨ ਨਾਲ ਲੱਥਪੱਥ ਵੇਖੀ। ਉਸ ਨੇ ਦੱਸਿਆ ਕਿ ਪਰਿਵਾਰ ਨੇ ਲਾਪਤਾ ਕੇਅਰਟੇਕਰ ’ਤੇ ਸ਼ੱਕ ਜਤਾਇਆ ਸੀ। ਗੁਰੂਗ੍ਰਾਮ ਪੁਲਸ ਦੇ ਬੁਲਾਰੇ ਨੇ ਦੱਸਿਆ,”ਦੋਸ਼ੀ ਨੇ ਆਪਣਾ ਜ਼ੁਰਮ ਕਬੂਲ ਕਰ ਲਿਆ ਹੈ ਅਤੇ ਅਸੀਂ ਉਸ ਤੋਂ ਪੁੱਛ-ਗਿੱਛ ਕਰ ਰਹੇ ਹਨ।”

**ਕੌਮੀ ਪਤ੍ਰਿਕਾ**

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689, 011-23315814
Mob. : 9971359517, 9312262300

E-mail address: qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

# ਰਸੀਆਬਾਦ ਹਾਈਵੇਅ 'ਤੇ ਰੂਹ ਕੰਬਾਊ ਹਾਦਸਾ, ਦੋ ਬੱਸਾਂ ਦੀ ਆਹਮੋ-ਸਾਹਮਣੇ ਟੱਕਰ, 15 ਯਾਤਰੀ ਜ਼ਖਮੀ

ਕੌਮੀ ਪਤ੍ਰਿਕਾ

ਹਰਿਦੁਆਰ 17 ਅਪ੍ਰੈਲ। ਉਤਰਾਖੰਡ ਦੇ ਹਰਿਦੁਆਰ ਦੇ ਸ਼ਿਆਮਪੁਰ ਖੇਤਰ ਵਿੱਚ ਰਸੀਆਬਾਦ ਨੇੜੇ ਹਾਈਵੇਅ 'ਤੇ ਮੰਗਲਵਾਰ ਦੇਰ ਰਾਤ ਦੋ ਬੱਸਾਂ ਦੀ ਆਹਮੋ-ਸਾਹਮਣੇ ਭਿਆਨਕ ਟੱਕਰ ਹੋਣ ਦੀ ਸੂਚਨਾ ਮਿਲੀ। ਇਸ ਹਾਦਸੇ ਵਿਚ ਲਗਭਗ 10 ਤੋਂ 15 ਯਾਤਰੀ ਜ਼ਖਮੀ ਹੋ ਗਏ। ਹਾਲਾਂਕਿ, ਇਹ ਰਾਹਤ ਦੀ ਗੱਲ ਹੈ ਕਿ ਇਸ ਹਾਦਸੇ ਵਿੱਚ ਕੋਈ ਜਾਨੀ ਨੁਕਸਾਨ ਨਹੀਂ ਹੋਇਆ। ਇਸ ਘਟਨਾ ਦੀ ਜਾਣਕਾਰੀ ਪੁਲਸ ਨੇ ਦਿੱਤੀ। ਪੁਲਸ ਅਨੁਸਾਰ, ਕੋਤਵਾਲੀ ਸ਼ਿਆਮਪੁਰ ਨੂੰ ਡਾਇਲ 112 ਰਾਹੀਂ ਸੂਚਨਾ ਮਿਲੀ ਕਿ ਰਸੀਆਬਾਦ ਨੇੜੇ ਹਾਈਵੇਅ 'ਤੇ ਦੋ ਬੱਸਾਂ ਟਕਰਾ ਗਈਆਂ ਹਨ, ਜਿਸ ਕਾਰਨ ਯਾਤਰੀ ਫਸ ਗਏ ਹਨ। ਸੂਚਨਾ ਮਿਲਦੇ ਹੀ ਸ਼ਿਆਮਪੁਰ ਪੁਲਸ ਸਟੇਸ਼ਨ ਦੇ ਅਧਿਕਾਰੀ ਤੁਰੰਤ ਪੁਲਸ ਫੋਰਸ ਨਾਲ ਮੌਕੇ 'ਤੇ ਪਹੁੰਚੇ। ਸਿਟੀ ਸੁਪਰਡੈਂਟ ਆਫ਼ ਪੁਲਸ ਵੀ ਮੌਕੇ 'ਤੇ ਪਹੁੰਚੇ ਅਤੇ ਸਥਿਤੀ ਦਾ ਜਾਇਜ਼ਾ ਲਿਆ। ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਇੱਕ ਨਿੱਜੀ ਬੱਸ ਦੇਹਰਾਦੂਨ ਤੋਂ ਬਿਜਨੌਰ ਜ਼ਿਲ੍ਹੇ ਦੇ ਨਾਗਲਸੋਟੀ ਵਾਪਸ ਆ ਰਹੀ ਸੀ, ਜਦੋਂ ਕਿ ਦੂਜੀ ਰੋਡਵੇਜ਼ ਬੱਸ ਬਿਜਨੌਰ ਤੋਂ ਹਰਿਦੁਆਰ ਜਾ ਰਹੀ ਸੀ। ਇਸ ਦੌਰਾਨ ਰਸੀਆਬਾਦ ਨੇੜੇ ਦੋ ਬੱਸਾਂ ਆਹਮੋ-ਸਾਹਮਣੇ ਟਕਰਾ ਗਈਆਂ। ਟੱਕਰ ਇੰਨੀ ਭਿਆਨਕ ਸੀ ਕਿ ਵਿਆਹ ਵਾਲੀ ਬੱਸ ਦੇ ਕਈ ਯਾਤਰੀ ਜ਼ਖਮੀ ਹੋ ਗਏ, ਜਦੋਂ ਕਿ ਦੋ ਲੋਕ ਅੰਦਰ ਫਸ ਗਏ। ਹਾਦਸੇ ਤੋਂ ਬਾਅਦ ਪੁਲਸ ਨੇ ਦੋਵੇਂ ਨੁਕਸਾਨੀਆਂ ਹੋਈਆਂ ਬੱਸਾਂ ਨੂੰ ਸੜਕ ਕਿਨਾਰੇ ਸੁਰੱਖਿਅਤ ਢੰਗ ਨਾਲ ਪਾਰਕ ਕਰ ਦਿੱਤਾ ਅਤੇ ਆਵਾਜਾਈ ਬਹਾਲ ਕਰ ਦਿੱਤੀ। ਪੁਲਸ ਅਤੇ ਬਚਾਅ ਟੀਮ ਨੇ ਤੇਜ਼ੀ ਨਾਲ ਕਾਰਵਾਈ ਕਰਦਿਆਂ ਬੱਸ ਵਿੱਚ ਫਸੇ ਯਾਤਰੀਆਂ ਨੂੰ ਸੁਰੱਖਿਅਤ ਬਾਹਰ ਕੱਢਿਆ ਅਤੇ ਸਾਰੇ ਜ਼ਖਮੀਆਂ ਨੂੰ 108 ਐਂਬੂਲੈਂਸ ਰਾਹੀਂ ਇਲਾਜ ਲਈ ਹਸਪਤਾਲ ਭੇਜਿਆ। ਜ਼ਖਮੀਆਂ ਵਿੱਚ ਅਨੀਸ਼, ਮੁਰਾਦ ਅਲੀ, ਸੁਹੇਲ, ਨਈਮ ਅਤੇ ਨਜ਼ੀਰ ਸ਼ਾਹ ਸਣੇ ਕਈ ਹੋਰ ਯਾਤਰੀ ਵੀ ਸ਼ਾਮਲ ਸਨ, ਜੋ ਬਿਜਨੌਰ ਜ਼ਿਲ੍ਹੇ ਦੇ ਰਹਿਣ ਵਾਲੇ ਹਨ। ਹੋਰ ਯਾਤਰੀਆਂ ਨੂੰ ਵੀ ਬਦਲਵੇਂ ਵਾਹਨਾਂ ਰਾਹੀਂ ਉਨ੍ਹਾਂ ਦੀਆਂ ਮੰਜ਼ਿਲਾਂ 'ਤੇ ਭੇਜ ਦਿੱਤਾ ਗਿਆ। ਪੁਲਿਸ ਪ੍ਰਸ਼ਾਸਨ ਦੇ ਅਨੁਸਾਰ ਸਾਰੇ ਜ਼ਖਮੀਆਂ ਦਾ ਇਲਾਜ ਚੱਲ ਰਿਹਾ ਹੈ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਸੂਚਿਤ ਕਰ ਦਿੱਤਾ ਗਿਆ ਹੈ। ਮੌਕੇ 'ਤੇ ਸਥਿਤੀ ਪੂਰੀ ਤਰ੍ਹਾਂ ਆਮ ਹੈ ਅਤੇ ਕਾਨੂੰਨ ਵਿਵਸਥਾ ਦੀ ਕੋਈ ਸਮੱਸਿਆ ਨਹੀਂ ਹੈ।




## ਭਿਲਾਈ ਸਟੀਲ ਪਲਾਂਟ ਦੀ ਯੂਨਿਟ 'ਚ ਮਚੇ ਅੱਗ ਦੇ ਭਾਂਬੜ, ਝੁਲਸੇ 7 ਮਜ਼ਦੂਰ

ਭਿਲਾਈ 17 ਅਪ੍ਰੈਲ। ਛੱਤੀਸਗੜ੍ਹ ਦੇ ਦੁਰਗ ਜ਼ਿਲ੍ਹੇ ਵਿੱਚ ਸਥਿਤ ਭਿਲਾਈ ਇਸਪਾਤ ਸੰਯੰਤਰ ਵਿੱਚ ਮੰਗਲਵਾਰ ਸਵੇਰੇ ਇੱਕ ਦਰਦਨਾਕ ਹਾਦਸਾ ਵਾਪਰ ਜਾਣ ਦੀ ਸੂਚਨਾ ਮਿਲੀ ਹੈ। ਪਲਾਂਟ ਦੀ ਇੱਕ ਮਹੱਤਵਪੂਰਨ ਯੂਨਿਟ ਵਿੱਚ ਅਚਾਨਕ ਅੱਗ ਲੱਗਣ ਕਾਰਨ ਘੱਟੋ-ਘੱਟ ਸੱਤ ਮਜ਼ਦੂਰ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਏ ਹਨ, ਜਿਨ੍ਹਾਂ ਨੂੰ ਤੁਰੰਤ ਇਲਾਜ ਲਈ ਹਸਪਤਾਲ ਦਾਖ਼ਲ ਕਰਵਾਇਆ ਗਿਆ ਹੈ। ਪਲਾਂਟ ਦੇ ਅਧਿਕਾਰੀਆਂ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਅੱਗ ਸਵੇਰੇ ਕਰੀਬ 10 ਵਜੇ ਸਟੀਮ ਟਰਬੋ ਜਨਰੇਟਰ-4 ਟਰਬਾਈਨ ਯੂਨਿਟ ਵਿੱਚ ਲੱਗੀ ਹੈ। ਅੱਗ ਲੱਗਦੇ ਹੀ ਪੂਰੇ ਟਰਬਾਈਨ ਹਾਲ ਵਿੱਚ ਗਾੜ੍ਹਾ ਕਾਲਾ ਧੂੰਆਂ ਫੈਲ ਗਿਆ, ਜਿਸ ਕਾਰਨ ਉੱਥੇ ਕੰਮ ਕਰ ਰਹੇ ਮਜ਼ਦੂਰਾਂ ਵਿੱਚ ਹਫ਼ੜਾ-ਦਫ਼ੜੀ ਮਚ ਗਈ। ਘਟਨਾ ਦੀ ਸੂਚਨਾ ਫਾਇਰ ਬ੍ਰਿਗੇਡ ਦੇ ਅਧਿਕਾਰੀਆਂ ਅਤੇ ਪੁਲਸ ਨੂੰ ਦਿੱਤੀ ਗਈ। ਘਟਨਾ ਦੌਰਾਨ ਪਲਾਂਟ ਦੇ ਫਾਇਰ ਬ੍ਰਿਗੇਡ ਵਿਭਾਗ ਨੇ ਤੁਰੰਤ ਕਾਰਵਾਈ ਕੀਤੀ। ਅੱਗ 'ਤੇ ਕਾਬੂ ਪਾਉਣ ਲਈ ਮੌਕੇ 'ਤੇ 3 ਫਾਇਰ ਟੈਂਡਰ (ਦਮਕਲ ਗੱਡੀਆਂ) ਭੇਜੀਆਂ ਗਈਆਂ। ਫਾਇਰ ਫਾਈਟਰਾਂ ਦੀ ਮੁਸਤੈਦੀ ਸਦਕਾ ਅੱਗ 'ਤੇ ਜਲਦੀ ਹੀ ਕਾਬੂ ਪਾ ਲਿਆ ਗਿਆ, ਜਿਸ ਨਾਲ ਵੱਡਾ ਨੁਕਸਾਨ ਹੋਣੋਂ ਬਚ ਗਿਆ। ਇਸ ਹਾਦਸੇ ਵਿੱਚ ਸੱਤ ਮਜ਼ਦੂਰ ਝੁਲਸ ਗਏ ਹਨ। ਉਨ੍ਹਾਂ ਨੂੰ ਤੁਰੰਤ ਭਿਲਾਈ ਦੇ ਸੈਕਟਰ-9 ਸਥਿਤ ਪੰਡਿਤ ਜਵਾਹਰ ਲਾਲ ਨਹਿਰੂ ਹਸਪਤਾਲ ਲਿਜਾਇਆ ਗਿਆ। ਹਸਪਤਾਲ ਦੇ ਡਾਕਟਰਾਂ ਮੁਤਾਬਕ ਛੇ ਮਜ਼ਦੂਰਾਂ ਨੂੰ ਦਾਖ਼ਲ ਕਰ ਲਿਆ ਗਿਆ ਹੈ ਅਤੇ ਉਨ੍ਹਾਂ ਦਾ ਇਲਾਜ ਜਾਰੀ ਹੈ, ਜਦਕਿ ਸੱਤਵੇਂ ਮਜ਼ਦੂਰ ਨੂੰ ਵੀ ਹਸਪਤਾਲ ਲਿਆਂਦਾ ਜਾ ਰਿਹਾ ਹੈ। ਅਧਿਕਾਰੀਆਂ ਨੇ ਦੱਸਿਆ ਕਿ ਅੱਗ ਲੱਗਣ ਦੇ ਅਸਲ ਕਾਰਨਾਂ ਦਾ ਅਜੇ ਪਤਾ ਨਹੀਂ ਲੱਗ ਸਕਿਆ ਹੈ।



## ਚੋਰਾਂ ਨੇ ਕੁਲਚੇ ਵੇਚਣ ਵਾਲਿਆਂ ਦੇ ਘਰਾਂ ਨੂੰ ਨਿਸ਼ਾਨਾ ਬਣਾਇਆ

ਸੈਲਾ ਖੁਰਦ 17 ਅਪ੍ਰੈਲ। ਬਾਬਾ ਬਾਲਕ ਨਾਥ ਜੀ ਦੇ ਅਸਥਾਨ ਤੋਂ ਵਾਪਸ ਆ ਰਹੇ ਦੋ ਕੁਲਚਾ ਵੇਚਣ ਵਾਲੇ ਆਪਣੇ ਕਿਰਾਏ ਦੇ ਘਰ ਵਿਚ ਸਾਮਾਨ ਨੂੰ ਖਿਲਰਿਆ ਵੇਖ ਅਤੇ ਬਹੁਤ ਸਾਰੀਆਂ ਚੀਜ਼ਾਂ ਗਾਇਬ ਵੇਖ ਕੇ ਹੈਰਾਨ ਰਹਿ ਗਏ। ਉਨ੍ਹਾਂ ਨੂੰ ਇਹ ਅਹਿਸਾਸ ਹੋਣ 'ਚ ਦੇਰ ਨਹੀਂ ਲੱਗੀ ਕਿ ਚੋਰਾਂ ਨੇ ਉਨ੍ਹਾਂ ਦੇ ਘਰ ਨੂੰ ਨਿਸ਼ਾਨਾ ਬਣਾਇਆ ਹੈ ਅਤੇ ਵੱਡੀ ਮਾਤਰਾ 'ਚ ਸਾਮਾਨ ਚੋਰੀ ਕਰ ਲਿਆ ਹੈ। ਸਥਾਨਕ ਪੁਲਸ ਨੂੰ ਸੂਚਿਤ ਕਰ ਦਿੱਤਾ ਗਿਆ । ਕੁਲਚੇ ਵੇਚਣ ਵਾਲੇ ਦਯਾ ਰਾਮ ਅਤੇ ਮੁਰਲੀ ਵਾਸੀ ਸ਼੍ਰੀ ਰਾਧਾ ਕ੍ਰਿਸ਼ਨ ਮੁਹੱਲਾ ਸੈਲਾ ਖੁਰਦ ??ਨੇ ਦੱਸਿਆ ਕਿ ਹਰ ਸਾਲ ਵਾਂਗ, ਉਹ ਆਪਣੇ ਪਰਿਵਾਰਾਂ ਨਾਲ ਚੇਤ ਦੇ ਮਹੀਨੇ ਇਕ ਮਹੀਨੇ ਲਈ ਕੰਮ ਕਰਨ ਲਈ ਬਾਬਾ ਬਾਲਕ ਨਾਥ ਜੀ ਦੇ ਅਸਥਾਨ 'ਤੇ ਗਏ ਸਨ। ਜਦੋਂ ਉਹ ਬੁੱਧਵਾਰ ਸ਼ਾਮ ਨੂੰ ਉੱਥੋਂ ਵਾਪਸ ਆਏ ਅਤੇ ਘਰ 'ਚ ਦਾਖ਼ਲ ਹੋਏ ਤਾਂ ਅੰਦਰ ਦਾ ਦ੍ਰਿਸ਼ ਵੇਖ ਕੇ ਹੈਰਾਨ ਰਹਿ ਗਏ। ਦਰਵਾਜ਼ੇ ਦੇ ਸ਼ੀਸ਼ੇ ਟੁੱਟੇ ਹੋਏ ਸਨ ਅਤੇ ਘਰ ਦਾ ਸਾਰਾ ਸਾਮਾਨ ਖਿਲਰਿਆ ਪਿਆ ਸੀ। ਜਾਂਚ ਕਰਨ 'ਤੇ ਪਤਾ ਲੱਗਾ ਕਿ ਚੋਰਾਂ ਨੇ ਸੋਨੇ ਦੀ ਚੇਨ, ਚਾਂਦੀ ਦੇ ਕੰਗਣ, ਇਕ ਪੱਖਾ, ਮਸਾਲੇ ਪੀਸਣ ਵਾਲੀ ਮਸ਼ੀਨ, ਟੁੱਲੂ ਪੰਪ, ਵੱਡੀ ਬੈਟਰੀ ਅਤੇ ਹੋਰ ਬਹੁਤ ਸਾਰੀਆਂ ਚੀਜ਼ਾਂ ਚੋਰੀ ਕਰ ਲਈਆਂ ਹਨ। ਜਾਂਦੇ ਸਮੇਂ ਚੋਰ ਘਰ 'ਚ ਪੀਣ ਵਾਲੇ ਪਾਣੀ ਦਾ ਜੱਗ ਅਤੇ ਸ਼ਰਾਬ ਛੱਡ ਗਏ ਸਨ। ਉਨ੍ਹਾਂ ਕਿਹਾ ਕਿ ਇਸ ਤੋਂ ਪਹਿਲਾਂ ਵੀ ਚੋਰਾਂ ਨੇ ਉਨ੍ਹਾਂ ਦੇ ਘਰ ਨੂੰ ਨਿਸ਼ਾਨਾ ਬਣਾਉਣ ਦੀ ਕੋਸ਼ਿਸ਼ ਕੀਤੀ ਸੀ। ਉਨ੍ਹਾਂ ਪੁਲਸ ਦੇ ਉੱਚ ਅਧਿਕਾਰੀਆਂ ਨੂੰ ਬੇਨਤੀ ਕੀਤੀ ਕਿ ਚੋਰਾਂ ਨੂੰ ਜਲਦੀ ਤੋਂ ਜਲਦੀ ਫੜਿਆ ਜਾਵੇ ਅਤੇ ਉਨ੍ਹਾਂ ਨੂੰ ਹੋਏ ਨੁਕਸਾਨ ਦੀ ਭਰਪਾਈ ਕੀਤੀ ਜਾਵੇ। ਕਸਬੇ ਅੰਦਰ ਚੋਰੀ ਦੀਆਂ ਵਾਰਦਾਤਾਂ ਨੂੰ ਠੱਲ ਪਾਉਣ ਲਈ ਸਥਾਨਕ ਪੁਲਸ ਗੰਭੀਰ ਹੋਵੇ ਚੋਰ ਵਾਰ-ਵਾਰ ਉਨ੍ਹਾਂ ਦੇ ਘਰ ਨੂੰ ਨਿਸ਼ਾਨਾ ਬਣਾ ਰਹੇ ਹਨ।


**NAME CHANGE**

I, PRITI DAS D/O DALIP KUMAR residing at D-293 J.J COLONY KHYALA, DELHI-110018 . have changed my name to PRITY DASS for all future purposes.

**NAME CHANGE**

I, S BHASKARA VIJAY KUMAR residing at-H NO-6-225/6, PADMANABHANAGAR, VENKATAPURAM, NEAR RAMALAYAM, VISAKHAPATNAM, ANDHRA PRADESH-530029, have changed my mother's name from SENAPATHI VENKATA RATNAM to SENAPATHI APPALA RATNAM for all future purposes vide Affidavit dated 16/07/2025 before Notary Public, Delhi.

**NAME CHANGE**

I, SWETA RAI BHUTIA Wife of No. 5458488P Rank-NK Name-TSHERING BHUTIA Presently residing at VILL-DURPIN GUMBA, PO-KALIMPONG, DISTT-KALIMPONG, WEST BENGAL-734301, have changed my name from SWETA RAI BHUTIA to SWETA RAI for all future purposes vide Affidavit dated 16/07/2025 before Notary Public, Delhi.

**NAME CHANGE**

I, DEEPAK KUMAR VERMA S/O PARTAP SINGH resident of H.No.16, Tara Nagar Main Kakrola Road, Kakrola, South West Delhi, Delhi-110078 have changed the name of my minor daughter SHREYA ALIAS SHREYA VERMA aged 13 years, and she shall hereafter be known as SHREYA VERMA.

**NAME CHANGE**

I hitherto known as SAMEERA SINGH D/O SUDHIR KUMAR SINGH residing at Flat No.E-1058, River Heights, Raj Nagar, Extension, Tower-15, Ghaziabad, U.P.-201001, have changed my name and shall hereafter be known as SAMEERA SINGH AMETHIA.

**NAME CHANGE**

I, Sushma D/O Shambu Prasad Dharmana W/O Vinod Kumar R/O B-6 Police Colony Mandir Marg New Delhi 110001 Have changed my name to Sushma Badola for all future purposes.

**NAME CHANGE**

I Swaran Kaur Sawhney W/o Prith Pal Singh R/o 10C/80 SFS Flats Green View Appartment Mayapuri Road Hari Nagar West Delhi-110064 Have Changed My Name to Swaran Kaur for all purpose.

**PUBLIC NOTICE**

It is for general information that I, Rahul Vishwakarma S/o H.P. Vishvakarma R/o J-4, Ground Floor Gandhi Market, Mir Dard Road, Minto Road, Indraprastha, Central Delhi, Delhi-110002 declare that name of mine has been wrongly written as Rahul Kumar Vishvakarma in my minor daughter namely Anika Vishvakarma aged 5 years in his School Records. The actual name of mine is Rahul Vishwakarma.

**PUBLIC NOTICE**

It is for general information that 1 INDU CHAUHAN W/O NARENDER SINGH CHAUHAN R/O N-129/1, T-HUTS, KHILONA BAGH DIST NORTH WEST DELHI-110009 declare that name of mine has been wrongly written as INDU KANWAR in my minor son namely HARSH VARDHAN SINGH CHAUHAN aged 13 years in his school record and birth certificate No. MCDOLIR -2211-005020356. The actual name of mine is INDU CHAUHAN which may be amended accordingly

**PUBLIC NOTICE**

It is for general information that CHANDER VEER S/O RAM JI LAL R/O Q-157 Vikas Vihar Uttam Nagar West Delhi Delhi-110059 declare that name of mine has been wrongly written as CHANDER PAL in my minor daughter namely KIRTI aged 15 years in her birth certificate No.MCDOLIR-0110-004425168. The actual name of mine is CHANDER VEER which may be amended accordingly

**NAME CHANGE**

I, hitherto known as ASHISH KUMAR RATHOR S/O PURAN LAL R/O Q-48, RAJEEV NAGAR BEGUM PUR, NORTH WEST DELHI, DELHI-110086, have changed my name and shall hereafter be known as RAZA AHMED.

**NAME CHANGE**

It is for general information that I ASHISH KUMAR SINHA S/o KHAGEN CHANDRA SINHA R/o House No. 67, Alipur Road, Near Kasturi Ram College, Kureni, North West Delhi, Delhi - 110040, declare that name of my wife and my minor Daughter has been wrongly written as PINKI SINHA and ANUGYA SINHA in my minor Daughter namely ANUGYA aged 16 year in her 10th Class Educational Documents. The actual name of my wife and my minor daughter are PINKI KUMARI and ANUGYA, which may be amended accordingly.

**PUBLIC NOTICE**

It is for general information that I, BALJEET SINGH S/o GURCHARAN SINGH R/o 12/32, Geeta Colony, East Delhi-110031 declare that name of mine, my wife and my minor daughter has been wrongly written as BALJEET SINGH CHUGH, GURPREET KAUR CHUGH, JASLEEN KAUR CHUGH in my minor daughter JASLEEN KAUR aged 16 years in her 10th class Educational Documents. The actual name of mine, my wife and my minor daughter are BALJEET SINGH, GURPREET KAUR and JASLEEN KAUR respectively, which may be amended accordingly.

**NAME CHANGE**

I, MOGHAL FATHIMA BAIG Wife of JC-335017L Rank-NB/SUB Name-MOGHAL MOHAMMAD BAIG Presently residing at 9-5-5, ANDHRA RATNA NAGAR, PERALA HIGH SCHOOL, PERALA, CHIRALA PRAKASAM DISTRICT, ANDHRA PRADESH-523157, have changed my name from MOGHAL FATHIMA BAIG to FATHIMA SHAIK for all future purposes vide Affidavit dated 16/07/2025 before First Class Magistrate, Shillong, Meghalaya.

**NAME CHANGE**

I Jugal Kishor S/o Lila Dhar R/o H.No-196 S/F, Kh.No-619/21, Chattar Pur, South Delhi, Delhi-110074 have changed the name of my minor daughter namely Krishna Devi aged 16 years and she shall hereafter be known as Priya.

**NAME CHANGE**

I hitherto known as Farman S/o Akeel Ahmed R/o B 272/27, Gali No 4, Subhash Mohalla North Ghonda, Garhi Mendu, Bhajan Pura, North East, Delhi-110053 have changed my name and shall hereafter be known as Farman Ahmed.

**NAME CHANGE**

I hitherto known as Atif S/o Manzoor Khan R/o 1/99-C, 4F/F, Gali No-5, Guru Harkrishan School Wali Gali, Kabir Nagar, Gokal Pur, North East Delhi, Delhi-110094 have changed my name and shall hereafter be known as Atif Khan.

**NAME CHANGE**

I hitherto known as Aakash S/o Makan Singh Rawat R/o 2087/5, Gali No.20, Prem Nagar Patel Nagar, Patel Nagar S.O, Central Delhi, Delhi-110008 have changed my name and shall hereafter be known as Akash Rawat.

**NAME CHANGE**

I hitherto known as Sanam Kumari W/o Samarjeet Gupta R/o E-400-D, Block-E, Ashok Nagar, Vasundhra Enclave, East Delhi, Delhi, Delhi-110096 have changed my name and shall hereafter be known as Sonam Sav.

**NAME CHANGE**

I hitherto known as Laxman Yadav alias Bhavikshan Yadav S/O Bechan Yadav R/O Gram Debra, Post Bela, Thana Babubarhi, Ward No-02, Bela, PO Bela, Dist Madhubani, Bihar-847224 have changed my name and shall hereafter be known as Bhavikshna Yadav.

**NAME CHANGE**

It is for general information that I, DINDAYAL KAPIL S/o BANWAR LAL KAPIL, R/o RZ-12 G, Gali No. 3, Gandhi Market, New Delhi, West Sagar Pur, South West Delhi, Delhi -110046, declare that name of mine has been wrongly written as DINDAYAL in my PPO No. 08/14/8/05982/1994. The actual name of mine is DINDAYAL KAPIL, which may be amended accordingly.

**PUBLIC NOTICE**

It is for general information that I, NIDHI AGGARWAL YADAV D/o VIRENDER KUMAR AGGARWAL, and Ex. Wife of AMIT YADAV, R/o H.No E-12, Hauz Khas, South West Delhi-110016, declare that I got divorce from my Ex. Husband AMIT YADAV vide Court Decree HMA No. 603/2019 dated 30 - 04-2019, further I have changed my name and shall hereafter be known as NIDHI AGGARWAL. I also have changed the name of my minor Son namely AAYAN YADAV, aged 16 years and my minor daughter namely ARSHIYA YADAV, aged 13 years and they shall hereafter be known as AAYAN AGGARWAL and ARSHIYA AGGARWAL respectively, which may be amended accordingly.

**NAME CHANGE**

I Taran Preet Singh Kochhar S/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Taranpreet Singh and Surname Kochhar for all purpose.

**NAME CHANGE**

I, Sansare Amrut Narayan father of No.4580889H Rank-Hav Name Sansare Ravindra Amrut residing at Vill. Deolali Pravara, Tehsil - Rahuri, District.Ahilyanagar, Maharashtra - 413716 have changed my name from Sansare Amrut Narayan to Amrut Narayan Sansare vide affidavit dated 15.07.2025 executed before Notary Public, Delhi.

**NAME CHANGE**

I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

**NAME CHANGE**

I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

**NAME CHANGE**

I, ANITA BANSAL W/O PAWAN BANSAL residing at B-504, MAYURDHWAJ APARTMENT, I.P EXTN. EAST DELHI-110092 have Change my name to ANITA RANI BANSAL for all future purpose.

**PUBLIC NOTICE**

I Jyoti pal W/O Sunil Kumar R/O WZ-125, Village Begumpur, North West Delhi , -110086.declare that name of mine has been wrongly written as Jyoti in my minor Daughter Yashika aged 14 years in her school cords and birth certificate no MCDOLR09368299 .The actual my name is Jyoti Pal.

**NAME CHANGE**

I, PUNNAM DEVI Wife of No-14913053K Rank-HAV Name-NARENDER SINGH R/O C-7, LAXMI GARDEN, NAJAFGARH, NEW DELHI-110043 have changed my name from PUNNAM DEVI to POONAM DEVI for all future purposes vide Affidavit Dated 30/09/2023 before Executive Magistrate, Delhi.

**NAME CHANGE**

I, NEETAS DEVI Wife of No-3204848W Rank-HAV Name-DHARMENDRA SINGH R/O VILL-BISHUNDAS, PO-MURSAN, DISTT-HATHRAS, U.P-204213 have changed my name from NEETAS DEVI to NITESH DEVI for all future purposes vide Affidavit Dated 30/09/2023 before Notary Public, Delhi.

**NAME CHANGE**

I Suvita Rana(d/o.Shri Omvir Singh) wife of Vikram Singh Rana was Suvita Rani before Marriage. After marriage I am also known as Suvita Rana and as such in my daughter's educational certificate my name (as her mother) is endorsed as Suvita Rana. Thus I affirm and confirm that Suvita Rani (my maiden name) and Suvita Rana (my name having surname of my husband Vikram Singh Rana) is the same person.

**NAME CHANGE**

I, HASINA BEGAM KHAN W/O SALIM IQBAL KHAN R/O TAURU ROAD, MARIA MANJIL SCHOOL ,ARAVALY COLONY, NUH, MEWAT, HARYANA-122107 HAVE CHANGED MY NAME TO HASINA BEGAM FOR ALL PURPOSE.

**NAME CHANGE**

I, Sudama Sharma S/O Devi Ram Sharma,R/O A - 3/106 - 107 , Sector-16 Rohini, Rohini Sector 15, North West Delhi, Delhi - 110089, have changed the name of my minor son namely Yash Sharma aged 15 years and he shall hereafter be known as Aayush Sharma.

**NAME CHANGE**

I, S VANITHA W/o No. 14838283N Rank-HAV/MT Name-RAMESH P R/o VILL-SEDRAMPUTTU, PO-SEDRAMPUTTU, TEH-POLUR, DIST-THRUVANNAMALAI, TAMIL NADU-632315, have changed my name from S VANITHA to VANITHA R for all future purposes vide Affidavit dated 15/07/2025 before Notary Public, Kupwara.

**NAME CHANGE**

I Tajinder Kaur W/o Jaspreet Singh Baweja R/o 52/43 Ramjas Road Karol Bagh Delhi -110005 Have Changed My Name To Tajinder Kaur Baweja For All Purpose.

**NAME CHANGE**

I, SANJAY KUMAR CHOUDHARY S/o LATE SH. LAXMAN CHAUDHARY Permanent R/o Parsauni Khirodhar, Sitamarhi, Bihar-843325 and Presently Residing at Plot No. B-20, Second Floor, Dass Garden, Baprola Vihar, Najafgarh, New Delhi-110043. declare that name of mine has been wrongly written as SANJAY CHOUDHARY in my minor daughter namely SHIWANGI CHOUDHARY aged 17 years in her 10th class Marksheet. The actual name of mine is SANJAY KUMAR CHOUDHARY, which may be amended accordingly.

**NAME CHANGE**

I, VINOD KUMAR S/O UDAY SINGH residing at FLAT NO-G-3/8, NEAR DDA WATER TANK, SECTOR-4, ROHINI, DELHI-110085 have changed my name to VINOD KUMAR KUSHWAHA for all future purpose.

**PUBLIC NOTICE**

My client Narender Kumar Chauhan S/o Pooran Singh R/o H.No.376, Chauhan Mohalla, Madanpur Khadar, Sarita Vihar, and disowned his son Harsh Chauhan and his wife Preeti Rani from his all movable-immovable properties due to their Vihar, Delhi-76, has severed all relations and disowned his disobedience. My client Shall not be responsible for their acts.

**ARJUN BIDHURI Advocate**
CH. NO.536, Saket Courts
New Delhi-110017.

**NAME CHANGE**

I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.

**PUBLIC NOTICE**

Information is given to general public at large that our client M/s Aspire Buildwell through prop. Mr. Karan Dudeja S/o Mr. Satish Kumar Dudeja is the owner of Freehold Residential Plot area measuring 309.49 sq. mtrs., out of Khata No. 195, Khasra No. 233K (87 sq. mtrs.,), & Khasra No. 236 (222.5 sq. mtrs.,), & Plot area measuring 108.69 sq. mtrs., out of Khasra No. 232Kh, Situated at Village - Jalpura, Pargana & Tehsil Dadri, Distt. Gautam Budh Nagar, U.P: Vide Sale Deed dated 03/05/2023 duly registered in the office of SR Dadri, as Doc No. 15787, Book No. 01, Vol No. 23442, Page Nos. 309-330 & Sale Deed dated 03/05/2023 duly registered in the office of SR Dadri, as Doc No. 15786, Book No. 01, Vol No. 23442, Page Nos. 287-308, it is stated that Mr. Rakesh Chandra Aggarwal & Mr. Rakesh Baranwal had purchased above said property as HUF but further they have sold invaluably, now our client is declaring that any other person does not have any right over the said property, which is to be financed by ICICI Home Finance Co. Ltd. Branch: Laxmi Nagar, Delhi. If any person(s) have any objection(s) or claim(s) with respect to the right, title or interest in the Said Property then contact us within 07 days from the date of Publication of this notice and or the same to the undersigned if found by any one. Thereafter no claim shall be entertained

**[NAVEEN KUMAR VERMA]**
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)

**NAME CHANGE**

I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

**NAME CHANGE**

I Kapil Kumar Yadav S/o Dinesh Yadav R/o House No-523 P, Sector-14,Gurgaon,Haryana-122001, Have Changed My Name To Kapil Yadav For All Purpose

**NAME CHANGE**

I hitherto known as JAGANATH KAPUR alias JAYANTI KAPUR W/o RAJ KUMAR KAPUR, R/o Near Dhingra Park, House No. 26, Road No. 14, East Punjabi Bagh, West Delhi, Delhi-110026, have changed my name and shall hereafter be known as JAYANTI KAPUR.

**NAME CHANGE**

It is for general information that I, VISHAL SONI S/o SUGHAR SINGH R/o 1338A/8, Gali No.-8, Nearby SK Depot, Govindpuri Kalkaji, Kalkaji, South Delhi, Delhi-110019, declare that name of mine has been wrongly written as VISHAL in my Driving Licence No. DL03 20090024443. The actual name of mine is VISHAL SONI, which may be amended accordingly.

**PUBLIC NOTICE**

Public notice is hereby given that my clients Mr. Sushil Kumar and Mr. Rajendra Kumar Tyagi both S/o Mr. Ved Prakash Tyagi, both R/o House No. 312, Saddiq Nagar, Near Auto Stand Sihani, Ghaziabad, Uttar Pradesh 201003, are owner of Residential Plot No. 43 & 44, area measuring 200 Square Yards i.e. 167.22 Square Meters out of Khasra No. 459, situated in the village Saddiq Nagar, Pargana Loni, Tehsil & District Ghaziabad, Uttar Pradesh, vide Khatauni Fasli Year 1427-1432 Calendar Year 2019-2024, it is pertinent to mention here that after the death of their father Mr. Ved Prakash Tyagi, they became the owner of the said property. My client is absolute owner of the said property which is free from encumbrance. The said property neither falls under acquisition nor falls under any litigation in any court of law. On date, being the absolute owner of the said property, my clients are going to sell the said property to Mrs. Deepika Singh W/o Mr. Krishna Kumar Singh. The same is going to be financed by PNB Housing Finance Ltd., branch Sahibabad, Ghaziabad, Uttar Pradesh. If any person(s) has/have any objection regarding the above said property, then kindly may submit his/her objection within 7 days from the date of the Notice in writing to undersigned or the said Bank/FI. The said objection may be kindly sent to the undersigned/bank by way of the Registered Post on the address given below and by E-mail. Failing which, the claim as per aforesaid shall be treated as null and void in respect of the subject property.

**[RUPESH KUMAR ROUSHAN]**
Advocate
D-803, Nandgram,
Ghaziabad,
Uttar Pradesh 201003
roushan.rupesh@gmail.com

**NAME CHANGE**

I, SIDDHARATH RANA S/O BHAGWAN RANA residing at H NO-1074, SIRASPUR, DELHI-110042 have changed my name to SIDDHARTH RANA for all future purpose.

**NAME CHANGE**

I, ABDUL TAWWAB S/O Shri Abdul Rehman Resident of House No. C-16, Abhimanyu Gali, Near Babu Ram Chowk, Arjun Mohalla, Moujpur, Delhi-110053 have changed my name ABDUL TAUWAB to ABDUL TAWWAB for all future purposes.

**NAME CHANGE**

I, SIDDHARATH RANA S/O BHAGWAN RANA residing at H NO-1074, SIRASPUR, DELHI-110042 have changed my name to SIDDHARTH RANA for all future purpose.

**NAME CHANGE**

I, Pradeep Kumar S/o Prem Chand R/o D-754/A, Gali No.1, Ashok Nagar, Shahdara, Delhi-110093 have changed the name of my minor son from Arjun to Arjun Vaidwan.

**PUBLIC NOTICE**

My client Gokul Chand S/o Prabhu Ram and his Wife Maya, H.No- 83, 84, F-4 Block, Sultanpuri, New Delhi- 86, has severed all his relations & connections from his Son Rajesh Kumar & disowned his from her all movable and immovable properties. My client shall not be responsible for his any acts.

**Shyam Sharma (Adv)**

**PUBLIC NOTICE**

I, IMRAJ S/o SHAKIL, R/o B-29, Nanda Road Adarsh Nagar North West Delhi-110033, do hereby solemnly affirm and declare that I have embraced HINDUISM RELIGION and renounced ISLAM RELIGION with effect from 07.06.2025

**NAME CHANGE**

I, IMRAJ S/o SHAKIL, R/o B-29, Nanda Road Adarsh Nagar North West Delhi-110033 have changed my name to RINKU THAKUR

**NAME CHANGE**

I, VANDANA is legally spouse of No. 15671777K Rank-HAV Name AMIT KUMAR AWASTHI, R/O H NO.-920, KESOOR, PO- KESOOR, DIST-DHAR, MADHYA PRADESH-454001 have changed my name from VANDANA to VANDANA AWASTHI for all future purposes. Vide Affidavit Dated 16/07/2025, Before Notary Public New Delhi.

**NAME CHANGE**

I, SALMA KHATUN is legally spouse of No. 15692253W Rank-HAV Name MURTUJA ALI, R/O VILL+POST-ARITHA, TEH-CHAS, THANA-CHANDANKAYRI, DIS-BOKARO, STATE-JHARKHAND, PIN 828134 have changed my name from SALMA KHATUN to SALMA KHATOON for all future purposes. Vide Affidavit Dated 16/07/2025 Before Notary Public New Delhi.

**NAME CHANGE**

I, No. 15692253W Rank-HAV Name MURTUJA ALI, S/o LATE ZABBER ANSARI R/O VILL+POST-ARITHA, TEH-CHAS, THANA-CHANDANKAYRI, DIS-BOKARO, STATE-JHARKHAND, PIN 828134 have changed my minor son name from MOHAMAD ALI to MOHAMMAD ALI for all future purposes. Vide Affidavit Dated 16/07/2025 Before Notary Public New Delhi.

**NAME CHANGE**

I, SH AUTAR SINGH Father of JC-413677X Rank-SUB MAJ Name-BHAGAT SINGH presently residing at VILL-BILTIYA SUKOLI TALLI, PO-DHAUNTIYAL, DIST-PAURI GARHWAL, UTTARAKHAND-246155 have changed my name from SH AUTAR SINGH to AVTAR SINGH for all future purposes vide affidavit dated 12/03/2024 before Notary Public, Delhi.

**NAME CHANGE**

I, D BABU father of NO-14842224Y Rank HAV/MT Name-ANOOP B R/O AALAYAM, VILL –KEEZHTHONNAKKAL, PO-POTHENCODE, DIST-TRIVANDRUM, KERALA-695584 have changed my name from D BABU to BABU D for all future purposes vide Affidavit Dated 12/03/2024 before Notary Public, Delhi.

**NAME CHANGE**

I Jaspreet Singh S/o Jagdeep Singh R/o 52/43 Ramjas Road Near Khalsa college Karol Bagh Delhi -110005 Have Changed My Name To Jaspreet Singh Baweja For All Purpose.

**NAME CHANGE**

I Sandeep Ved S/o Khushi Ram Ved R/o H.No-139/1,B-Block, Street No-3,Qutub Vihar Phase-2,Dwarka,Delhi-110071, Have Changed My Name To Sandeep Vaid For All Purpose

**NAME CHANGE**

I SONIKA D/O TARSEM SINGH R/o H.No-3054 New Abadi Faizpura Amritsar-1 Amritsar Punjab-143001, have changed my name to SONAMPREET KAUR.

**NAME CHANGE**

I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.

**NAME CHANGE**

I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

**NAME CHANGE**

I, ANITA BANSAL W/O PAWAN BANSAL residing at B-504, MAYURDHWAJ APARTMENT, I.P EXTN. EAST DELHI-110092 have Change my name to ANITA RANI BANSAL for all future purpose.

**PUBLIC NOTICE**

I Jyoti pal W/O Sunil Kumar R/O WZ-125, Village Begumpur, North West Delhi , -110086.declare that name of mine has been wrongly written as Jyoti in my minor Daughter Yashika aged 14 years in her school cords and birth certificate no MCDOLR09368299 .The actual my name is Jyoti Pal.

**NAME CHANGE**

I, PUNNAM DEVI Wife of No-14913053K Rank-HAV Name-NARENDER SINGH R/O C-7, LAXMI GARDEN, NAJAFGARH, NEW DELHI-110043 have changed my name from PUNNAM DEVI to POONAM DEVI for all future purposes vide Affidavit Dated 30/09/2023 before Executive Magistrate, Delhi.

**NAME CHANGE**

I, KRISHAN KANTA W/o IC-29820P (Late) Col SHIV KUMAR (Retd.) R/O H-104, VIVEK VIHAR, NEAR KENDRIYA VIHAR-2, SEC-82, NOIDA, SALARPUR, GAUTAM BUDDHA NAGAR, UTTAR PRADESH-201304 have changed my name from KRISHAN KANTA to KRISHAN KANTA RANDEV for all future purposes vide Affidavit Dated 12/03/2024 before Notary Public, Delhi.

**NAME CHANGE**

I, MEENA DEVI wife of JC-493248F Rank-NB/SUB Name-RAVINDER KUMAR R/O VPO-MURTHAL, TEH-SONIPAT, DISTT-SONIPAT, HARYANA-131027 have changed my name from MEENA DEVI to MEENA for all future purposes vide Affidavit Dated 11/03/2024 before Notary Public, Delhi.

**NAME CHANGE**

I, ANITA W/o NO- 2806617A HAV TANGADKAR SUBHASH SITARAM R/o VPO-GHARGAON, TEH-SANGAMNER, DISTT-AHMADNAGAR, MAHARASHTRA-422620, have changed my name from ANITA to ANITA SUBHASH TANGADKAR for all future purposes vide Affidavit dated 29/11/2022 before Notary Public Delhi.

**NAME CHANGE**

I, DATTATRAY NAGOJI PATIL father of NO-JC-379904X SUB MAJ PATIL MAHENDRA DATTATRAY R/O VILL-BONJURDI, PO-ADKUR, TEH-CHANDGAD, DISTT-KOLHAPUR, MH-416509, have changed my name from DATTATRAY NAGOJI PATIL to DATTA NAGOJI PATIL for all future purposes and in my son's service record my date of birth wrongly mentioned as 01/07/1953 instead of my correct date of birth as 17/01/1950 Vide Affidavit dated 29/11/2022 Before Notary Public, Delhi.

**PUBLIC NOTICE**

MY CLIENT NARENDER PAL AGARWAL, S/O, LATE SARDARI LAL AGARWAL AND NEETU AGARWAL W/O NARENDER PAL AGARWAL BOTH R/O H.NO. 49, NARELA ROAD, BAWANA, NEAR STATE BANK OF INDIA, NEW DELHI, PRESENTLY AT H.NO.122, WHITE HOUSE APARTMENT, SECTOR-13, ROHINI, NEW DELHI- 110085, HAVE DEBARRED THEIR SON NIKHIL AGARWAL AND HIS WIFE ANCHAL AGARWAL FROM THEIR ALL MOVABLE- IMMOVABLE PROPERTIES AND SHALL NOT HAVE ANY RIGHT, TITLE OR INTEREST IN MOVEABLE AND IMMOVABLE PROPERTIES AND SEVERED ALL THEIR RELATION DUE TO MISCONDUCT AND DISOBEDIENT. ANYBODY DEALING WITH THEM SHALL BEAR AT THEIR OWN COST, RISK & CONSEQUENCES

**PINKI LAMBA MANN**
ADVOCATE
OFF. A-205A, NORTH
EX.MALL, SECTOR-9,
ROHINI, NEW DELHI

**ਰਾਜ ਸਿੱਖਿਅਕ ਅਨੁਸੰਧਾਨ ਅਤੇ ਟ੍ਰੇਨਿੰਗ ਪਰਿਸ਼ਦ,**
**ਵਰੁਣ ਮਾਰਗ ਡਿਫੇਂਸ ਕਾਲੋਨੀ ਨਵੀਂ ਦਿੱਲੀ-110024**
**ਡੀ.ਐਲ.ਐਡ ਅਤੇ ਡੀ.ਪੀ.ਐਸ.ਈ. ਪ੍ਰਵੇਸ਼ ਸੂਚਨਾ 2026**

ਰਾਜ ਸਿੱਖਿਅਕ ਅਨੁਸੰਧਾਨ ਅਤੇ ਟ੍ਰੇਨਿੰਗ ਪਰਿਸ਼ਦ ਵਲੋਂ ਸੰਚਾਲਿਤ ਸਹਿ ਸਿੱਖਿਆ (ਮਹਿਲਾ ਪੁਰਸ਼ ਦੋਨੋਂ) ਡਾਇਟ ਅਤੇ ਸੰਬਧ ਸਵਵਿੱਤਪੋਸ਼ਿਤ ਗੈਰ-ਸਰਕਾਰੀ ਸੰਸਥਾਨਾਂ 'ਚ ਡੀ.ਐਲ.ਐਡ ਅਤੇ ਡਿਪਲੋਮਾ ਇਨ ਪ੍ਰੀ-ਸਕੂਲ ਐਜੁਕੇਸ਼ਨ (ਡੀ.ਪੀ.ਐਸ.ਈ.) (ਕੇਵਲ ਮਹਿਲਾ ਦੇ ਲਈ) ਦੋ ਸਾਲਾ ਡਿਪਲੋਮਾ ਪਾਠਕ੍ਰਮ 2026 'ਚ ਪ੍ਰਵੇਸ਼ ਲਈ ਵਧੇਰੇ ਵੇਰਵਾ ਵੈਬਸਾਈਟ www.scertdelhiadmission.nic.in 'ਤੇ ਉਪਲਬਧ ਹੈ।

ਨਿਦੇਸ਼ਕ

DIP/Shabdarth/Classified/0023/26-27

### ਟਰੇਡਰਜ਼ ਕਮਿਸ਼ਨ ਦੀ ਬੈਠਕ ਮੌਕੇ ਏ.ਡੀ.ਸੀ. ਵੱਲੋਂ 150 ਸ਼ਿਕਾਇਤਾਂ ਦਾ ਨਿਪਟਾਰਾ

# ਪ੍ਰਸ਼ਾਸਨ ਵੱਲੋਂ ਵਪਾਰੀਆਂ ਦੀ ਹਰ ਸਮੱਸਿਆ ਦਾ ਸਮਾਂਬੱਧ ਢੰਗ ਨਾਲ ਕੀਤਾ ਜਾਵੇਗਾ ਨਿਪਟਾਰਾ : ਸਿਮਰਪ੍ਰੀਤ ਕੌਰ

**ਪਟਿਆਲਾ, 17 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਜ਼ਿਲ੍ਹੇ ਦੇ ਵਪਾਰੀਆਂ ਦੀਆਂ ਸਮੱਸਿਆਵਾਂ ਦੇ ਹੱਲ ਲਈ ਏ.ਡੀ.ਸੀ. (ਜ) ਸਿਮਰਪ੍ਰੀਤ ਕੌਰ ਦੀ ਅਗਵਾਈ ਹੇਠ ਹੋਈ ਉਚ ਪੱਧਰੀ ਬੈਠਕ ਮੌਕੇ 150 ਸ਼ਿਕਾਇਤਾਂ ਦਾ ਮੌਕੇ ’ਤੇ ਹੀ ਹੱਲ ਕੀਤਾ ਗਿਆ। ਇਸ ਬੈਠਕ ਮੌਕੇ ਪੰਜਾਬ ਟ੍ਰੇਡਰਜ਼ ਕਮਿਸ਼ਨ ਦੇ ਮੈਂਬਰ ਸੰਜੀਵ ਗੁਪਤਾ, ਪਟਿਆਲਾ ਜ਼ਿਲ੍ਹਾ ਟ੍ਰੇਡਰਜ਼ ਕਮਿਸ਼ਨ ਦੇ ਚੇਅਰਮੈਨ ਵਿਨੋਦ ਸਿੰਗਲਾ ਅਤੇ ਵਾਈਸ ਚੇਅਰਮੈਨ ਗੁਰਪ੍ਰੀਤ ਸਿੰਘ ਧਮੌਲੀ ਸਮੇਤ ਵਿਧਾਨ ਸਭਾ ਹਲਕਿਆਂ ਦੇ ਟ੍ਰੇਡਰਜ਼ ਕਮਿਸ਼ਨਾਂ ਦੇ ਚੇਅਰਮੈਨ, ਐਸ.ਡੀ.ਐਮਜ਼, ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਤੇ ਵਪਾਰੀ ਭਾਈਚਾਰੇ ਦੇ ਨੁਮਾਇੰਦੇ ਵੀ ਮੌਜੂਦ ਸਨ।

ਏ.ਡੀ.ਸੀ. ਸਿਮਰਪ੍ਰੀਤ ਕੌਰ ਨੇ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀਆਂ ਹਦਾਇਤਾਂ ਮੁਤਾਬਕ ਵਪਾਰੀਆਂ ਨੂੰ ਦਰਪੇਸ਼ ਸਮੱਸਿਆਵਾਂ ਦੇ ਤੁਰੰਤ ਅਤੇ ਪ੍ਰਭਾਵਸ਼ਾਲੀ ਹੱਲ ਨੂੰ ਯਕੀਨੀ ਬਣਾਉਣ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਜ਼ਿਲ੍ਹੇ ਭਰ ਵਿੱਚ ਵਿਧਾਨ ਸਭਾ ਹਲਕਾ ਵਾਈਜ਼ ਕੀਤੀਆਂ ਗਈਆਂ ਬੈਠਕਾਂ ਦੌਰਾਨ ਕਰੀਬ 216 ਸ਼ਿਕਾਇਤਾਂ ਪ੍ਰਾਪਤ ਹੋਈਆਂ ਸਨ, ਜਿਨ੍ਹਾਂ ਵਿੱਚੋਂ ਅੱਜ ਮੌਕੇ ਉਤੇ ਹੀ 150 ਸ਼ਿਕਾਇਤਾਂ ਦਾ ਨਿਪਟਾਰਾ ਕਰ ਦਿੱਤਾ ਗਿਆ ਹੈ। ਇਸ ਤੋਂ ਇਲਾਵਾ 13 ਸ਼ਿਕਾਇਤਾਂ ਅਜਿਹੀਆਂ ਹਨ, ਜਿਨ੍ਹਾਂ ’ਤੇ ਕਾਰਵਾਈ ਕੀਤੀ ਜਾ ਰਹੀ ਹੈ ਤੇ 46 ਸ਼ਿਕਾਇਤਾਂ ਸਬੰਧਤ ਵਿਭਾਗਾਂ ਨੂੰ ਭੇਜੀਆਂ ਗਈਆਂ ਹਨ ਤੇ ਬਾਕੀ ਦਾ ਵੀ ਜਲਦ ਨਿਪਟਾਰਾ ਕਰ ਦਿੱਤਾ ਜਾਵੇਗਾ।



ਪਟਿਆਲਾ ਜ਼ਿਲ੍ਹੇ ਦੇ ਵਪਾਰੀਆਂ ਦੀਆਂ ਸਮੱਸਿਆਵਾਂ ਦੇ ਹੱਲ ਲਈ ਏ.ਡੀ.ਸੀ. (ਜ) ਸਿਮਰਪ੍ਰੀਤ ਕੌਰ ਦੀ ਅਗਵਾਈ ਹੇਠ ਹੋਈ ਉਚ ਪੱਧਰੀ ਬੈਠਕ ਮੌਕੇ ਸ਼ਿਰਕਤ ਕਰਦੇ ਹੋਏ ਪੰਜਾਬ ਟ੍ਰੇਡਰਜ਼ ਕਮਿਸਨ ਦੇ ਮੈਂਬਰ ਸੰਜੀਵ ਗੁਪਤਾ, ਚੇਅਰਮੈਨ ਵਿਨੋਦ ਸਿੰਗਲਾ ਅਤੇ ਵਾਈਸ ਚੇਅਰਮੈਨ ਗੁਰਪ੍ਰੀਤ ਸਿੰਘ ਧਮੋਲੀ ਤੇ ਹੋਰ।

ਇਸ ਮੌਕੇ ਆਪ ਦੇ ਸੂਬਾ ਸਕੱਤਰ ਤੇ ਮੈਂਬਰ ਪੰਜਾਬ ਟ੍ਰੇਡਰਜ਼ ਕਮਿਸਨ ਸੰਜੀਵ ਗੁਪਤਾ, ਚੇਅਰਮੈਨ ਵਿਨੋਦ ਸਿੰਗਲਾ ਅਤੇ ਵਾਈਸ ਚੇਅਰਮੈਨ ਗੁਰਪ੍ਰੀਤ ਸਿੰਘ ਧਮੋਲੀ ਨੇ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵਪਾਰੀਆਂ ਦੀ ਭਲਾਈ ਲਈ ਪੂਰੀ ਤਰ੍ਹਾਂ ਵਚਨਬੱਧ ਹੈ ਅਤੇ ਉਨ੍ਹਾਂ ਦੀਆਂ ਸਮੱਸਿਆਵਾਂ ਦੇ ਹੱਲ ਲਈ ਵਿਧਾਨ ਸਭਾ ਹਲਕੇ ਪੱਧਰ ‘ਤੇ ਟਰੇਡਰਜ਼ ਕਮਿਸ਼ਨ ਦਾ ਗਠਨ ਕੀਤਾ ਗਿਆ ਹੈ।

ਗੁਰਪ੍ਰੀਤ ਸਿੰਘ ਧਮੋਲੀ ਨੇ ਕਿਹਾ ਕਿ ਕਮਿਸ਼ਨ ਦਾ ਮੁੱਖ ਉਦੇਸ਼ ਵਪਾਰੀਆਂ ਦੀਆਂ ਸਮੱਸਿਆਵਾਂ ਨੂੰ ਸੁਣਨਾ ਤੇ ਉਨ੍ਹਾਂ ਦਾ ਸਮਾਂਬੱਧ ਢੰਗ ਨਾਲ ਨਿਪਟਾਰਾ ਕਰਨਾ ਹੈ, ਤਾਂ ਜੋ ਵਪਾਰਕ ਗਤੀਵਿਧੀਆਂ ਨੂੰ ਹੋਰ ਸੁਚਾਰੂ ਬਣਾਇਆ ਜਾ ਸਕੇ।ਉਨ੍ਹਾਂ ਵਪਾਰੀ ਭਾਈਚਾਰੇ ਨੂੰ ਅਪੀਲ ਕੀਤੀ ਕਿ ਉਹ ਆਪਣੀਆਂ ਸਮੱਸਿਆਵਾਂ ਦੇ ਹੱਲ ਲਈ ਟਰੇਡਰਜ਼ ਕਮਿਸ਼ਨ ਨਾਲ ਸਿੱਧਾ ਰਾਬਤਾ ਕਰਨ, ਤਾਂ ਜੋ ਉਨ੍ਹਾਂ ਦੀਆਂ ਮੰਗਾਂ ਦਾ ਤੁਰੰਤ ਨਿਪਟਾਰਾ ਕੀਤਾ ਜਾ ਸਕੇ।

ਬੈਠਕ ਦੌਰਾਨ ਪਟਿਆਲਾ ਦਿਹਾਤੀ ਹਲਕੇ ਤੋਂ ਚਰਨਜੀਤ ਸਿੰਘ ਐਸ.ਕੇ, ਰਾਜਪੁਰਾ ਤੋਂ ਟਿੱਕੂ ਬਾਂਸਲ, ਪਟਿਆਲਾ ਸ਼ਹਿਰੀ ਤੋਂ ਪੁਨੀਤ ਬੁਧੀਰਾਜਾ, ਸਮਾਣਾ ਤੋਂ ਰਜੇਸ਼ ਛਾਬੜਾ, ਸਨੌਰ ਤੋਂ ਵੇਦ ਪ੍ਰਕਾਸ਼ ਸਮੇਤ ਐਸ.ਪੀ. ਸਿਟੀ ਪਲਵਿੰਦਰ ਸਿੰਘ ਚੀਮਾ, ਸਹਾਇਕ ਕਮਿਸ਼ਨਰ ਰਾਜ ਕਰ ਗੁਰਸਿਮਰ ਕੌਰ, ਸਮੂਹ ਐਸ.ਡੀ.ਐਮਜ ਸਮੇਤ ਹੋਰ ਵਿਭਾਗਾਂ ਦੇ ਅਧਿਕਾਰੀ ਵੀ ਮੌਜੂਦ ਸਨ।

### ਮਾਮਲਾ: ਪਿੰਡ ਲਚਕਾਣੀ ਵਿਖੇ ਚੱਲੀ ਗੋਲੀ ਦਾ

# ਕਾਂਗਰਸੀ ਆਗੂ ਦੇ ਭਤੀਜੇ ਨੇ ਨਵਕਿਰਨ ਬਨੀ ਖਰੋੜ ਨੂੰ ਉਸ ਦੇ ਹੀ ਘਰ ਵਿਚ ਜਾ ਕੇ ਮਾਰੀ ਗੋਲੀ

**ਪਟਿਆਲਾ, 17 ਅਪ੍ਰੈਲ**
**ਅਮਰਜੀਤ ਸਿੰਘ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼ਹਿਰ ਤੋਂ ਕੁਝ ਕਿਲੋਮੀਟਰ ਦੀ ਦੂਰੀ ’ਤੇ ਸਥਿਤ ਪਿੰਡ ਲਚਕਾਣੀ ਵਿਖੇ ਬੀਤੇ ਰਾਤ ਗੋਲੀ ਚੱਲ ਗਈ, ਜਿਸ ਵਿਚ ਮਾਰਕੀਟ ਕਮੇਟੀ ਪਟਿਆਲਾ ਦੇ ਕਰਮਚਾਰੀ ਨਵਕਿਰਨ ਸਿੰਘ ਬਨੀ ਖਰੋੜ ਬੁਰੀ ਤਰ੍ਹਾਂ ਜਖਮੀ ਹੋ ਗਿਆ। ਗੋਲੀ ਨਵਕਿਰਨ ਬਨੀ ਦੇ ਦਿਲ ਦੇ ਕੋਲ ਤੋਂ ਲੰਘ ਗਈ। ਜਿਸ ਨਾਲ ਨਵਕਿਰਨ ਸਿੰਘ ਬੁਰੀ ਤਰ੍ਹਾਂ ਜਖਮੀ ਹੋ ਗਿਆ ਅਤੇ ਜਖਮੀ ਹਾਲਤ ਵਿਚ ਨਵਕਿਰਨ ਸਿੰਘ ਨੂੰ ਪ੍ਰਾਈਵੇਟ ਹਸਪਤਾਲ ਵਿਚ ਭਰਤੀ ਕਰਵਾਇਆ ਗਿਆ, ਜਿਥੇ ਉਸ ਦੀ ਹਾਲਤ ਅਜੇ ਵੀ ਨਾਜੁਕ ਦੱਸੀ ਜਾ ਰਹੀ ਹੈ। ਜਖਮੀ ਨਵਕਿਰਨ ਸਿੰਘ ਦੀ ਮਾਤਾ ਸੁਰਿੰਦਰ ਕੌਰ ਉਸ ਦੀ ਮਾਸੀ ਮਨਪ੍ਰੀਤ ਕੌਰ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਦੋਸ਼ ਲਗਾਇਆ ਗਿਆ ਉਨ੍ਹਾਂ ਦੀ ਨੂੰਹ ਦੇ ਕਾਂਗਰਸੀ ਆਗੂ ਦੇ ਭਤੀਜੇ ਨਾਲ ਸਬੰਧ ਹਨ। ਇਸ ਨੂੰ ਲੈ ਕੇ ਉਨ੍ਹਾਂ ਨੇ ਕਈ ਵਾਰ ਆਪਣੀ ਨੂੰਹ ਨੂੰ ਸਮਝਾਇਆ ਅਤੇ ਸਮਝਾਉਣ ਦੀ ਕੋਸ਼ਿਸ ਵਿਚ ਹੀ ਤਹਿਸ਼ ਵਿਚ ਆ ਕੇ ਉਨ੍ਹਾਂ ਦੀ ਨੂੰਹ ਨੇ ਕਾਂਗਰਸੀ ਆਗੂ ਦੇ ਭਤੀਜੇ ਨੂੰ ਫੋਨ ਕਰ ਦਿੱਤਾ ਅਤੇ ਉਹ ਸਿੱਧਾ ਉਨ੍ਹਾਂ ਦੇ ਘਰ ਆ ਗਏ ਅਤੇ



ਉਸ ਦੀ ਨਵਕਿਰਨ ਬਨੀ ਨਾਲ ਬਹਿਸ ਹੋ ਗਈ ਅਤੇ ਫਿਰ ਹੱਥੋ ਪਾਈ ਹੋਈ ਜਿਸ ਉਪਰੰਤ ਨਵਕਿਰਨ ਸਿੰਘ ਦੇ ਸਿਰ ਵਿੱਚ ਗੁੱਝੀਆਂ ਸੱਟਾਂ ਲੱਗਣ ਦੇ ਬਾਵਜੂਦ ਨਵਕਿਰਨ ਜਖਮੀ ਹੋ ਗਿਆ ਉਸ ਤੋਂ ਬਾਅਦ ਕਾਂਗਰਸੀ ਆਗੂ ਦੇ ਭਤੀਜੇ ਨੇ ਆਪਣਾ ਪਿਸਟਲ ਕੱਢਿਆ ਅਤੇ ਨਵਕਿਰਨ ਸਿੰਘ ਨੂੰ ਗੋਲੀ ਮਾਰ ਦਿੱਤੀ। ਗੋਲੀ ਨਵਕਿਰਨ ਸਿੰਘ ਬਨੀ ਖਰੋੜ ਦੇ ਦਿਲ ਦੇ ਕੋਲ ਦੀ ਹੋ ਕੇ ਲੰਘ ਗਈ। ਨਵਕਿਰਨ ਸਿੰਘ ਬਨੀ ਨੂੰ ਧਰਤੀ ਦੇ ਡਿੱਗੇ ਦੇਖ ਕੇ ਗੋਲੀ ਮਾਰਨ ਵਾਲਾ ਮੌਕੇ ਤੋਂ ਫਰਾਰ ਹੋ ਗਿਆ। ਜਖਮੀ ਨਵਕਿਰਨ ਨੂੰ ਸੰਭਾਲਣ ਲਈ ਲੋਕ ਇਕੱਠੇ ਹੋ ਕੇ ਗਏ ਅਤੇ ਜ਼ਖਮੀ ਲੜਕੇ ਨਵਕਿਰਨ ਨੂੰ ਉਸ ਦੇ ਚਾਚੇ ਵੱਲੋਂ ਪਟਿਆਲਾ ਦੇ ਇੱਕ ਨਿੱਜੀ ਹਸਪਤਾਲ ਵਿਖੇ ਇਲਾਜ ਲਈ ਦਾਖਲ ਕਰਵਾਇਆ ਗਿਆ। ਜਿਥੇ ਉਹ ਜੇਰੇ ਇਲਾਜ ਹੈ। ਪਰਿਵਾਰ ਦਾ ਕਹਿਣਾ ਹੈ ਕਿ ਗੋਲੀ ਚਲਾਉਣ ਵਾਲੇ ਉੱਚੀ ਪਹੁੰਚ ਵਾਲੇ ਹਨ ਅਤੇ ਉਨ੍ਹਾਂ ਤੋਂ ਪੂਰੇ ਪਰਿਵਾਰ ਦੀ ਜਾਨ ਨੂੰ ਖਤਰਾ ਹੈ। ਉਨ੍ਹਾਂ ਦੱਸਿਆ ਕਿ ਸਾਰਾ ਪਰਿਵਾਰ ਸਦਮੇ ਵਿਚ ਹੈ ਅਤੇ ਉਨ੍ਹਾਂ ਨੂੰ ਖਤਰਾ ਹੈ ਕਿ ਉਨ੍ਹਾਂ ਦੇ ਪਰਿਵਾਰ ’ਤੇ ਫੇਰ ਤੋਂ ਹਮਲਾ ਹੋ ਸਕਦਾ ਹੈ। ਉਨ੍ਹਾਂ ਐਸ.ਐਸ.ਪੀ. ਵਰੁਣ ਸ਼ਰਮਾ ਤੋਂ ਮੰਗ ਕੀਤੀ ਕਿ ਹਮਲਾਵਰਾ ਤੋਂ ਉਨ੍ਹਾਂ ਦੇ ਪਰਿਵਾਰ ਦੀ ਰੱਖਿਆ ਕੀਤੀ ਜਾਵੇ ਅਤੇ ਹਮਲਾਵਾਰ ਦੇ ਖਿਲਾਫ ਇਰਾਦਾ ਕਤਲ ਦਾ ਕੇਸ ਦਰਜ ਕਰਕੇ ਉਸ ਨੂੰ ਤੁਰੰਤ ਗ੍ਰਿਫਤਾਰ ਕੀਤਾ ਜਾਵੇ। ਇਸ ਸਬੰਧ ਵਿਚ ਜਦੋਂ ਐਸ.ਐਚ.ਓ. ਬਖਸ਼ੀਵਾਲਾ ਸੁਖਦੇਵ ਸਿੰਘ ਨਾਲ ਗੱਲਬਾਤ ਕੀਤੀ ਗਈ ਤਾਂ ਪੁਲਸ ਨੂੰ ਪਿੰਡ ਲਚਕਾਣੀ ਵਿਖੇ ਗੋਲੀ ਚੱਲਣ ਦੀ ਸੂਚਨਾ ਮਿਲੀ। ਜਿਸ ਵਿਚ ਇੱਕ ਵਿਅਕਤੀ ਜਖਮੀ ਹੋ ਗਿਆ। ਐਸ.ਐਚ.ਓ. ਨੇ ਦੱਸਿਆ ਕਿ ਪੁਲਸ ਪਾਰਟੀ ਜਖਮੀ ਦੇ ਬਿਆਨ ਲੈਣ ਲਈ ਭੇਜ ਦਿੱਤੀ ਗਈ ਹੈ ਅਤੇ ਬਿਆਨਾ ਦੇ ਅਧਾਰ ’ਤੇ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ ਅਤੇ ਪੂਰੀ ਘਟਨਾ ਕੀ ਹੈ, ਇਸ ਸਬੰਧ ਵਿਚ ਜਾਂਚ ਤੋਂ ਬਾਅਦ ਹੀ ਕੁਝ ਕਿਹਾ ਜਾ ਸਕਦਾ ਹੈ।

# ਪੰਜਾਬ ਪੈਨਸ਼ਨਰਜ਼ ਵੈਲਫੇਅਰ ਯੂਨੀਅਨ ਹੁਸ਼ਿਆਰਪੁਰ ਦੀ ਹੋਈ ਜਿਲ੍ਹਾ ਪੱਧਰੀ ਚੋਣ

**ਹੁਸ਼ਿਆਰਪੁਰ, 17 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਪੈਨਸ਼ਨਰਜ਼ ਵੈਲਫੇਅਰ ਯੂਨੀਅਨ ਹੁਸ਼ਿਆਰਪੁਰ ਦਾ ਡੈਲੀਗੇਟ ਇਜਲਾਸ ਅਤੇ ਜ਼ਿਲ੍ਹਾ ਪ੍ਰਧਾਨ ਅਤੇ ਸਕੱਤਰ ਦੀ ਚੋਣ ਸ਼੍ਰੀ ਮੌਨਸਰ ਮੰਦਿਰ ਮੁਕੇਰੀਆਂ ਵਿਖੇ ਸ. ਬਹਾਦਰ ਸਿੰਘ ਸੰਪਾਦਕ ਮੁਲਾਜ਼ਮ ਕੇਂਦਰ ਦੀ ਸਰਪ੍ਰਸਤੀ ਹੇਠ ਹੋਇਆ ਜਿਸ ਵਿੱਚ ਜ਼ਿਲ੍ਹੇ ਦੀਆਂ ਵੱਖ ਵੱਖ ਤਹਿਸੀਲਾਂ ਤੋਂ ਡੈਲੀਗੇਟ ਸ਼ਾਮਲ ਹੋਏ। ਸ਼ੁਰੂ ਵਿੱਚ ਵੀਤੇ ਦਿਨੀ ਸਦੀਵੀ ਵਿਛੋੜਾ ਦੇ ਗਏ ਮਾਸਟਰ ਉਜਾਗਰ ਸਿੰਘ ਬੇਲੀ ਪਰਾਲ੍ਹ, ਰਾਮ ਪ੍ਰਕਾਸ਼ ਪੰਡੋਰੀ, ਸੂਬਾ ਪ੍ਰਧਾਨ ਭਜਨ ਸਿੰਘ ਗਿੱਲ ਦੇ ਕੁੜਮ ਸ ?: ਗੁਰਜੰਟ ਸਿੰਘ ਅਤੇ ਹੋਰ ਸਾਥੀਆਂ ਨੂੰ ਦੋ ਮਿੰਟ ਦਾ ਮੌਨ ਧਾਰ ਕੇ ਸ਼ਰਧਾਂਜਲੀ ਭੇਟ ਕੀਤੀ ਗਈ। ਉਪਰੰਤ ਚੋਣ ਪ੍ਰਕਿਰਿਆ ਸ਼ੁਰੂ ਕੀਤੀ ਗਈ ਜਿਸ ਤੇ ਪ੍ਰਜਾਇਡਿੰਗ ਅਫਸਰ ਸੁਜਾਨ ਸਿੰਘ ਨੇ ਚੋਣ ਵਿੱਚ ਭਾਗ ਲੈਣ ਲਈ ਨਾਮਜ਼ਦਗੀ ਪੱਤਰ ਦਾਖਲ ਕਰਨ ਦੀ ਮੰਗ ਕੀਤੀ ਜਿਸ ਤੇ ਪ੍ਰਿੰਸੀਪਲ ਜਗਜੀਤ ਸਿੰਘ, ਦਿਲਾਵਰ ਸਿੰਘ ਮੀਰ ਪੁਰ ਅਤੇ ਹੋਰ ਬਹੁਤ ਸਾਰੇ ਪੈਨਸ਼ਨਰ ਸਾਥੀਆਂ ਨੇ ਸਾਥੀ ਨਰਿੰਦਰ ਸਿੰਘ ਗੋਲੀ ਨੂੰ ਪ੍ਰਧਾਨ ਦਾ ਉਮੀਦਵਾਰ ਨਾਮਜ਼ਦ ਕੀਤਾ। ਏਸੇ ਤਰ੍ਹਾਂ ਬ੍ਰਿਜ ਮੋਹਨ ਸੋਨੀ ਦਾ ਨਾਮ ਜਨਰਲ ਸਕੱਤਰ ਦੇ ਲਈ ਗਨੇਸ਼ ਦੱਤ ਮਹਿਤਾ ਅਤੇ ਬਲਦੇਵ ਸਿੰਘ ਸਮੇਤ ਹੋਰ ਬਹੁਤ ਸਾਰੇ ਸਾਥੀਆਂ ਨੇ ਨਾਮਜਦ ਕੀਤਾ ਅਤੇ ਹੋਰ ਕੋਈ ਵੀ ਨਾਮਜ਼ਦਗੀ ਪੱਤਰ ਦਾਖਲ ਨਾ ਹੋਣ ਕਰਕੇ ਪੀ ?ਜਾਈਡਿੰਗ ਅਫਸਰ ਸੁਜਾਨ ਸਿੰਘ ਨੇ ਨਰਿੰਦਰ ਸਿੰਘ ਗੋਲੀ ਨੂੰ ਅਤੇ ਬਿ ?ਜ ਮੋਹਨ ਸੋਨੀ ਨੂੰ ਕ੍ਰਮਵਾਰ ਜ਼ਿਲ੍ਹਾ ਪ੍ਰਧਾਨ ਅਤੇ ਸਕੱਤਰ ਚੁਣੇ ਜਾਣ ਦਾ ਐਲਾਨ ਕੀਤਾ। ਇਸ ਐਲਾਨ ਤੋਂ ਬਾਅਦ ਸ. ਬਹਾਦਰ ਸਿੰਘ, ਹਰਭਜਨ ਸਿੰਘ ਅਜਨੋਹਾ, ਬਲਵਿੰਦਰ ਸਿੰਘ,ਡਾ: ਜੁਗਿੰਦਰ ਸਿੰਘ,ਨੀਰਜ ਧੀਮਾਨ, ਪ੍ਰਿੰਸੀਪਲ ਦਵਿੰਦਰ ਸਿੰਘ, ਕੁੰਵਰ ਰਾਕੇਸ਼ ਸਿੰਘ, ਤੀਰਥ ਸਿੰਘ, ਜਸਵੀਰ ਸਿੰਘ, ਬਲਵੀਰ ਸਿੰਘ,ਪੇ ?ਮ ਸ਼ਰਮਾ, ਕਰਨੈਲ ਸਿੰਘ,ਉਮ ਪ੍ਰਕਾਸ਼ ਅਨੰਦ ਨੇ ਜਿਥੇ ਚੁਣੇ ਗਏ ਸਾਥੀਆਂ ਨੂੰ ਮੁਬਾਰਕਾਂ ਦਿੱਤੀਆਂ ਉਸ ਦੇ ਨਾਲ ਨਾਲ ਹੀ ਪੰਜਾਬ ਸਰਕਾਰ ਦੇ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੀਆਂ ਲੰਬੇ ਸਮੇਂ ਤੋਂ ਲਟਕਦੀਆਂ ਹੱਕੀ ਅਤੇ ਵਿਧਾਨਕ ਮੰਗਾਂ ਪ੍ਰਤੀ ਨਾਂਹ ਪੱਖੀ ਨੀਤੀਆਂ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕੀਤੀ ਉਨ੍ਹਾਂ ਕਿਹਾ ਕਿ ਅੱਜ ਤੋਂ ਹੀ ਇਹ ਪ੍ਰਣ ਕੀਤਾ ਜਾਵੇ ਕਿ ਆਉਣ ਵਾਲੀਆਂ 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਇਸ ਪਾਰਟੀ ਨੂੰ ਕਿਸੇ ਵੀ ਕੀਮਤ ਤੇ ਮੁੜ ਸੱਤਾ ਵਿੱਚ ਨਾ ਆਉਣ ਦਿੱਤਾ ਜਾਵੇ ਜਿਵੇਂ ਦਿੱਲੀ ਦੇ ਲੋਕਾਂ ਨੇ ਇਸ ਪਾਰਟੀ ਦਾ ਸਫ਼ਾਇਆ ਕੀਤਾ ਹੈ। ਚੁਣੇ ਗਏ ਪ੍ਰਧਾਨ ਅਤੇ ਸਕੱਤਰ ਨੂੰ ਬਸੰਤ ਸਿੰਘ, ਹਰਵਿੰਦਰ ਸਿੰਘ, ਸੁਭਾਸ਼ ਚੰਦਰ, ਰਵਿੰਦਰ ਸਿੰਘ ਮੁਕੇਰੀਆਂ ,ਧਰਮ ਪਾਲ, ਕਮਲਜੀਤ ਸਿੰਘ ਹੁਸ਼ਿਆਰਪੁਰ, ਜਸਵੀਰ ਸਿੰਘ, ਜਸਵਿੰਦਰ ਸਿੰਘ ਭਾਮ, ਬਲਵੀਰ ਸਿੰਘ ਮਾਹਿਲ ਪੁਰ, ਹਰਭਜਨ ਸਿੰਘ,ਤੀਰਥ ਸਿੰਘ ਹਰਮੇਸ਼ ਲਾਲ,ਪ੍ਰੀਮ ਸਿੰਘ ਅਤੇ ਹੋਰ ਬਹੁਤ ਸਾਰੇ ਸਾਥੀਆਂ ਨੇ ਮੁਬਾਰਕਾਂ ਦਿੰਦੇ ਹੋਏ ਉਨ੍ਹਾਂ ਦੇ ਚੰਗੇਰੇ ਭਵਿੱਖ ਦੀ ਕਾਮਨਾ ਕੀਤੀ।ਦੂਸਰੀ ਵਾਰ ਪ੍ਰਧਾਨ ਅਤੇ ਸਕੱਤਰ ਚੁਣੇ ਗਏ ਨਰਿੰਦਰ ਸਿੰਘ ਗੋਲੀ ਅਤੇ ਬ੍ਰਿਜ ਮੋਹਨ ਸੋਨੀ ਨੇ ਸਮੂਹ ਹਾਜ਼ਰ ਪੈਨਸ਼ਨਰ ਸਾਥੀਆਂ ਦਾ ਉਨ੍ਹਾਂ ਵਿੱਚ ਭਰੋਸਾ ਪ੍ਰਗਟ ਕਰਨ ਤੇ ਧੰਨਵਾਦ ਕੀਤਾ ਅਤੇ ਇਹ ਵਿਸ਼ਵਾਸ ਦਿਵਾਇਆ ਕਿ ਉਹ ਤਨ ਮਨ ਧਨ ਨਾਲ ਪੈਨਸ਼ਨਰਜ਼ ਦੀਆਂ ਮੰਗਾਂ ਲਈ ਪੂਰੀ ਤਰ੍ਹਾਂ ਸੰਘਰਸ਼ਸ਼ੀਲ ਰਹਿਣਗੇ ਅਤੇ ਸਥਾਨਕ ਸਮਸਿਆਵਾਂ ਅਤੇ ਬੈਂਕਾਂ ਨਾਲ ਸਬੰਧਤ ਮਸਲਿਆਂ ਦੇ ਹੱਲ ਲਈ ਹਰ ਵੇਲੇ ਤੱਤਪਰ ਰਹਿੰਦੇ ਹੋਏ ਆਪਣਾ ਫਰਜ਼ ਨਿਭਾਉਣਗੇ। ਇਸ ਅਜਲਾਸ ਵਿੱਚ ਰਾਮ ਕ੍ਰਿਸ਼ਨ, ਅਵਤਾਰ ਸਿੰਘ, ਜਸਵਿੰਦਰ ਸਿੰਘ, ਨਰਿੰਦਰ ਪਾਲ, ਕਪਲਜੀਤ ਗਿਰਧਾਰੀ ਲਾਲ ਸ਼ਮਸ਼ੇਰ ਸਿੰਘ ਹਰਦਿਆਲ ਸਿੰਘ ਕ੍ਰਿਸ਼ਨ ਕੁਮਾਰ ਨਿਰਮਲ ਚੰਦ ਛਿੱਬਰ ਕ੍ਰਿਸ਼ਨ ਚੋਪੜਾ ਇੰਨ: ਮਲਕੀਅਤ ਸਿੰਘ ਪ੍ਰੀਮ ਸਿੰਘ ਢੀਂਡਸਾ ਅਤੇ ਹੋਰ ਬਹੁਤ ਸਾਰੇ ਪੈਨਸ਼ਨਰ ਹਾਜ਼ਰ ਸਨ।

# ਐਸ ਪੀ ਹੈਡਕੁਆਰਟਰ ਵੈਭਵ ਚੋਧਰੀ ਵੱਲੋਂ ਸਟੇਟ ਐਵਾਰਡੀ ਪਰਮਿੰਦਰ ਭਲਵਾਨ ਨੂੰ ਨਸ਼ਿਆਂ ਵਿਰੁੱਧ ਕੀਤੇ ਜਾ ਰਹੇ ਕੰਮਾਂ ਲਈ ਪ੍ਰਸ਼ੰਸਾ ਪੱਤਰ ਦੇ ਕੇ ਕੀਤਾ ਸਨਮਾਨਿਤ

**ਪਟਿਆਲਾ, 17 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਅਤੇ ਪਟਿਆਲਾ ਜ਼ਿਲ੍ਹੇ ਦੀਆਂ ਨਾਮਵਰ ਸਮਾਜ ਸੇਵੀ ਸੰਸਥਾਵਾਂ ਜੋਂ ਕਿ ਲੰਮੇ ਸਮੇਂ ਤੋਂ ਪੰਜਾਬ ਪੁਲਿਸ ਦੇ ਸਹਿਯੋਗ ਨਾਲ ਨਸ਼ਿਆਂ ਵਿਰੁੱਧ ਕੰਮ ਕਰ ਰਹੀਆਂ ਯੂਥ ਫੈਡਰੇਸ਼ਨ ਆਫ ਇੰਡੀਆ, ਪਾਵਰ ਹਾਊਸ ਯੂਥ ਕਲੱਬ,ਯੁਵਕ ਸੇਵਾਵਾਂ ਕਲੱਬ ਦੀਪ ਨਗਰ ਦੀ ਟੀਮ ਦੇ ਸਰਪ੍ਰਸਤ ਸਟੇਟ ਐਵਾਰਡੀ ਪਰਮਿੰਦਰ ਭਲਵਾਨ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ, ਮੈਂਬਰ ਜ਼ਿਲ੍ਹਾ ਸਾਂਝ ਕੇਂਦਰ, ਮੈਂਬਰ ਯੁਵਾ ਸਾਂਝ ਕਮੇਟੀ, ਮੈਂਬਰ ਵੂਮੈਨ ਕੌਸਲਿੰਗ ਸੈਲ ਨੂੰ ਨਸ਼ਿਆਂ ਵਿਰੁੱਧ ਕੀਤੇ ਜਾ ਰਹੇ ਕੰਮਾਂ ਲਈ ਐਸ ਪੀ ਹੈਡਕੁਆਰਟਰ ਵੈਭਵ ਚੋਧਰੀ(ਆਈ .ਪੀ.ਐਸ) ਵੱਲੋਂ ਪ੍ਰਸ਼ੰਸਾ ਪੱਤਰ ਦੇ ਕੇ ਸਨਮਾਨਿਤ ਕੀਤਾ। ਇਸ ਮੌਕੇ ਐਸ ਪੀ ਹੈਡਕੁਆਰਟਰ ਵੈਭਵ ਚੋਧਰੀ ਨੇ ਕਿਹਾ ਕਿ ਡਾਇਰੈਕਟਰ ਜਰਨਲ ਆਫ ਪੁਲਿਸ ਗੋਰਵ ਯਾਦਵ,ਡੀ ਆਈ ਜੀ ਪਟਿਆਲਾ ਰੇਂਜ ਕੁਲਦੀਪ ਚਾਹਲ, ਐਸ ਐਸ ਪੀ ਪਟਿਆਲਾ ਵਰੁਣ ਸ਼ਰਮਾ ਜੀ ਦੀ ਅਗਵਾਈ ਹੇਠ ਸਟੇਟ ਐਵਾਰਡੀ ਪਰਮਿੰਦਰ ਭਲਵਾਨ ਅਤੇ ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਅਤੇ ਉਹਨਾਂ ਦੀਆਂ ਸਮਾਜ ਸੇਵੀ ਸੰਸਥਾਵਾਂ ਪੰਜਾਬ ਪੁਲਿਸ ਵੱਲੋਂ ਨਸ਼ਿਆਂ ਵਿਰੁੱਧ ਸ਼ੁਰੂ ਕੀਤੀ ਲੜਾਈ ਵਿੱਚ ਵੱਧ ਚੜ੍ਹਕੇ ਵਲੰਟੀਅਰ ਸਹਿਯੋਗ ਦੇ ਰਹੀਆਂ ਹਨ ਜੋਂ ਕਿ ਪ੍ਰਸੰਸਾਯੋਗ ਕਦਮ ਹੈ। ਉਹਨਾਂ ਕਿਹਾ ਕਿ ਇਸ ਟੀਮ ਵੱਲੋਂ




ਯੁੱਧ ਨਸ਼ਿਆਂ ਵਿਰੁੱਧ ਮੁਹਿੰਮ,ਨਸ਼ਾ ਮੁਕਤ ਭਾਰਤ ਅਭਿਆਨ ਤਹਿਤ ਪਿਛਲੇ ਦੋ ਸਾਲਾਂ ਵਿਚ ਪੰਜਾਬ ਦੇ ਵੱਖ ਵੱਖ ਸ਼ਹਿਰਾਂ ਵਿੱਚ ਤਕਰੀਬ 500 ਤੋਂ ਉਪਰ ਸੈਮੀਨਾਰ, ਰੈਲੀਆਂ, ਨੁੱਕੜ ਨਾਟਕਾਂ ਦਾ ਆਯੋਜਨ ਪੁਲਿਸ ਪ੍ਰਸ਼ਾਸਨ ਦੇ ਸਹਿਯੋਗ ਨਾਲ ਕਰ ਚੁੱਕੀਆਂ ਹਨ ਅਤੇ ਨੋਜਵਾਨਾ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਜਾਗਰੂਕ ਕੀਤਾ ਜਾ ਰਿਹਾ ਹੈ ਅਤੇ ਦੱਸਿਆ ਕਿ ਇਹਨਾਂ ਦੀ ਟੀਮ ਨੇ ਪਿਛਲੇ 15 ਸਾਲਾਂ ਤੋਂ ਨਸ਼ਿਆਂ ਵਿਰੁੱਧ ਤਕਰੀਬਨ 4200 ਤੋਂ ਵੱਧ ਜਾਗਰੂਕਤਾ ਪ੍ਰੋਗਰਾਮ ਦਾ ਆਯੋਜਨ ਕਰ ਚੁੱਕੀ ਹੈ ਅਤੇ ਨੋਜਵਾਨਾ ਨੂੰ ਨਸ਼ਿਆਂ ਦੀ ਦਲਦਲ ਵਿਚੋਂ ਬਾਹਰ ਕੱਢਣ ਲਈ ਉਪਰਾਲੇ ਕੀਤੇ ਜਾ ਰਹੇ ਹਨ ਜੋਂ ਕਿ ਬਹੁਤ ਹੀ ਸ਼ਲਾਘਾਯੋਗ ਹੈ।ਉਹਨਾਂ ਕਿਹਾ ਕਿ ਪਟਿਆਲਾ ਪੁਲਿਸ ਵੱਲੋਂ ਨਸ਼ਿਆਂ ਦੇ ਵੱਡੇ ਮੱਗਰਮੱਛਾਂ ਨੂੰ ਨਕੇਲ ਪਾਈ ਜਾ ਰਹੀ ਹੈ। ਉਹਨਾਂ ਕਿਹਾ ਕਿ ਨਸ਼ਾ ਤਸਕਰਾਂ ਨੂੰ ਕਿਸੇ ਵੀ ਕੀਮਤ ਤੇ ਨਹੀਂ ਬਖਸ਼ਿਆ ਜਾਵੇਗਾ ਅਤੇ ਨਸ਼ਾ ਤਸਕਰਾਂ ਦੀਆਂ ਜਾਇਦਾਦਾਂ ਕੁਰਕ ਕੀਤੀਆਂ ਜਾ ਰਹੀਆਂ ਹਨ, ਅਤੇ ਅੱਗੇ ਤੋਂ ਵੀ ਨਸ਼ਾ ਤਸਕਰਾਂ ਦੀਆਂ ਜਾਇਦਾਦਾਂ ਕੁਰਕ ਕੀਤੀਆਂ ਜਾਂਦੀਆਂ ਰਹਿਣਗੀਆਂ। ਉਹਨਾਂ ਕਿਹਾ ਕਿ ਪਟਿਆਲਾ ਪੁਲਿਸ ਨਸ਼ਿਆਂ ਦੇ ਖਾਤਮੇ ਲਈ ਪੂਰੀ ਤਰ੍ਹਾਂ ਵਚਨਬੱਧ ਹੈ ਇਸ ਲਈ ਪਬਲਿਕ ਨੂੰ ਬਗੈਰ ਕਿਸੇ ਡਰ ਭੈ ਦੇ ਨਸ਼ਾ ਤਸਕਰਾਂ ਦੀ ਸੂਚਨਾ ਪੁਲਿਸ ਨੂੰ ਦੇਣ ਲਈ ਅੱਗੇ ਆਉਣਾ ਚਾਹੀਦਾ ਹੈ।ਇਸ ਮੌਕੇ ਸਟੇਟ ਐਵਾਰਡੀ ਪਰਮਿੰਦਰ ਭਲਵਾਨ ਨੇ ਐਸ ਪੀ ਹੈਡਕੁਆਰਟਰ ਵੈਭਵ ਚੋਧਰੀ ਨੂੰ ਭਰੋਸਾ ਦਿਵਾਇਆ ਕਿ ਉਹਨਾਂ ਦੀ ਟੀਮ ਹਮੇਸ਼ਾ ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ ਦੀ ਅਗਵਾਈ ਹੇਠ ਪੰਜਾਬ ਪੁਲਿਸ ਵੱਲੋਂ ਸ਼ੁਰੂ ਕੀਤੀ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਨਸ਼ਿਆਂ ਵਿਰੁੱਧ ਜਾਗਰੂਕਤਾ ਪ੍ਰੋਗਰਾਮ ਜ਼ਿਲ੍ਹਾ ਪੁਲਿਸ ਪ੍ਰਸ਼ਾਸਨ ਨਾਲ ਮਿਲਕੇ ਪ੍ਰੋਗਰਾਮਾਂ ਦਾ ਆਯੋਜਨ ਕਰਨ ਗਈਆ ਅਤੇ ਉਹਨਾਂ ਦੀ ਟੀਮ ਵੱਲੋਂ ਨੋਜਵਾਨਾ ਅਤੇ ਪਬਲਿਕ ਨੂੰ ਨਸ਼ਿਆਂ ਵਿਰੁੱਧ ਜਾਗਰੂਕਤਾ ਲਈ ਮੁਫ਼ਤ ਕਿਤਾਬਾਂ ਵੀ ਵੰਡੀਆਂ ਜਾਣਗੀਆਂ। ਇਸ ਮੌਕੇ ਸੁਖਜਿੰਦਰ ਸਿੰਘ ਇੰਚਾਰਜ ਜ਼ਿਲ੍ਹਾ ਸਾਂਝ ਕੇਂਦਰ ਪਟਿਆਲਾ ਪੁਲਿਸ, ਜਗਤਾਰ ਸਿੰਘ ਰੀਡਰ ਐਸ ਪੀ ਹੈਡਕੁਆਰਟਰ ਪਟਿਆਲਾ ਵੀ ਹਾਜ਼ਰ ਸਨ।ਫੋਟੋ ਕੈਪਸਨ, ਐਸ ਪੀ ਹੈਡਕੁਆਰਟਰ ਵੈਭਵ ਚੋਧਰੀ ਅਤੇ ਸੁਖਜਿੰਦਰ ਸਿੰਘ ਸਟੇਟ ਐਵਾਰਡੀ ਪਰਮਿੰਦਰ ਭਲਵਾਨ ਨੂੰ ਪ੍ਰਸੰਸਾ ਪੱਤਰ ਦੇ ਕੇ ਸਨਮਾਨਿਤ ਕਰਦੇ ਹੋਏ।

# ਬਿੱਲ ਪਾਸ ਹੋਣ ਮਗਰੋਂ ਸਿੱਖਾਂ ਵਿੱਚ ਖ਼ੁਸ਼ੀ ਦੀ ਲਹਿਰ

**ਸਮਾਣਾ, 17 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਵਿਧਾਨ ਸਭਾ ਦੇ ਵਿਸ਼ੇਸ਼ ਇਜਲਾਸ ਵਿੱਚ ਅੱਜ ‘ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸੋਧ ਬਿੱਲ 2026’ ਪਾਸ ਹੋਣ ਨਾਲ ਧਾਰਮਿਕ ਗ੍ਰੰਥਾਂ ਦੀ ਬੇਅਦਬੀ ਰੋਕਣ ਲਈ ਸਖ਼ਤ ਕਾਨੂੰਨ ਦੀ ਮੰਗ ਕਰ ਰਹੇ ਭਾਈ ਗੁਰਜੀਤ ਸਿੰਘ ਖ਼ਾਲਸਾ ਦੀ ਮੁੱਖ ਮੰਗ ਪੂਰੀ ਹੋ ਗਈ ਹੈ। ਇਸ ਇਤਿਹਾਸਕ ਬਿੱਲ ਦੇ ਪਾਸ ਹੋਣ ਦੀ ਖ਼ਬਰ ਮਿਲਦਿਆਂ ਹੀ ਬਾਬਾ ਬੰਦਾ ਸਿੰਘ ਬਹਾਦਰ ਚੌਕ ਵਿੱਚ ਪਿਛਲੇ ਲੰਮੇ ਸਮੇਂ ਤੋਂ ਧਰਨੇ ’ਤੇ ਬੈਠੇ ਸਿੱਖਾਂ ਵਿੱਚ ਖ਼ੁਸ਼ੀ ਦੀ ਲਹਿਰ ਹੈ ਅਤੇ ਪੂਰਾ ਪੰਡਾਲ ਜੈਕਾਰਿਆਂ ਨਾਲ ਗੂੰਜ ਉੱਠਿਆ। ਟਾਵਰ ਮੋਰਚਾ ਸੰਚਾਲਨ ਸੰਘਰਸ਼ ਕਮੇਟੀ ਦੇ ਮੈਂਬਰਾਂ ਤਲਵਿੰਦਰ ਸਿੰਘ ਔਲਖ ਅਤੇ ਗੁਰਪ੍ਰੀਤ ਸਿੰਘ ਨੇ ਦੱਸਿਆ ਕਿ ਪੰਜਾਬ ਸਰਕਾਰ ਨੇ ‘ਧਰਮ ਯੁੱਧ ਮੋਰਚਾ ਕਮੇਟੀ’ ਵੱਲੋਂ ਦਿੱਤੇ ਮੰਗ ਪੱਤਰ ਦੀਆਂ ਤਕਰੀਬਨ ਸਾਰੀਆਂ ਸ਼ਰਤਾਂ ਮੰਨ ਲਈਆਂ ਹਨ। ਹਾਲਾਂਕਿ, ਫਾਸਟ ਟਰੈਕ ਅਦਾਲਤਾਂ ਦੇ ਗਠਨ




ਅਤੇ ਅਧਿਕਾਰਤ ਨੋਟੀਫਿਕੇਸ਼ਨ ਵਰਗੇ ਅਹਿਮ ਮੁੱਦਿਆਂ ’ਤੇ ਹਾਲੇ ਅੰਤਿਮ ਫ਼ੈਸਲਾ ਬਾਕੀ ਹੈ। 570 ਦਿਨਾਂ ਤੋਂ 400 ਫ਼ੁੱਟ ਉੱਚੇ ਟਾਵਰ ’ਤੇ ਡਟੇ ਭਾਈ ਗੁਰਜੀਤ ਸਿੰਘ ਖ਼ਾਲਸਾ ਨੇ ਵੀ ਸਰਕਾਰ ਦੀ ਕਾਰਵਾਈ ’ਤੇ ਸਹਿਮਤੀ ਜਤਾਈ ਹੈ। ਉਨ੍ਹਾਂ ਸਪੱਸ਼ਟ ਕੀਤਾ ਕਿ ਜਿਸ ਦਿਨ ਵਿਧਾਨ ਸਭਾ ਸਪੀਕਰ ਕੁਲਤਾਰ ਸਿੰਘ ਸੰਧਵਾਂ ਖ਼ੁਦ ਕਾਨੂੰਨ ਦੀਆਂ ਕਾਪੀਆਂ ਲੈ ਕੇ ਮੋਰਚੇ ’ਤੇ ਪਹੁੰਚਣਗੇ, ਉਸ ਤੋਂ ਬਾਅਦ ਹੀ ਉਹ ਟਾਵਰ ਤੋਂ ਉਤਰਨਗੇ।

ਦੂਜੇ ਪਾਸੇ ਸੰਘਰਸ਼ ਕਮੇਟੀ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਉਸ ਬਿਆਨ ਦੀ ਸਖ਼ਤ ਨਿਖੇਧੀ ਕੀਤੀ ਹੈ, ਜਿਸ ਵਿੱਚ ਸਰਕਾਰ ਨਾਲ ਸਹਿਮਤੀ ਨਾ ਹੋਣ ਦੀ ਗੱਲ ਕਹੀ ਗਈ ਸੀ। ਕਮੇਟੀ ਆਗੂਆਂ ਨੇ ਇਸ ਨੂੰ ਮੰਦਭਾਗੀ ਰਾਜਨੀਤੀ ਕਰਾਰ ਦਿੱਤਾ।

# ਪ੍ਰੀ-ਮੈਟ੍ਰਿਕ ਸਕਾਲਰਸ਼ਿਪ ਸਕੀਮ ਅਧੀਨ 92 ਹਜ਼ਾਰ ਤੋਂ ਵੱਧ ਵਿਦਿਆਰਥੀਆਂ ਨੂੰ ਲਾਭ

**ਚੰਡੀਗੜ੍ਹ, 17 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਵੱਲੋਂ ਹਾਸ਼ੀਆਗ੍ਰਸਤ ਵਰਗਾਂ ਦੇ ਵਿਦਿਆਰਥੀਆਂ ਦੀ ਸਿੱਖਿਆ ਨੂੰ ਮਜ਼ਬੂਤ ਕਰਨ ਵੱਲ ਇੱਕ ਹੋਰ ਮਹੱਤਵਪੂਰਨ ਕਦਮ ਚੁੱਕਦਿਆਂ ਪ੍ਰੀ-ਮੈਟ੍ਰਿਕ ਸਕਾਲਰਸ਼ਿਪ ਸਕੀਮ ਅਧੀਨ ਕਰੀਬ 13 ਕਰੋੜ ਰੁਪਏ ਦੇ ਵਜੀਫੇ ਜਾਰੀ ਕੀਤੇ ਗਏ ਹਨ। ਇਹ ਜਾਣਕਾਰੀ ਦਿੰਦਿਆਂ ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਮਾਮਲੇ ਮੰਤਰੀ ਡਾ. ਬਲਜੀਤ ਕੌਰ ਨੇ ਦੱਸਿਆ ਕਿ ਵਿੱਤੀ ਸਾਲ 2025-26 ਦੌਰਾਨ ਇਸ ਸਕੀਮ ਤਹਿਤ ਅਨੁਸੂਚਿਤ ਜਾਤੀਆਂ ਨਾਲ ਸੰਬੰਧਤ ਵਿਦਿਆਰਥੀਆਂ ਨੂੰ ਇਹ ਰਕਮ ਅਦਾਇਗੀ ਕੀਤੀ ਗਈ ਹੈ।

ਉਨ੍ਹਾਂ ਹੋਰ ਦੱਸਿਆ ਕਿ ਇਸ ਸਕੀਮ ਅਧੀਨ ਸੂਬੇ ਭਰ ਦੇ 92 ਹਜ਼ਾਰ ਤੋਂ ਵੱਧ ਵਿਦਿਆਰਥੀਆਂ ਨੂੰ ਲਾਭ ਪਹੁੰਚਾਇਆ ਗਿਆ ਹੈ, ਜਿਸ ਨਾਲ ਹਜ਼ਾਰਾਂ ਲੋੜਵੰਦ ਪਰਿਵਾਰਾਂ ਨੂੰ ਆਪਣੇ ਬੱਚਿਆਂ ਦੀ ਪੜ੍ਹਾਈ ਜਾਰੀ ਰੱਖਣ ਵਿੱਚ ਵੱਡੀ ਸਹਾਇਤਾ ਮਿਲੀ ਹੈ। ਇਸ ਰਕਮ ਨਾਲ ਵਿਦਿਆਰਥੀਆਂ ਨੂੰ ਕਿਤਾਬਾਂ, ਯੂਨੀਫਾਰਮ ਅਤੇ ਹੋਰ ਸਿੱਖਿਆ ਸੰਬੰਧੀ ਜ਼ਰੂਰਤਾਂ ਪੂਰੀ ਕਰਨ ਵਿੱਚ ਮਦਦ ਮਿਲੀ ਹੈ।

ਡਾ. ਬਲਜੀਤ ਕੌਰ ਨੇ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦਾ ਟੀਚਾ ਹੈ ਕਿ ਕੋਈ ਵੀ ਵਿਦਿਆਰਥੀ ਆਰਥਿਕ ਤੰਗੀ ਕਾਰਨ ਸਿੱਖਿਆ ਤੋਂ ਵਾਂਝਾ ਨਾ ਰਹੇ। ਉਨ੍ਹਾਂ ਕਿਹਾ ਕਿ ਸਰਕਾਰ ਸਿੱਖਿਆ ਨੂੰ ਸਮਾਜਿਕ ਬਦਲਾਅ ਦਾ ਸਭ ਤੋਂ ਮਜ਼ਬੂਤ ਸਾਧਨ ਮੰਨਦੀ ਹੈ ਅਤੇ ਇਸੇ ਦਿਸ਼ਾ ਵਿੱਚ ਲਗਾਤਾਰ ਯਤਨ ਕੀਤੇ ਜਾ ਰਹੇ ਹਨ।

ਉਨ੍ਹਾਂ ਕਿਹਾ ਕਿ ਇਹ ਸਕਾਲਰਸ਼ਿਪ ਸਿਰਫ਼ ਵਿੱਤੀ ਸਹਾਇਤਾ ਹੀ ਨਹੀਂ, ਸਗੋਂ ਲੋੜਵੰਦ ਵਿਦਿਆਰਥੀਆਂ ਦੇ ਸੁਪਨਿਆਂ ਨੂੰ ਪੱਖ ਦੇਣ ਦੀ ਇੱਕ ਮਹੱਤਵਪੂਰਨ ਕੋਸ਼ਿਸ਼ ਹੈ। ਕਈ ਪਰਿਵਾਰ ਅਜਿਹੇ ਹਨ ਜਿਨ੍ਹਾਂ ਲਈ ਬੱਚਿਆਂ ਦੀ ਪੜ੍ਹਾਈ ਦਾ ਖਰਚਾ ਝੇਲਣਾ ਮੁਸ਼ਕਲ ਹੁੰਦਾ ਹੈ ਅਤੇ ਇਸ ਤਰ੍ਹਾਂ ਦੀ ਸਹਾਇਤਾ ਉਨ੍ਹਾਂ ਲਈ ਵੱਡੀ ਉਮੀਦ ਬਣਦੀ ਹੈ।

ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸਿੱਖਿਆ ਖੇਤਰ ਵਿੱਚ ਕੀਤੇ ਜਾ ਰਹੇ ਇਹ ਉਪਰਾਲੇ ਭਵਿੱਖ ਵਿੱਚ ਸਮਾਜਿਕ ਅਤੇ ਆਰਥਿਕ ਤੌਰ ’ਤੇ ਮਜ਼ਬੂਤ ਪੰਜਾਬ ਦੀ ਨੀਂਹ ਰੱਖਣਗੇ। ਉਨ੍ਹਾਂ ਕਿਹਾ ਕਿ ਹਾਸ਼ੀਆਗ੍ਰਸਤ ਵਰਗਾਂ ਦੇ ਵਿਦਿਆਰਥੀਆਂ ਨੂੰ ਗੁਣਵੱਤਾ ਭਰੀ ਸਿੱਖਿਆ ਮੁਹੱਈਆ ਕਰਵਾਉਣਾ ਸਰਕਾਰ ਦੀ ਪ੍ਰਮੁੱਖ ਤਰਜੀਹ ਹੈ ਅਤੇ ਇਸ ਦਿਸ਼ਾ ਵਿੱਚ ਅਗਲੇ ਸਮੇਂ ਵਿੱਚ ਵੀ ਹੋਰ ਪ੍ਰਭਾਵਸ਼ਾਲੀ ਕਦਮ ਚੁੱਕੇ ਜਾਣਗੇ।

ਡਾ. ਬਲਜੀਤ ਕੌਰ ਨੇ ਦੋਹਰਾਇਆ ਕਿ ਪੰਜਾਬ ਸਰਕਾਰ ਸਿੱਖਿਆ ਰਾਹੀਂ ਸਮਾਨ ਮੌਕੇ ਪ੍ਰਦਾਨ ਕਰਨ ਲਈ ਵਚਨਬੱਧ ਹੈ ਅਤੇ ਇਹ ਯਕੀਨੀ ਬਣਾਇਆ ਜਾ ਰਿਹਾ ਹੈ ਕਿ ਹਰ ਲੋੜਵੰਦ ਵਿਦਿਆਰਥੀ ਤੱਕ ਸਰਕਾਰੀ ਸਕੀਮਾਂ ਦਾ ਲਾਭ ਪਹੁੰਚੇ।

# ਪੰਚਾਇਤੀ ਜ਼ਮੀਨਾਂ ’ਚੋਂ ਦਲਿਤਾਂ ਨੂੰ ਬਣਦਾ ਹੱਕ ਦੇਣ ਦੀ ਮੰਗ

**ਸੰਗਰੂਰ, 17 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਨੇ ਸਥਾਨਕ ਗ਼ਦਰ ਮੈਮੋਰੀਅਲ ਭਵਨ ਵਿੱਚ ਪੰਚਾਇਤੀ ਜ਼ਮੀਨ ਦੀਆਂ ਬੋਲੀਆਂ ਸਬੰਧੀ ਵਿਸ਼ੇਸ਼ ਮੀਟਿੰਗ ਕੀਤੀ। ਇਸ ਮੌਕੇ ਕਮੇਟੀ ਦੇ ਆਗੂਆਂ ਨੇ ਸਰਕਾਰ ਦੀਆਂ ਨੀਤੀਆਂ ’ਤੇ ਸਵਾਲ ਚੁੱਕਦਿਆਂ ਦਲਿਤ ਮਜ਼ਦੂਰਾਂ ਦੇ ਹੱਕਾਂ ਦੀ ਰਾਖੀ ਲਈ ਕਈ ਮੰਗਾਂ ਰੱਖੀਆਂ।

ਕਮੇਟੀ ਦੇ ਪ੍ਰਧਾਨ ਮੁਕੇਸ਼ ਮਲੌਦ ਅਤੇ ਜਨਰਲ ਸਕੱਤਰ ਗੁਰਵਿੰਦਰ ਬੌੜਾਂ ਨੇ ਦੱਸਿਆ ਕਿ ਪੰਚਾਇਤੀ ਜ਼ਮੀਨਾਂ ਦੀ ਬੋਲੀ ਦਾ ਅਮਲ ਸ਼ੁਰੂ ਹੋਣ ਵਾਲਾ ਹੈ ਪਰ ਸਰਕਾਰ ਨੇ ਡੰਮੀ ਬੋਲੀਆਂ ਰੋਕਣ ਲਈ ਕੋਈ ਠੋਸ ਕਦਮ ਨਹੀਂ ਚੁੱਕਿਆ। ਪਿਛਲੇ ਸਾਲਾਂ ਦੇ ਤਜਰਬੇ ਦੱਸਦੇ ਹਨ ਕਿ ਪੁਖ਼ਤਾ ਪ੍ਰਬੰਧ ਨਾ ਹੋਣ ਕਾਰਨ ਪਿੰਡਾਂ ਵਿੱਚ ਟਕਰਾਅ ਦੀ ਸਥਿਤੀ ਬਣੀ ਰਹਿੰਦੀ ਹੈ। ਆਗੂਆਂ ਨੇ ਮੰਗ ਕੀਤੀ ਕਿ ਪੰਚਾਇਤੀ ਜ਼ਮੀਨ ਦਾ ਤੀਜਾ ਹਿੱਸਾ ਦਲਿਤ ਮਜ਼ਦੂਰਾਂ ਨੂੰ ਸਹਿਕਾਰੀ ਸਭਾਵਾਂ (ਸੁਸਾਇਟੀਆਂ) ਬਣਾ ਕੇ ਘੱਟ ਰੇਟ ’ਤੇ ਸਾਂਝੀ ਖੇਤੀ ਲਈ ਦਿੱਤਾ ਜਾਵੇ।

ਕਮੇਟੀ ਨੇ ਜ਼ੋਰ ਦਿੱਤਾ ਕਿ ਰਾਖਵੇਂ ਕੋਟੇ ਦੀ ਜ਼ਮੀਨ ਦੀ ਬੋਲੀ ਸਾਂਝੀ ਥਾਂ ਜਾਂ ਐੱਸ ਸੀ ਧਰਮਸ਼ਾਲਾ ਵਿੱਚ ਕਰਵਾਉਣੀ ਯਕੀਨੀ ਬਣਾਈ ਜਾਵੇ, ਜਿਨ੍ਹਾਂ ਪਿੰਡਾਂ ਵਿੱਚ ਜ਼ਮੀਨ ਦੇ ਫ਼ੈਸਲੇ ਪੰਚਾਇਤਾਂ ਦੇ ਹੱਕ ਵਿੱਚ ਹੋ ਚੁੱਕੇ ਹਨ, ਉੱਥੋਂ ਨਾਜਾਇਜ਼ ਕਬਜ਼ੇ ਤੁਰੰਤ ਹਟਾ ਕੇ ਦਲਿਤਾਂ ਦਾ ਹਿੱਸਾ ਦਿੱਤਾ ਜਾਵੇ। ਮੀਟਿੰਗ ਦੌਰਾਨ ਰਾਖਵੇਂ ਕੋਟੇ ਦੀਆਂ ਜ਼ਮੀਨਾਂ ਲਈ ਰਸਤੇ ਅਤੇ ਪਾਣੀ ਦੀ ਘਾਟ ਦਾ ਮੁੱਦਾ ਵੀ ਉੱਭਰਿਆ। ਆਗੂਆਂ ਨੇ ਦੋਸ਼ ਲਾਇਆ ਕਿ ਕਈ ਥਾਵਾਂ ’ਤੇ ਨਾਲ ਲੱਗਦੇ ਖੇਤਾਂ ਵਾਲੇ ਕਿਸਾਨਾਂ ਨੇ ਰਸਤੇ ਵਾਹ ਕੇ ਆਪਣੀ ਜ਼ਮੀਨ ਵਿੱਚ ਮਿਲਾ ਲਏ ਹਨ, ਜਿਸ ਕਾਰਨ ਮਜ਼ਦੂਰਾਂ ਨੂੰ ਖੇਤੀ ਕਰਨ ਵਿੱਚ ਸਮੱਸਿਆ ਆ ਰਹੀ ਹੈ। ਉਨ੍ਹਾਂ ਨਿਸ਼ਾਨਦੇਹੀ ਕਰ ਕੇ ਰਸਤੇ ਅਤੇ ਪਾਣੀ ਦਾ ਪ੍ਰਬੰਧ ਕਰਨ ਦੀ ਮੰਗ ਕੀਤੀ।

# ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਸਿਵਲ ਲਾਈਨ ਦੇ ਵਿਦਿਆਰਥੀਆਂ ਨੇ 8ਵੀਂ ’ਚੋਂ ਮੈਰਿਟ ਕੀਤੀ ਹਾਸਿਲ




**ਪਟਿਆਲਾ, 17 ਅਪ੍ਰੈਲ**
**ਅਮਰਜੀਤ ਸਿੰਘ**
**-ਕੌਮੀ ਪੱਤ੍ਰਿਕਾ ਬਿਊਰੋ-**

ਸਿੱਖਿਆ ਦੇ ਖੇਤਰ ਵਿਚ ਮੋਹਰੀ ਸਕੂਲ ਵਜੋਂ ਜਾਣੇ ਜਾਂਦੇ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਸਿਵਲ ਲਾਈਨਜ਼, ਪਟਿਆਲਾ ਦੇ ਵਿਦਿਆਰਥੀਆਂ ਨੇ 8ਵੀਂ ਜਮਾਤ ਦੇ ਆਏ ਨਤੀਜਿਆਂ ਵਿਚ ਮੈਰਿਟ ਵਿਚ ਸਥਾਨ ਹਾਸਿਲ ਕਰਕੇ ਜਿੱਥੇ ਸਕੂਲ ਦਾ ਨਾਂ ਰੌਸ਼ਨ ਕੀਤਾ ਹੈ ਉਥੇ ਹੀ ਅਪਣੇ ਮਾਪਿਆਂ ਤੇ ਜ਼ਿਲ੍ਹੇ ਭਰ ਦਾ ਨਾਂ ਚਮਕਾਇਆ ਹੈ। ਸਿਵਲ ਲਾਈਨ ਦੇ ਦੋ ਵਿਦਿਆਰਥੀ ਸ਼ਾਲਨੀ ਭਾਰਤੀ ਅਤੇ ਗੀਤ ਪਾਹਵਾ ਨੇ ਮੈਰਿਟ ਵਿਚ ਸਥਾਨ ਪ੍ਰਾਪਤ ਕੀਤਾ ਹੈ। ਸ਼ਾਲਨੀ ਭਾਰਤੀ ਪੁੱਤਰੀ ਰਣਜੀਤ ਕੁਮਾਰ ਨੇ 600 ਵਿਚੋਂ 590 ਅੰਕ ਹਾਸਿਲ ਕਰਕੇ 98.33 ਪ੍ਰਤੀਸ਼ਤ ਅੰਕ ਹਾਸਲ ਕਰਕੇ ਸੂਬੇ ਭਰ ਵਿਚ ਦਸਵਾਂ ਸਥਾਨ ਹਾਸਲ ਕੀਤਾ। ਗੀਤਾ ਪਾਹਵਾ ਪੁੱਤਰੀ ਸਨੀ ਪਾਹਵਾ ਨੇ 600 ਵਿਚੋਂ 589 ਅੰਕ ਹਾਸਿਲ ਕਰਕੇ 98.17 ਪ੍ਰਤੀਸ਼ਤ ਲੈ ਕੇ ਸੂਬੇ ਭਰ ਵਿਚ 11ਵਾਂ ਸਥਾਨ ਹਾਸਿਲ ਕੀਤਾ।

ਇਨ੍ਹਾਂ ਦੋਵਾਂ ਵਿਦਿਆਰਥਣਾਂ ਨੂੰ ਸਕੂਲ ਪ੍ਰਿੰਸੀਪਲ ਸੀਮਾ ਉੱਪਲ, ਸੀਨੀਅਰ ਲੈਕਚਰਾਰ ਰਾਮ ਲਾਲ ਗੋਇਲ ਅਤੇ ਸਮੁੱਚੇ ਸਟਾਫ਼ ਵਲੋਂ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸਕੂਲ ਪ੍ਰਿੰਸੀਪਲ ਸੀਮਾ ਉੱਪਲ ਨੇ ਕਿਹਾ ਜਿੱਥੇ ਬੱਚਿਆਂ ਦੀ ਪੜ੍ਹਾਈ ਪਿੱਛੇ ਮਿਹਨਤ ਹੈ, ਉਥੇ ਸਮੁੱਚਾ ਸਟਾਫ਼ ਵੀ ਵਿਦਿਆਰਥੀਆਂ ਲਈ ਹਰ ਸਮੇਂ ਸਖ਼ਤ ਮਿਹਨਤ ਕਰ ਰਿਹਾ ਹੈ। ਉਨ੍ਹਾਂ ਕਿਹਾ ਕਿ ਆਉਣ ਵਾਲੇ 10ਵੀ ਅਤੇ 12ਵੀਂ ਦੇ ਨਤੀਜਿਆਂ ਵਿਚ ਵੀ ਸਕੂਲ ਦਾ ਨਤੀਜਾ ਸ਼ਾਨਦਾਰ ਆਵੇਗਾ। ਇਸ ਮੌਕੇ ਸਕੂਲ ਚੇਅਰਮੈਨ ਰਵੀ ਸਿੰਘ, ਨੀਤੀ ਗੋਇਲ, ਮੋਨਿਕਾ ਸ਼ਰਮਾ, ਕੰਚਨ, ਹਰਕੀਤ, ਚਰਨਪ੍ਰੀਤ, ਰਾਮਕਰਨ ਆਦਿ ਵੀ ਹਾਜ਼ਰ ਸਨ।

# ਸ਼ਹਿਰ ਦੇ ਕਈ ਇਲਾਕਿਆਂ ਵਿਚ ਪੀਣ ਵਾਲੇ ਪਾਣੀ ਵਿਚ ਬੈਕਟੀਰੀਅਲ ਕੋਨਟੈਮੀਨੇਸ਼ਨ, ਤਿੰਨ ਸੈਂਪਲ ਹੋਏ ਫੇਲ੍ਹ

### ਪੀਣ ਵਾਲੇ ਪਾਣੀ ਵਿਚ ਮਿਲਾਵਟ ਹੋਣ ਕਾਰਨ ਬਿਮਾਰੀ ਫੈਲਣ ਦਾ ਖਤਰਾ ਵਧਿਆ

**ਪਟਿਆਲਾ, 17 ਅਪ੍ਰੈਲ**
**ਅਮਰਜੀਤ ਸਿੰਘ**
**-ਕੌਮੀ ਪੱਤ੍ਰਿਕਾ ਬਿਊਰੋ-**

ਗਰਮੀਆਂ ਦੀ ਆਮਦ ਤੋਂ ਪਹਿਲਾਂ ਸ਼ਹਿਰ ਦੇ ਕਈ ਇਲਾਕਿਆ ਵਿਚ ਪੀਣਯੋਗ ਪਾਣੀ ਨਹੀਂ ਪਹੁੰਚ ਰਿਹਾ ਅਤੇ ਪੀਣ ਵਾਲੇ ਪਾਣੀ ਵਿਚ ਬੈਕਟੀਰੀਅਲ ਕੋਨਟੈਮੀਨੇਸ਼ਨ ਪਾਇਆ ਗਿਆ ਹੈ। ਸਿਹਤ ਵਿਭਾਗ ਵੱਲੋਂ ਹਾਲ ਵਿਚ ਕਈ ਇਲਾਕਿਆਂ ਵਿਚ ਗੰਦਾ ਪਾਣੀ ਸਪਲਾਈ ਹੋਣ ਦੀ ਸੂਚਨਾ ਮਿਲਣ ਤੋਂ ਬਾਅਦ ਸੈਂਪਿਲੰਗ ਕੀਤੀ ਗਈ। ਸਿਹਤ ਵੱਲੋਂ ਵੱਖ ਵੱਖ ਇਲਾਕਿਆਂ ਵਿਚੋਂ 10 ਸੈਂਪਲ ਲਏ ਗਏ ਸਨ ਅਤੇ ਇਨ੍ਹਾਂ ਵਿਚ ਤਿੰਨ ਸੈਂਪਲ ਫੇਲ੍ਹ ਪਾਏ ਗਏ ਹਨ। ਸਿਹਤ ਵਿਭਾਗ ਵੱਲੋਂ ਪਾਣੀ ਦੇ ਸੈਂਪਲ ਲੈਣ ਤੋਂ ਬਾਅਦ ਜਾਂਚ ਲਈ ਸਟੇਟ ਪਬਲਿਕ ਹੈਲਥ ਲੈਬਾਰਟਰੀ ਪੰਜਾਬ ਖਰੜ ਨੂੰ ਚੈਕਿੰਗ ਲਈ ਭੇਜੇ ਗਏ ਸਨ। ਜਿਨ੍ਹਾਂ ਦੀ ਅੱਜ ਹੀ ਰਿਪੋਰਟ ਹਾਸਲ ਹੋਈ ਹੈ ਅਤੇ ਇਨ੍ਹਾਂ 10 ਸੈਂਪਲਾਂ ਵਿਚੋਂ ਤਿੰਨ ਸੈਂਪਲ ਫੇਲ੍ਹ ਪਾਏ ਗਏ। ਲੈਬੋਰਟਰੀ ਦੀ ਰਿਪੋਰਟ ਦੇ ਮੁਤਾਬਕ ਉਨ੍ਹਾਂ ਵਿਚ ਬੈਕਟੀਰੀਅਲ ਕੋਨਟੈਮੀਨੇਸ਼ਨ ਪਾਈ ਗਈ। ਜਿਨ੍ਹਾਂ ਵਿਚ ਕੋਲੀਫੋਰਮ ਬੈਕਟੀਰੀਆ ਐਮ.ਪੀ.ਐਨ. 15 ਪਾਇਆ ਗਿਆ। ਜਿਹੜੇ ਇਲਾਕਿਆਂ ਦੇ ਸੈਂਪਲ ਫੇਲ੍ਹ ਪਾਏ ਗਏ ਹਨ ਉਨ੍ਹਾਂ ਵਿਚ ਦੋ ਸਿਕਲੀਗਰ ਬਸਤੀ ਅਤੇ ਇੱਕ ਵਧੀਆ ਇਲਾਕਾ ਮੰਨੇ ਜਾਣ ਵਾਲੇ ਪ੍ਰਤਾਪ ਨਗਰ ਦਾ ਸੈਂਪਲ ਫੇਲ੍ਹ ਪਾਇਆ ਗਿਆ ਹੈ। ਸਿਹਤ ਵਿਭਾਗ ਵੱਲੋਂ ਇਹ ਸੈਂਪਲ ਘਰ ਦੀ ਪੀਣ ਵਾਲੇ ਪਾਣੀ ਟੂਟੀ ਵਿਚੋਂ ਲਿਆ ਗਿਆ ਸੀ। ਅਹਿਮ ਗੱਲ ਇਹ ਹੈ ਕਿ ਸਿਹਤ ਵਿਭਾਗ ਵੱਲੋ ਪ੍ਰਤਾਪ ਨਗਰ ਦਾ ਸਿਰਫ ਇੱਕ ਹੀ ਸੈਂਪਲ ਲਿਆ ਗਿਆ ਸੀ ਜੇਕਰ ਹੋਰ ਘਰਾਂ ਦੀ ਸੈਂਪਿਲੰਗ ਵੀ ਕੀਤੀ ਜਾਵੇ ਤਾਂ ਸਥਿਤੀ ਹੋਰ ਵੀ ਸਪੱਸ਼ਟ ਹੋ ਸਕਦੀ ਹੈ। ਜਿਹੜੇ ਘਰ ਦਾ ਸੈਂਪਲ ਫੇਲ੍ਹ ਪਾਇਆ ਗਿਆ ਉਸ ਦੇ ਮਾਲਕ ਸੰਜੀਵ ਕੁਮਾਰ ਨੇ ਦੱਸਿਆ ਕਿ ਉਸ ਦੇ ਘਰ ਪੀਣ ਵਾਲੇ ਪਾਣੀ ਵਿਚ ਸੀਵਰੇਜ਼ ਦਾ ਪਾਣੀ ਮਿਕਸ ਹੋ ਕੇ ਆ ਰਿਹਾ ਸੀ ਅਰਥਾਤ ਕਾਲਾ ਪਾਣੀ ਆ ਰਿਹਾ ਸੀ ਤਾਂ ਉਸ ਨੇ ਸਿਹਤ ਵਿਭਾਗ ਨੂੰ ਇਸ ਦੀ ਸਿਕਾਇਤ ਕੀਤੀ ਤਾਂ ਉਸ ਦੇ ਘਰ ਦੇ ਪਾਣੀ ਦੀ ਸੈਂਪਿਲੰਗ ਕੀਤੀ ਗਈ ਅਤੇ ਉਨ੍ਹਾਂ ਨੂੰ ਪਹਿਲਾਂ ਹੀ ਪਤਾ ਸੀ ਕਿ ਘਰ ਦੇ ਪੀਣ ਵਾਲੇ ਪਾਣੀ ਦਾ ਸੈਂਪਲ ਫੇਲ੍ਹ ਆਵੇਗਾ। ਉਨ੍ਹਾਂ ਕਿਹਾ ਕਿ ਵਿਭਾਗ ਨੇ ਪੂਰੇ ਇਲਾਕੇ ਵਿਚੋਂ ਇੱਕ ਹੀ ਸੈਂਪਲ ਭਰਿਆ ਹੈ ਜੇਕਰ ਹੋਰ ਥਾਵਾਂ ਤੋਂ ਸੈਂਪਲ ਭਰਿਆ ਜਾਵੇ ਤਾਂ ਨਤੀਜੇ ਹੋਰ ਵੀ ਡਰਾਉਣ ਵਾਲੇ ਸਾਹਮਣੇ ਆਉਣਗੇ। ਉਨ੍ਹਾਂ ਕਿਹਾ ਕਿ ਨਗਰ ਨਿਗਮ ਨੂੰ ਇਸ ਸਬੰਧ ਵਿਚ ਉਚਿਤ ਕਦਮ ਚੁੱਕਣੇ ਚਾਹੀਦੇ ਹਨ ਤਾਂ ਕਿ ਸਮਾਂ ਰਹਿੰਦੇ ਸਥਿਤੀ ਨੂੰ ਸੰਭਾਲਿਆ ਜਾ ਸਕੇ।



**ਇਸ ਤਰ੍ਹਾਂ ਦੇ ਬੈਕਟੀਰੀਆ ਨਾਲ ਫੈਲ ਸਕਦੀ ਹੈ ਬਿਮਾਰੀ**

ਫੇਲ੍ਹ ਸੈਂਪਲ ਵਿਚ ਸਿਹਤ ਵਿਭਾਗ ਵੱਲੋਂ ਜਿਸ ਤਰ੍ਹਾਂ ਪਾਣੀ ਨੂੰ ਪੀਣ ਦੇ ਯੋਗ ਕਰਾਰ ਨਹੀਂ ਦਿੱਤਾ, ਉਸ ਤੋ ਸਾਫ ਹੈ ਕਿ ਬੈਕਟੀਰੀਆ ਨਾਲ ਬਿਮਾਰੀ ਫੈਲ ਸਕਦੀ ਹੈ। ਇਥੇ ਇਹ ਦੱਸਣਯੋਗ ਹੈ ਕਿ ਪਿਛਲੇ ਸਾਲ ਵੀ ਪਿੰਡ ਅਲੀਪੁਰ ਸਮੇਤ ਕਈ ਥਾਵਾਂ ’ਤੇ ਸੀਵਰੇਜ਼ ਦਾ ਪਾਣੀ ਪੀਣ ਵਾਲੇ ਪਾਣੀ ਵਿਚ ਮਿਕਸ ਹੋਣ ਕਾਰਨ ਬਿਮਾਰੀਆਂ ਫੈਲੀਆਂ ਸਨ ਅਤੇ ਜੇਕਰ ਹੁਣ ਵੀ ਸਮਾਂ ਰਹਿੰਦੇ ਉਚਿਤ ਕਦਮ ਨਾ ਚੁੱਕੇ ਤਾਂ ਨਿਸ਼ਚਿਤ ਤੌਰ ’ਤੇ ਫੇਰ ਤੋਂ ਅਜਿਹੀ ਸਥਿਤੀ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਇਸ ਲਈ ਸਿਹਤ ਵਿਭਾਗ ਸਾਰੇ ਹੀ ਇਲਾਕਿਆਂ ਦੀ ਸੈਂਪਿਲੰਗ ਕਰਕੇ ਚੈਕਿੰਗ ਕਰਵਾਉਣੀ ਚਾਹੀਦੀ ਹੈ।

**ਕੀ ਕਹਿੰਦੇ ਹਨ ਨਗਰ ਦੇ ਜੇ.ਈ ਕਾਰਤਿਕ ਗੋਇਲ**

ਇਸ ਸਬੰਧ ਵਿਚ ਜਦੋਂ ਨਗਰ ਨਿਗਮ ਦੇ ਜੇ.ਈ .ਕਾਰਤਿਕ ਗੋਇਲ ਨੂੰ ਪੁਛਿਆ ਗਿਆ ਤਾਂ ਉਨ੍ਹਾਂ ਕਿਹਾ ਕਿ ਸੰਜੀਵ ਕੁਮਾਰ ਦੇ ਘਰ ਨੂੰ ਜਾਣ ਵਾਲੇ ਪਾਣੀ ਦਾ ਕਨੈਕਸ਼ਨ ਪ੍ਰਾਈਵੇਟ ਹੈ। ਇਹ ਕੁਨੈਕਸ਼ਨ ਸੀਵਰੇਜ਼ ਦੀ ਪਾਇਪ ਨਾਲ ਟਚ ਕਰਕੇ ਲੰਘਦਾ ਹੈ। ਸਮਾਂ ਬੀਤਣ ਕਾਰਨ ਦੋਨੋ ਆਪਸ ਵਿਚ ਘਸ ਕੇ ਪਾਇਪਾਂ ਪਤਲੀਆਂ ਹੋ ਗਈਆਂ। ਜਿਸ ਦੇ ਕਾਰਨ ਪਾਣੀ ਮਿਕਸਿੰਗ ਹੋ ਕੇ ਆ ਰਿਹਾ ਹੈ। ਉਨ੍ਹਾਂ ਦੱਸਿਆ ਕਿ ਇਸ ਸਬੰਧ ਵਿਚ ਨਗਰ ਨਿਗਮ ਵੱਲੋਂ ਵੀ ਸੈਂਪਿਲੰਗ ਕਰਕੇ ਜਾਂਚ ਲਈ ਭੇਜੇ ਗਏ ਹਨ ਅਤੇ ਸਾਡੇ ਵੱਲੋਂ ਪਾਣੀ ਅਤੇ ਸੀਵਰੇਜ਼ ਵਾਲੇ ਪਾਈਪਾਂ ਨੂੰ ਅਲੱਗ ਅਲੱਗ ਕੀਤਾ ਜਾਵੇਗਾ ਤਾਂ ਪਾਣੀ ਮਿਕਸਿੰਗ ਹੋ ਕੇ ਨਾ ਆਵੇ। ਉਨ੍ਹਾਂ ਕਿਹਾ ਕਿ ਲੋਕਾਂ ਦੀ ਸਿਹਤ ਨਾਲ ਕਿਸੇ ਤਰ੍ਹਾਂ ਦਾ ਕੋਈ ਖਿਲਵਾੜ ਨਹੀਂ ਹੋਣ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਜੇਕਰ ਸੰਜੀਵ ਕੁਮਾਰ ਆਪਣੇ ਤੌਰ ’ਤੇ ਇਨ੍ਹਾਂ ਪਾਇਪਾਂ ਨੂੰ ਅਲੱਗ ਅਲੱਗ ਕਰਵਾਉਂਦੇ ਹਨ ਤਾਂ ਵੀ ਸਾਡੀ ਨਿਗਰਾਨੀ ਹੇਠ ਹੀ ਕੰਮ ਕਰਵਾਇਆ ਜਾਵੇਗਾ।



• ਡਾ. ਦੇਵਿੰਦਰ ਕੁਮਾਰ
98728-21971

**ਵਿਸ਼ਵ ਰੰਗ ਮੰਚ ਦਿਵਸ 'ਤੇ**

**ਪੰਜਾਬੀ ਨਾਟ-ਮੰਚ ਅੱਜ ਵਿਸ਼ਵ ਪੱਧਰ 'ਤੇ ਆਪਣੀ ਨਿਵੇਕਲੀ ਪਛਾਣ ਰੱਖਦਾ ਹੈ। ਰੰਗ-ਮੰਚ ਨੂੰ ਇਸ ਮੁਕਾਮ ਤਕ ਪਹੁੰਚਾਉਣ ਲਈ ਜਿਨ੍ਹਾਂ ਸਿਰੜੀ ਨਾਟਕਕਾਰਾਂ ਅਤੇ ਰੰਗਕਰਮੀਆਂ ਨੇ ਅਹਿਮ ਯੋਗਦਾਨ ਪਾਇਆ ਉਨ੍ਹਾਂ ਨੂੰ 27 ਮਾਰਚ ਨੂੰ ਵਿਸ਼ਵ ਰੰਗ-ਮੰਚ ਦਿਵਸ 'ਤੇ ਯਾਦ ਕਰਨਾ ਸਾਡਾ ਨੈਤਿਕ ਫ਼ਰਜ਼ ਬਣਦਾ ਹੈ...**




## ਪੰਜਾਬੀ ਨਾਟਕ ਦਾ ਮੋਢੀ
### ਆਈ. ਸੀ. ਨੰਦਾ

ਆਧੁਨਿਕ ਪੰਜਾਬੀ ਨਾਟ-ਪਰੰਪਰਾ ਦਾ ਮੋਢੀ ਨਾਟਕਕਾਰ ਆਈ. ਸੀ. ਨੰਦਾ ਦਾ ਪੂਰਾ ਨਾਮ ਈਸ਼ਵਰ ਚੰਦਰ ਨੰਦਾ ਹੈ। ਉਸ ਦਾ ਜਨਮ ਗੁਰਦਾਸਪੁਰ ਜਿਲ੍ਹੇ ਦੇ ਪਿੰਡ ਗਾਧੀਆਂ ਵਿਚ ਹੋਇਆ ਅਤੇ ਇਥੋਂ ਉਹ ਸਕੂਲੀ ਸਿੱਖਿਆ ਪ੍ਰਾਪਤ ਕਰ ਕੇ 1911 ਵਿਚ ਦਿਆਲ ਸਿੰਘ ਕਾਲਜ ਲਾਹੌਰ ਪੜ੍ਹਨ ਲਈ ਆ ਗਿਆ। ਇਹ ਵੀ ਇਕ ਇਤਫ਼ਾਕ ਹੀ ਕਿਹਾ ਜਾ ਸਕਦਾ ਹੈ ਕਿ ਉਸੇ ਸਾਲ ਹੀ ਨੋਰ੍ਹਾ ਰਿਚਰਡਜ਼ ਆਇਰਲੈਂਡ ਤੋਂ ਆਪਣੇ ਪਤੀ ਸਰ ਅਰਨੈਸਟ ਫਿਲਿਪਸ ਨਾਲ ਭਾਰਤ ਆਈ ਸੀ। ਉਸ ਸਮੇਂ ਲਾਹੌਰ ਯੂਨੀਵਰਸਿਟੀ ਵਿਚ ਅੰਗਰੇਜ਼ੀ ਪੜ੍ਹਾਉਣ ਲਈ ਜ਼ਿਆਦਾਤਰ ਅੰਗਰੇਜ਼ ਪ੍ਰੋਫ਼ੈਸਰ ਹੀ ਹੁੰਦੇ ਸਨ। ਨੋਰ੍ਹਾ ਉਥੇ ਐਬੇ ਥੀਏਟਰ ਨਾਲ ਸਬੰਧਤ ਸੀ। ਉਹ ਨਾਟਕ ਅਤੇ ਰੰਗਮੰਚੀ ਕਲਾ ਵਿਚ ਨਿਪੁੰਨ ਸੀ ਅਤੇ ਉਸ ਉੱਪਰ ਨਾਰਵੇ ਦੇ ਨਾਟ-ਸਿਧਾਂਤਕਾਰ ਹੈਨਰਿਕ ਇਬਸਨ ਦੇ ਯਥਾਰਥਵਾਦ ਦਾ ਪ੍ਰਭਾਵ ਸੀ। ਉਸ ਨੇ ਪੰਜਾਬ ਦੇ ਥੀਏਟਰ ਦੀ ਦਸ਼ਾ ਦੇਖੀ ਜਿਸ ਤੋਂ ਉਹ ਸੰਤੁਸ਼ਟ ਨਹੀਂ ਸੀ। ਇਸ ਲਈ ਉਸ ਨੇ ਆਪਣੇ ਸ਼ਾਗਿਰਦਾਂ ਨੂੰ ਪੰਜਾਬ ਦੀਆਂ ਸਮੱਸਿਆਵਾਂ ਨੂੰ ਨਾਟਕ ਦੇ ਵਿਸ਼ੇ ਬਣਾ ਕੇ ਖੇਡਣ ਦੀ ਪ੍ਰੇਰਨਾ ਦਿੱਤੀ। ਇਨ੍ਹਾਂ ਵਿਦਿਆਰਥੀਆਂ ਵਿਚ ਆਈ. ਸੀ. ਨੰਦਾ ਵੀ ਸੀ ਜਿਹੜਾ ਨੋਰ੍ਹਾ ਦੇ ਭਾਸ਼ਣਾਂ ਤੋਂ ਪ੍ਰਭਾਵਿਤ ਸੀ।

ਇਸ ਮੰਤਵ ਲਈ ਨੋਰ੍ਹਾ ਨੇ 'ਸਰਸਵਤੀ ਸਟੇਜ ਸੁਸਾਇਟੀ' ਦੀ ਸਥਾਪਨਾ ਕੀਤੀ। ਇਹ ਪੰਜਾਬ ਦੀ ਪਹਿਲੀ ਰੰਗ ਸਭਾ ਸੀ। ਇਸ ਸੁਸਾਇਟੀ ਦਾ ਮੁੱਖ ਮੰਤਵ ਭਾਰਤੀ ਭਾਸ਼ਾਵਾਂ ਵਿਚ ਨਾਟਕ ਲਿਖਵਾਉਣਾ ਤੇ ਖੇਡਣਾ ਸੀ। ਉਸ ਨੇ ਵਿਦਿਆਰਥੀਆਂ ਦੇ ਨਾਟ-ਲੇਖਣ ਮੁਕਾਬਲੇ ਕਰਵਾਉਣ ਦੀ ਇਕ ਯੋਜਨਾ ਉਲੀਕੀ। ਉਸ ਨੇ ਇਸ ਮੁਕਾਬਲੇ ਵਿਚ ਨਾਟਕ ਦਾ ਆਕਾਰ ਨਿਸ਼ਚਿਤ ਕਰ ਦਿੱਤਾ। ਇਸ ਤਰ੍ਹਾਂ ਨੋਰ੍ਹਾ ਨੇ ਆਧੁਨਿਕ ਪੰਜਾਬੀ ਨਾਟ-ਪਰੰਪਰਾ ਵਿਚ ਰੂਪ ਪੱਖ ਤੋਂ ਇਕਾਂਗੀ ਨਾਟ-ਰੂਪ ਨੂੰ ਪ੍ਰਚਲਿਤ ਕੀਤਾ। ਪਹਿਲੇ ਸਾਲ 1912 ਦੇ ਨਾਟ-ਲੇਖਣ ਮੁਕਾਬਲੇ ਵਿਚ ਐਸ. ਐਸ. ਭਟਨਾਗਰ ਦਾ ਨਾਟਕ 'ਕਰਾਮਾਤ' ਫਸਟ ਆਇਆ, ਦੂਜੇ ਸਾਲ 1913 ਵਿਚ ਆਈ. ਸੀ. ਨੰਦਾ ਦਾ ਨਾਟਕ 'ਦੁਲਹਨ' ਫਸਟ ਆਇਆ ਅਤੇ ਤੀਜੇ ਸਾਲ 1914 ਵਿਚ ਰਾਜਿੰਦਰ ਲਾਲ ਸਾਹਨੀ ਦਾ ਨਾਟਕ 'ਦੀਨੇ ਦੀ ਜੰਞ' ਫਸਟ ਆਇਆ।

ਇਸ ਤਰ੍ਹਾਂ ਪੰਜਾਬੀ ਨਾਟਕ ਇਕ ਨਵੇਂ ਮੁਹਾਂਦਰੇ ਨੂੰ ਗ੍ਰਹਿਣ ਕਰ ਰਿਹਾ ਸੀ ਅਤੇ ਪੰਜਾਬੀ ਨਾਟਕਕਾਰੀ ਵਿਚ ਨਵੇਂ ਨਾਟਕਕਾਰਾਂ ਦੀ ਦਸਤਕ ਹੋ ਰਹੀ ਸੀ। ਨੋਰ੍ਹਾ ਰਿਚਰਡਜ਼ ਇਨ੍ਹਾਂ ਨਾਟਕਾਂ ਵਿੱਚੋਂ ਇਕ ਨਾਟਕ ਦਾ ਮੰਚਣ ਕਰਨਾ ਚਾਹੁੰਦੀ ਸੀ। ਉਸ ਨੇ ਵਧੇਰੇ ਰੰਗਮੰਚੀ ਸੰਭਾਵਨਾਵਾਂ ਵਾਲੇ ਨਾਟਕ 'ਦੁਲਹਨ' ਦੀ ਚੋਣ ਕੀਤੀ। ਇਸ ਤੋਂ ਇਲਾਵਾ ਇਸ ਨਾਟਕ ਵਿਚ ਵਿਸ਼ੇ ਪੱਖੋਂ ਨਾਰੀ-ਚੇਤਨਾ ਦੀ ਪੇਸ਼ਕਾਰੀ ਸਮਾਜ ਨੂੰ ਨਰੋਈ ਸੇਧ ਦੇਣ ਵਾਲੀ ਸੀ। ਇਸ ਨਾਟਕ ਦੀ ਭਾਸ਼ਾ ਮੁਹਾਵਰੇਦਾਰ ਠੇਠ ਪੰਜਾਬੀ ਸੀ। ਇਸ ਤਰ੍ਹਾਂ ਪਹਿਲੀ ਵਾਰ ਯਥਾਰਥਵਾਦੀ ਨਾਟ-ਪਰੰਪਰਾ ਅਧੀਨ ਰਚਿਆ ਪਹਿਲਾ ਪੰਜਾਬੀ ਨਾਟਕ 'ਦੁਲਹਨ' 1914 ਵਿਚ ਸਰਸਵਤੀ ਸਟੇਜ ਸੁਸਾਇਟੀ ਵਲੋਂ ਮੰਚ ਤੇ ਖੇਡਿਆ ਗਿਆ। ਇੰਜ ਆਧੁਨਿਕ ਪੰਜਾਬੀ ਨਾਟਕ ਅਤੇ ਰੰਗਮੰਚ ਦਾ ਉਦੈ ਹੋਇਆ ਅਤੇ ਆਈ. ਸੀ. ਨੰਦਾ ਦੁਆਰਾ ਰਚਿਤ ਨਾਟਕ 'ਦੁਲਹਨ' (1913) ਨੂੰ ਆਧੁਨਿਕ ਪੰਜਾਬੀ ਨਾਟ-ਪਰੰਪਰਾ ਦੇ ਪਹਿਲੇ ਨਾਟਕ ਵਜੋਂ ਸਵੀਕ੍ਰਿਤੀ ਮਿਲ ਗਈ। ਇਸ ਇਕਾਂਗੀ ਨੂੰ 'ਸੁਹਾਗ' ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ।

ਇਨ੍ਹਾਂ ਨਾਟ-ਮੁਕਾਬਲਿਆਂ ਵਿਚ ਭਾਗ ਲੈਣ ਵਾਲੇ ਤਿੰਨੇ ਵਿਦਿਆਰਥੀਆਂ ਵਿਚੋਂ ਕੇਵਲ ਆਈ.ਸੀ. ਨੰਦਾ ਨੇ ਹੀ ਨਾਟਕ ਲਿਖਣ ਦਾ ਕਾਰਜ ਜਾਰੀ ਰੱਖਿਆ ਜਿਸ ਦੇ ਸਿੱਟੇ ਵਜੋਂ ਉਸ ਨੂੰ ਆਧੁਨਿਕ 'ਪੰਜਾਬੀ ਦਾ ਮੋਢੀ ਨਾਟਕਕਾਰ' ਹੋਣ ਦਾ ਮਾਣ ਪ੍ਰਾਪਤ ਹੋਇਆ। ਆਈ. ਸੀ. ਨੰਦਾ ਐਮ. ਏ. ਅੰਗਰੇਜ਼ੀ ਕਰਕੇ ਦਿਆਲ ਸਿੰਘ ਕਾਲਜ ਲਾਹੌਰ ਵਿਚ ਹੀ ਪ੍ਰੋਫ਼ੈਸਰ ਲੱਗ ਗਿਆ। ਇਸ ਤੋਂ ਬਾਅਦ ਉਹ ਸਰਕਾਰੀ ਕਾਲਜ, ਮੁਲਤਾਨ ਚਲਾ ਗਿਆ। ਕੁਝ ਸਮਾਂ ਬਾਅਦ ਉਹ ਸਰਕਾਰੀ ਕਾਲਜ, ਰੋਹਤਕ ਦਾ ਪ੍ਰਿੰਸੀਪਲ ਬਣ ਗਿਆ ਅਤੇ ਫਿਰ ਸਰਕਾਰੀ ਕਾਲਜ ਲਾਹੌਰ ਆ ਗਿਆ। ਦੇਸ਼ ਦੀ ਵੰਡ ਸਮੇ ਉਹ ਸੇਵਾ ਮੁਕਤ ਹੋ ਕੇ ਆਪਣੇ ਜੱਦੀ ਪਿੰਡ ਗਾਧੀਆਂ ਜਿਲ੍ਹਾ ਗੁਰਦਾਸਪੁਰ ਚਲਾ ਗਿਆ ਅਤੇ ਬਾਅਦ ਵਿਚ ਦਿੱਲੀ ਵਿਚ ਪੱਕੇ ਤੌਰ ਤੇ ਰਹਿਣ ਲੱਗ ਪਿਆ। ਉਸ ਦੇ ਪੂਰੇ ਨਾਟਕ 'ਸੁਭਦਰਾ', 'ਵਰ ਘਰ', 'ਸ਼ਾਮੂ ਸ਼ਾਹ' ਅਤੇ 'ਸੋਸ਼ਲ ਸਰਕਲ' ਹਨ ਜਦੋਂ ਕਿ ਤਿੰਨ ਇਕਾਂਗੀ-ਸੰਗ੍ਰਹਿ 'ਝਲਕਾਰੇ', 'ਲਿਸ਼ਕਾਰੇ' ਅਤੇ 'ਚਮਕਾਰੇ' ਹਨ। ਉਸ ਦੀ ਨਾਟਕਕਾਰੀ ਦੀ ਵਿਲੱਖਣਤਾ ਇਹ ਹੈ ਕਿ ਉਸ ਵਿਚ ਪੱਛਮ ਦੀ ਯਥਾਰਥਵਾਦੀ ਨਾਟ-ਪਰੰਪਰਾ ਅਤੇ ਲੋਕ ਨਾਟ-ਪਰੰਪਰਾ ਦਾ ਸਮਾਵੇਸ਼ ਹੈ। ਆਈ.ਸੀ. ਨੰਦਾ ਦਾ ਜਨਮ 30 ਸਤੰਬਰ 1892 ਨੂੰ ਹੋਇਆ ਅਤੇ ਸਤੰਬਰ 1965 ਨੂੰ ਦਿੱਲੀ ਵਿਖੇ ਦੇਹਾਂਤ ਹੋ ਗਿਆ। ਆਈ.ਸੀ. ਨੰਦਾ ਨੇ ਸਮਾਜਿਕ ਸਮੱਸਿਆਵਾਂ ਦੀ ਪੇਸ਼ਕਾਰੀ ਨੂੰ ਆਪਣੇ ਨਾਟਕਾਂ ਦਾ ਆਧਾਰ ਬਣਾਇਆ। ਉਸ ਨੇ ਉਸ ਸਮੇਂ ਪ੍ਰਗਤੀਸ਼ੀਲਤਾ ਦਾ ਪਰਿਚਯ ਦਿੱਤਾ ਜਦੋਂ ਪੰਜਾਬੀ ਵਿਚ ਧਾਰਮਿਕ ਸੁਧਾਰਵਾਦ ਦਾ ਮਾਹੌਲ ਸੀ। 1920 ਵਿਚ ਵਿਧਵਾ ਪੁਨਰ-ਵਿਆਹ ਹੱਕ ਵਿਚ ਸੁਭੱਦਰਾ ਅਤੇ 1929 ਵਿਚ ਨਾਰੀ ਨੂੰ ਆਪਣਾ ਵਰ ਖ਼ੁਦ ਚੁਣਨ ਦੀ ਖੁਲ੍ਹ ਦੇਣ (ਵਰ ਘਰ) ਦੇ ਹੱਕ ਵਿਚ ਭੁਗਤਣਾ ਵਾਕਿਆ ਹੀ ਇਨਕਲਾਬੀ ਕਦਮ ਸੀ।

## ਪੰਜਾਬੀ ਨਾਟਕਕਾਰੀ ਦਾ ਧਰੂ ਤਾਰਾ
### ਬਲਵੰਤ ਗਾਰਗੀ

ਪੰਜਾਬੀ ਨਾਟਕ ਨੂੰ ਬਲਵੰਤ ਗਾਰਗੀ ਨੇ ਜਿਸ ਉਚਾਈ ਤਕ ਪਹੁੰਚਾਇਆ ਉਸ ਨੂੰ ਹੀ ਸ਼ਾਇਦ ਪੰਜਾਬੀ ਨਾਟਕ ਦਾ ਸਿਖਰ ਆਖਿਆ ਜਾ ਸਕਦਾ ਹੈ। ਆਧੁਨਿਕ ਪੰਜਾਬੀ ਨਾਟਕ ਨੂੰ ਆਪਣੇ ਮੁਢਲੇ ਦੌਰ ਵਿਚ ਹੀ ਬਲਵੰਤ ਗਾਰਗੀ ਵਰਗਾ ਹੋਣਹਾਰ ਨਾਟਕਕਾਰ ਮਿਲ ਜਾਣਾ ਪੰਜਾਬੀ ਨਾਟਕ ਦੇ ਉਜਲ ਭਵਿਖ ਦਾ ਸੰਕੇਤ ਸੀ। 1944 ਵਿਚ 'ਲੋਹਾ ਕੁੱਟ' ਨਾਟਕ ਦੀ ਰਚਨਾ ਨੇ ਉਸ ਦੀ ਅਤੇ ਪੰਜਾਬੀ ਨਾਟਕ ਦੀ ਪਛਾਣ ਅੰਤਰ-ਰਾਸ਼ਟਰੀ ਕੈਨਵਸ ਤਕ ਬਣਾ ਦਿੱਤੀ। ਇਹ ਨਾਟਕ ਉਸ ਦੀ ਨਾਟ-ਚੇਤਨਾ ਦਾ ਪ੍ਰਮਾਣ ਹੈ।

ਬਲਵੰਤ ਗਾਰਗੀ ਨੇ ਇਸ ਨਾਟਕ ਦੇ ਮਾਧਿਅਮ ਨਾਲ ਪੰਜਾਬੀ ਨਾਟਕ ਦੀਆਂ ਮਜ਼ਬੂਤ ਨੀਹਾਂ ਦਾ ਨਿਰਮਾਣ ਕਰ ਦਿੱਤਾ ਜਿਸ ਉਪਰ ਮੌਜੂਦਾ ਨਾਟਕ ਦੀ ਬਹੁਵਿਧ ਵਿਕਸਿਤ ਇਮਾਰਤ ਦੀ ਉਸਾਰੀ ਸੰਭਵ ਹੋ ਸਕੀ ਹੈ। ਉਸ ਨੇ ਪੰਜਾਬੀ ਨਾਟ-ਆਲੋਚਨਾ ਦੇ ਖੇਤਰ ਵਿਚ ਵੀ ਮਹੱਤਵਪੂਰਨ ਕਾਰਜ ਕੀਤਾ ਹੈ ਅਤੇ 'ਰੰਗਮੰਚ' ਅਤੇ 'ਲੋਕ ਨਾਟਕ' ਨਾਂ ਦੀਆਂ ਪੁਸਤਕਾਂ ਨੂੰ ਆਕਾਰ ਦਿੱਤਾ। ਇਨ੍ਹਾਂ ਕਿਤਾਬਾਂ ਨੂੰ ਨਾਟ-ਆਲੋਚਨਾ ਦਾ ਦਸਤਾਵੇਜ਼ੀ ਸ਼ਾਸਤਰ ਮੰਨਿਆ ਜਾਂਦਾ ਹੈ। ਉਸ ਦੇ ਇਸ ਮਹਾਨ ਕਾਰਜ ਲਈ ਉਸ ਨੂੰ 1962 ਵਿਚ ਸਾਹਿਤ ਖੇਤਰ ਦਾ ਸਭ ਤੋਂ ਵੱਡਾ ਰਾਸ਼ਟਰੀ ਪੁਰਸਕਾਰ ਸਾਹਿਤ ਅਕਾਦੇਮੀ ਐਵਾਰਡ 'ਰੰਗਮੰਚ' ਲਈ ਪ੍ਰਦਾਨ ਕੀਤਾ ਗਿਆ। ਉਸ ਦੇ ਨਾਟਕ ਅਤੇ ਮੰਚ ਦੇ ਖੇਤਰ ਵਿਚ ਪਾਏ ਵਿਲੱਖਣ ਯੋਗਦਾਨ ਦੇ ਮੱਦੇਨਜ਼ਰ ਉਸ ਨੂੰ 1972 ਵਿਚ ਭਾਰਤ ਦੇ ਚੌਥੇ ਵੱਡੇ ਪੁਰਸਕਾਰ ਪਦਮ ਸ੍ਰੀ ਨਾਲ ਨਿਵਾਜਿਆ ਗਿਆ। ਇਸੇ ਤਰ੍ਹਾਂ ਉਸ ਦੀ ਨਾਟਕਕਾਰੀ ਲਈ ਉਸ ਨੂੰ 1998 ਵਿਚ ਇਕ ਹੋਰ ਰਾਸ਼ਟਰੀ ਪੁਰਸਕਾਰ ਸੰਗੀਤ ਨਾਟਕ ਅਕਾਦੇਮੀ ਪੁਰਸਕਾਰ ਨਾਲ ਸਨਮਾਨਿਆ ਗਿਆ। ਪੰਜਾਬੀ ਯੂਨੀਵਰਸਿਟੀ ਨੇ ਉਸ ਨੂੰ ਪ੍ਰੋਫ਼ੈਸਰ ਆਫ ਐਮੀਨੈਂਸ ਵਜੋਂ ਨਿਵਾਜਿਆ। ਉਸ ਰਾਹੀਂ ਪੰਜਾਬੀ ਨਾਟ-ਮੰਚ ਨੂੰ ਅੰਤਰਰਾਸ਼ਟਰੀ ਮਾਨਤਾ ਅਤੇ ਪਛਾਣ ਤਾਂ ਉਸ ਸਮੇਂ ਹੀ ਮਿਲ ਗਈ ਜਦੋਂ ਉਹ 1966-67 ਵਿਚ ਦੋ ਸਾਲ ਲਈ ਅਮਰੀਕਾ ਦੀ ਯੂਨੀਵਰਸਿਟੀ ਆਫ ਵਸ਼ਿੰਗਟਨ ਵਿਚ ਥੀਏਟਰ ਦੇ ਪ੍ਰੋਫ਼ੈਸਰ ਦੇ ਅਹੁਦੇ ਤੇ ਨਿਯੁਕਤ ਹੋਇਆ। ਜਿਥੇ ਪੰਜਾਬੀ ਨਾਟਕ ਅਤੇ ਰੰਗਮੰਚ ਨੂੰ ਪਹਿਲੀ ਵਾਰ ਅੰਤਰਰਾਸ਼ਟਰੀ ਪਾਸਾਰ ਮਿਲਿਆ ਉਥੇ ਪੰਜਾਬੀ ਨਾਟਕ ਨੂੰ ਵੀ ਬਹੁਤ ਸਾਰੇ ਰੰਗਮੰਚੀ ਅਨੁਭਵ ਪ੍ਰਾਪਤ ਹੋਏ। ਇਸ ਯੂਨੀਵਰਸਿਟੀ ਵਿਚ ਹੀ ਉਸ ਦੀ ਮੁਲਾਕਾਤ ਜੈਨੀ ਹੈਨਰੀ ਨਾਲ ਹੋਈ ਜੋ ਬਾਅਦ ਵਿਚ ਉਸ ਦੀ ਜੀਵਨ ਸਾਥਣ ਬਣੀ। ਇਸ ਤੋਂ ਇਲਾਵਾ ਉਸ ਨੇ ਅੰਤਰਰਾਸ਼ਟਰੀ ਪ੍ਰਸਿੱਧੀ ਵਾਲੀਆਂ ਵਿਦਿਅਕ ਸੰਸਥਾਵਾਂ ਜਿਵੇਂ ਹਾਵਰਡ ਯੂਨੀਵਰਸਿਟੀ, ਵਾਸਰ ਕਾਲਜ, ਮਾਊਂਟ ਹੋਲੀਓਕ ਕਾਲਜ, ਟ੍ਰਿਨਿਟੀ ਕਾਲਜ, ਯੂਨੀਵਰਸਿਟੀ ਆਫ ਹਵਾਈ, ਯੇਲ ਯੂਨੀਵਰਸਿਟੀ ਆਦਿ ਵਿਚ ਵਿਜ਼ਿਟਿੰਗ ਪ੍ਰੋਫ਼ੈਸਰ ਵਜੋਂ ਥੀਏਟਰ ਦੀ ਸਿੱਖਿਆ ਦਿੱਤੀ। ਇਸੇ ਤਰ੍ਹਾਂ ਪੱਛਮ ਦੀਆਂ ਆਧੁਨਿਕ ਮੰਚਣ ਵਿਧੀਆਂ ਅਤੇ ਤਕਨੀਕੀ ਜੁਗਤਾਂ ਦੇ ਗਿਆਨ ਨੇ ਉਸ ਦੇ ਰੰਗਮੰਚੀ ਅਨੁਭਵ ਨੂੰ ਹੋਰ ਵਿਸ਼ਾਲ ਬਣਾ ਦਿੱਤਾ।

ਉਸ ਨੂੰ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿਚ 'ਇੰਡੀਅਨ ਥੀਏਟਰ ਵਿਭਾਗ' ਦਾ ਮੋਢੀ ਪ੍ਰੋਫ਼ੈਸਰ ਅਤੇ ਮੁਖੀ ਨਿਯੁਕਤ ਕੀਤਾ ਗਿਆ।ਅਜ ਵੀ ਵਿਭਾਗ ਦਾ 'ਓਪਨ ਏਅਰ ਥੀਏਟਰ' ਦੇ ਨਾਂ ਤੇ ਕਾਇਮ ਹੈ। ਪੰਜਾਬੀ ਨਾਟ-ਸਾਹਿਤ ਵਿਚ ਉਸ ਦੀਆਂ ਨਾਟ-ਰਚਨਾਵਾਂ ਦਾ ਉਘਾ ਸਥਾਨ ਹੈ। ਉਸ ਦੀ ਮੌਲਿਕ ਨਾਟ-ਸਿਰਜਣਾ ਵਿਚ 'ਲੋਹਾ ਕੁੱਟ', 'ਕੇਸਰੋ', 'ਕਣਕ ਦੀ ਬੱਲੀ', 'ਸੁਲਤਾਨ ਰਜ਼ੀਆ', 'ਸੋਹਣੀ ਮਹੀਂਵਾਲ', 'ਮਿਰਜ਼ਾ ਸਾਹਿਬਾਂ', 'ਧੂਣੀ ਦੀ ਅੱਗ', 'ਪੱਤਣ ਦੀ ਬੇੜੀ', 'ਕੁਆਰੀ ਟੀਸੀ', 'ਅਭਿਸਾਰਿਕਾ'ਵਰਗੇ ਪ੍ਰਸਿੱਧ ਨਾਟਕ ਸ਼ਾਮਿਲ ਹਨ। ਉਸ ਦੇ 'ਲੋਹਾ ਕੁੱਟ' ਨੂੰ ਤਾਂ ਪੰਜਾਬੀ ਦਾ ਸਰਵੋਤਮ ਨਾਟਕ ਮੰਨਿਆ ਜਾਂਦਾ ਹੈ।

ਬਲਵੰਤ ਗਾਰਗੀ ਦੀ ਨਾਟਕਕਾਰੀ ਦਾ ਮੀਰੀ ਗੁਣ ਮਨੁੱਖੀ ਜਜ਼ਬਿਆਂ ਨੂੰ ਸਮਝਣ, ਮਨੁੱਖੀ ਮਨ ਦੀਆਂ ਪਰਤਾਂ ਨੂੰ ਫਰੋਲਣ ਅਤੇ ਪਾਤਰਾਂ ਦਾ ਮਨੋ-ਸਮਾਜਿਕ ਅਧਿਐਨ ਕਰਦਾ ਹੈ। ਇਸ ਪੱਖੋਂ ਉਹ ਸ਼ੈਕਸਪੀਅਰ ਤੇ ਲੋਰਕਾ ਜਿਹੇ ਮਹਾਨ ਨਾਟਕਕਾਰਾਂ ਨਾਲ ਬਰ ਮੇਚਦਾ ਹੈ। ਬਲਵੰਤ ਗਾਰਗੀ ਦੀਆਂ ਰਚਨਾਵਾਂ ਦਾ ਭਾਸ਼ਾਈ ਮੁਹਾਂਦਰਾ ਮੌਲਿਕ ਅਤੇ ਵਿਲੱਖਣ ਹੈ ਅਤੇ ਪੰਡਤਾਊ ਵਿਦਵਤਾ ਦੀ ਜਟਿਲਤਾ ਤੋ ਅਭਿੱਜ ਹੈ। ਉਸ ਦੇ ਨਾਟਕਾਂ ਦੀ ਥੀਏਟਰੀ ਭਾਸ਼ਾ ਸੰਪੂਰਨ ਮੈਟਾਫਰ ਸਿਰਜਣ ਦੀ ਯੋਗਤਾ ਰੱਖਦੀ ਹੈ। ਉਹ ਆਪਣੀ ਗੱਲ ਨੂੰ ਬੇਬਾਕੀ ਨਾਲ ਕਹਿਣ ਦੀ ਦਲੇਰੀ ਰਖਦਾ ਹੈ। ਇਸ ਤੋਂ ਵੀ ਅੱਗੇ ਜਾ ਕੇ ਉਹ ਨਾਟਕ ਨੂੰ ਥੀਏਟਰੀ ਅਰਥਾਂ ਵਿਚ ਸਿਰਜ ਕੇ ਮੰਚੀ ਟੈਕਸਟ ਉਸਾਰਨ ਦੀ ਬੇਜੋੜ ਯੋਗਤਾ ਰੱਖਦਾ ਹੈ। ਭਾਰਤ ਤੋਂ ਇਲਾਵਾ ਉਸ ਨੇ ਆਪਣੇ ਨਾਟਕ ਦੇ ਵੱਖ- ਵੱਖ ਦੇਸ਼ਾਂ ਵਿਚ ਅੰਗਰੇਜ਼ੀ ਵਿਚ ਅਨੁਵਾਦ ਕਰ ਕੇ ਖੇਡੇ। ਉਹ ਵਿਸ਼ਵ ਦੀਆਂ ਕਈ ਯੂਨੀਵਰਸਿਟੀਆਂ ਵਿਚ ਭਾਰਤੀ ਨਾਟਕ ਦਾ ਵਿਜ਼ਿਟਿੰਗ ਪ੍ਰੋਫ਼ੈਸਰ ਰਿਹਾ। ਬਲਵੰਤ ਗਾਰਗੀ ਦੀ ਜੀਵਨ ਲੀਲ੍ਹਾ 4 ਦਿਸੰਬਰ, 1916 ਨੂੰ ਬਠਿੰਡਾ ਤੋ ਸ਼ੁਰੂ ਹੋ ਕੇ 22 ਅਪ੍ਰੈਲ, 2003 ਨੂੰ ਮੁੰਬਈ ਵਿਖੇ ਸਮਾਪਤ ਹੋ ਗਈ ਪਰ ਉਹ ਨਾਟ-ਮੰਚ ਦੇ ਅੰਬਰਾਂ ਤੇ ਧਰੂ ਤਾਰਾ ਬਣ ਕੇ ਸਦਾ ਚਮਕਦਾ ਰਹੇਗਾ।

## ਪੰਜਾਬੀ ਰੰਗਮੰਚ ਦੀ ਕੌਮੀ ਪਛਾਣ
### ਸ਼ੀਲਾ ਭਾਟੀਆ

ਪੰਜਾਬੀ ਨਾਟ-ਮੰਚ ਵਿਚ ਸ਼ੀਲਾ ਭਾਟੀਆ ਪੰਜਾਬੀ ਨਾਟ-ਰੂਪ ਉਪੇਰਾ ਦੀ ਜਨਕ ਵਜੋਂ ਸਵੀਕਾਰੀ ਜਾਂਦੀ ਹੈ। ਇਸ ਤਰ੍ਹਾਂ ਉਹ ਪੰਜਾਬੀ ਉਪੇਰਾ ਪਰੰਪਰਾ ਦੀ ਆਦਿ ਬਿੰਦੂ ਹੈ। ਉਹ ਪੰਜਾਬੀ ਦੀ ਪਹਿਲੀ ਇਸਤਰੀ ਨਾਟਕਕਾਰ ਵਜੋਂ ਸਥਾਨ ਰੱਖਦੀ ਹੈ ਬੇਸ਼ਕ ਉਸ ਤੋਂ ਪਹਿਲਾਂ ਨੋਰ੍ਹਾ ਰਿਚਰਡਜ਼ ਨੇ ਅੰਗਰੇਜ਼ੀ ਵਿਚ ਨਾਟਕ ਲਿਖੇ ਸਨ ਅਤੇ ਉਨ੍ਹਾਂ ਦਾ ਪੰਜਾਬੀ ਵਿਚ ਅਨੁਵਾਦ ਹੋਇਆ ਸੀ ਪਰੰਤੂ ਮੂਲ ਪੰਜਾਬੀ ਵਿਚ ਲਿਖਣ ਵਾਲੀ ਪਹਿਲੀ ਨਾਰੀ ਨਾਟਕਕਾਰ ਦਾ ਸਨਮਾਨ ਸ਼ੀਲਾ ਭਾਟੀਆ ਨੂੰ ਹੀ ਮਿਲਦਾ ਹੈ ਜਿਸ ਨੇ 'ਰੰਗਮੰਚ' ਰਾਹੀਂ 'ਨਾਟਕ' ਵਿਚ ਪ੍ਰਵੇਸ਼ ਕੀਤਾ। 1942 ਵਿਚ ਆਪਣੀ 'ਗੀਤ ਲੜੀਆਂ' ਰਾਹੀਂ ਉਸਦਾ ਮੰਚ-ਪ੍ਰਵੇਸ਼ ਹੋਇਆ ਜੋ ਬਾਅਦ ਵਿਚ 'ਉਪੇਰਾ' ਨਾਟ-ਰੂਪ ਵਿਚ ਢਲ ਗਿਆ ਅਤੇ ਸ਼ੀਲਾ ਭਾਟੀਆ 'ਪੰਜਾਬੀ ਰੰਗਮੰਚ ਦੀ ਕੌਮੀ ਪਛਾਣ' ਬਣ ਗਈ।

ਸ਼ੀਲਾ ਭਾਟੀਆ ਦੀ ਬੁਲੰਦ ਆਵਾਜ਼ ਸੀ ਜਿਸ ਵਿਚ ਅੰਤਾਂ ਦੀ ਮਿਠਾਸ ਸੀ। ਗੀਤ ਗਾਉਣ ਦੀ ਗੁੜ੍ਹਤੀ ਉਸ ਨੂੰ ਆਪਣੀ ਮਾਂ ਤੋਂ ਮਿਲੀ ਸੀ ਜੋ ਇਕ ਉਚਕੋਟੀ ਦੀ ਗਾਇਕਾ ਸੀ। ਸਿਆਲਕੋਟ ਤੋਂ ਸਕੂਲੀ ਸਿੱਖਿਆ ਲੈ ਕੇ ਉਹ ਕਾਲਜ ਵਿਚ ਪੜ੍ਹਨ ਲਈ ਲਾਹੌਰ ਆ ਗਈ। ਉਹ ਆਪਣੀ ਗਾਇਨ-ਕਲਾ ਕਰਕੇ ਸਕੂਲ ਅਤੇ ਕਾਲਜ ਵਿਚ 'ਗਾਣੇ ਵਾਲੀ ਸ਼ੀਲਾ' ਦੇ ਨਾਂ ਨਾਲ ਪ੍ਰਸਿੱਧ ਹੋ ਗਈ ਸੀ। 1931 ਵਿਚ ਸ਼ਹੀਦ-ਏ-ਆਜ਼ਮ ਸ. ਭਗਤ ਸਿੰਘ ਦੀ ਫਾਂਸੀ ਤੋਂ ਬਾਅਦ ਉਪਜੇ ਹਾਲਾਤ ਦੌਰਾਨ ਲਾਹੌਰ ਵਿਚ ਦੰਗੇ, ਫਸਾਦ, ਹਕੂਮਤ ਵਿਰੋਧੀ ਪ੍ਰਦਰਸ਼ਨ, ਕਰਫਿਊ ਆਦਿ ਕਾਰਨ ਰੋਹ ਪੂਰਨ ਮਾਹੌਲ ਸੀ। ਅੰਗਰੇਜ਼ਾਂ ਦੀਆਂ ਦਮਨਕਾਰੀ ਨੀਤੀਆਂ ਦੇ ਖਿਲਾਫ ਸ਼ੀਲਾ ਭਾਟੀਆ ਸਮੇਤ ਕੁਝ ਲੜਕੀਆਂ ਨੇ ਲਾਹੌਰ ਦੀਆਂ ਗਲੀਆਂ ਮੁਹੱਲਿਆਂ ਵਿਚ ਗੀਤ ਅਤੇ ਅਭਿਨੈ ਦੁਆਰਾ ਲੋਕਾਂ ਨੂੰ ਚੇਤਨ ਕਰਨ ਦਾ ਫੈਸਲਾ ਕੀਤਾ। ਇਸ ਤਰ੍ਹਾਂ ਉਸ ਅੰਦਰ ਰੰਗਮੰਚ ਦੇ ਬੀਜ ਬੀਜੇ ਗਏ ਜੋ ਬਾਅਦ ਵਿਚ ਨਾਟ-ਚੇਤਨਾ ਦੇ ਇਕ ਵਿਸ਼ਾਲ ਰੁੱਖ ਦਾ ਰੂਪ ਧਾਰ ਗਏ।

ਜਦੋਂ ਲਾਹੌਰ ਇਪਟਾ ਦੀ ਇਕਾਈ ਦਾ ਗਠਨ ਹੋਇਆ ਤਾਂ ਸ਼ੀਲਾ ਭਾਟੀਆ ਇਸ ਦੀ ਮੈਂਬਰ ਬਣ ਗਈ ਅਤੇ ਉਸ ਨੇ ਆਜ਼ਾਦੀ ਤੋਂ ਪਹਿਲਾਂ ਹੀ ਸੰਗਠਿਤ ਰੂਪ ਵਿਚ ਰੰਗਮੰਚੀ ਗਤੀਵਿਧੀਆਂ ਆਰੰਭ ਕਰ ਦਿੱਤੀਆਂ ਸਨ ਅਤੇ ਉਹ ਇਪਟਾ ਦੀ ਸਰਗਰਮ ਕਾਰਕੁੰਨ ਬਣ ਗਈ ਸੀ। ਦੇਸ਼ ਦੀ ਆਜ਼ਾਦੀ ਤੋਂ ਬਾਅਦ ਉਹ ਦਿੱਲੀ ਆ ਗਈ ਅਤੇ ਉਸ ਨੇ 'ਦਿੱਲੀ ਆਰਟ ਥੀਏਟਰ' ਨਾਂ ਦੇ ਪੇਸ਼ਾਵਰ ਨਾਟ-ਗਰੁੱਪ ਦੀ ਸਥਾਪਨਾ ਕਰਕੇ ਆਪਣੀਆਂ ਗਤੀਵਿਧੀਆਂ ਦਾ ਕੇਂਦਰ ਦਿੱਲੀ ਬਣਾ ਲਿਆ। ਇਧਰ ਪੰਜਾਬ ਵਿਚ ਵੀ ਕੁਝ ਉਰਜਾਵਾਨ ਕਲਾਕਾਰਾਂ ਨੇ ਇਪਟਾ ਨਾਲ ਰਿਸ਼ਤਾ ਜੋੜਿਆ ਅਤੇ ਰੰਗਮੰਚ ਰਾਹੀਂ ਲੋਕ-ਚੇਤਨਾ ਪੈਦਾ ਕਰਨ ਲਈ ਰੰਗਮੰਚੀ ਗਤੀਵਿਧੀਆਂ ਆਰੰਭ ਕਰ ਦਿੱਤੀਆਂ ਜਿਨ੍ਹਾਂ ਵਿਚ ਜੋਗਿੰਦਰ ਬਾਹਰਲਾ, ਤੇਰਾ ਸਿੰਘ ਚੰਨ, ਜਗਦੀਸ਼ ਫਰਿਆਦੀ, ਪ੍ਰੋ. ਨਿਰੰਜਨ ਸਿੰਘ ਮਾਨ ਆਦਿ ਦੇ ਨਾਮ ਗਿਣੇ ਜਾ ਸਕਦੇ ਹਨ।

ਕਮਲਾ ਦੇਵੀ ਚਟੋਪਾਧਿਆਇ ਨੇ ਉਸ ਨੂੰ ਨੈਸ਼ਨਲ ਸਕੂਲ ਆਫ ਡਰਾਮਾ ਸ਼ੁਰੂ ਕਰਨ ਦੀ ਜ਼ਿੰਮੇਵਾਰੀ ਸੌਂਪੀ। ਇਸ ਤਰ੍ਹਾਂ ਉਸ ਨੇ ਨੇਮੀ ਚੰਦਰ ਜੈਨ ਨਾਲ ਮਿਲ ਕੇ ਇਸ ਸੰਸਥਾ ਦੀ ਸਥਾਪਨਾ ਕੀਤੀ ਅਤੇ ਉਹ 14 ਵਰ੍ਹੇ ਨੈਸ਼ਨਲ ਸਕੂਲ ਆਫ ਡਰਾਮਾ ਵਿਖੇ ਅਭਿਨੈ ਵਿਭਾਗ ਦੀ ਚੇਅਰਪਰਸਨ ਰਹੀ। ਸ਼ੀਲਾ ਭਾਟੀਆ ਵਲੋਂ ਵਿਧੀਵਤ ਰੂਪ ਵਿਚ ਉਪੇਰਾ ਵਿਧਾ ਨਾਲ ਜੁੜ ਕੇ 1951 ਵਿਚ 'ਵਾਦੀ ਦੀ ਗੂੰਜ' ਨਾਂ ਦੇ ਉਪੇਰੇ ਤੋਂ ਸ਼ੁਰੂ ਕਰਕੇ 1999 ਤਕ ਲੇਖਣ ਕਾਰਜ ਜਾਰੀ ਰਖਿਆ ਗਿਆ। ਉਸ ਦੇ ਵਧੇਰੇ ਪ੍ਰਵਾਨਿਤ ਉਪੇਰਿਆਂ ਵਿਚ 'ਰੁੱਖੇ ਖੇਤ', 'ਵਾਦੀ ਦੀ ਗੂੰਜ', 'ਚੰਨ ਬਦਲਾਂ ਦਾ' ਆਦਿ ਹਨ ਪਰੰਤੂ 'ਹੀਰ ਰਾਂਝਾ' ਉਪੇਰਾ ਨੇ ਉਸ ਦੀ ਪਛਾਣ ਨੂੰ ਵਿਆਪਕ ਬਣਾ ਦਿੱਤਾ ਸੀ। 1988 ਵਿਚ ਉਸ ਨੂੰ ਸੰਗੀਤ ਨਾਟਕ ਅਕਾਦੇਮੀ ਵਲੋਂ ਨਹਿਰੂ ਸ਼ਤਾਬਦੀ ਨਾਟਯ ਸਮਾਰੋਹ ਵਿਚ 'ਹੀਰ ਰਾਂਝਾ' ਉਪੇਰਾ ਪੇਸ਼ ਕਰਨ ਦਾ ਸੱਦਾ ਮਿਲਿਆ। ਉਸ ਨੇ ਚੰਡੀਗੜ੍ਹ, ਅੰਮ੍ਰਿਤਸਰ, ਸ਼ਿਮਲਾ, ਮੁੰਬਈ ਆਦਿ ਸਥਾਨਾਂ ਤੇ ਹੀਰ ਦਾ ਅਭਿਨੈ ਕਰਨ ਲਈ ਅਭਿਨੇਤਰੀ ਦੀ ਤਲਾਸ਼ ਕੀਤੀ ਪਰ ਉਹ ਕਾਮਯਾਬ ਨਾ ਹੋ ਸਕੀ। ਉਸ ਨੇ ਘੱਟ ਯੋਗਤਾ ਵਾਲੇ ਕਲਾਕਾਰ ਨਾਲ ਨਾਟਕ ਖੇਡਣ ਦੀ ਬਜਾਇ 40000 ਰੁਪਏ ਦੀ ਅਗਾਊਂ ਪ੍ਰਾਪਤ ਕੀਤੀ ਰਾਸ਼ੀ ਅਕਾਦੇਮੀ ਨੂੰ ਵਾਪਸ ਕਰ ਦਿੱਤੀ।

ਉਸ ਦਾ ਹਿੰਦੁਸਤਾਨ ਦੀ ਉਪੇਰਾ ਲਹਿਰ ਦੀ ਉਸਾਰੀ ਵਿਚ ਵੱਡਾ ਯੋਗਦਾਨ ਹੈ ਕਿਉਂਕਿ ਉਸ ਨੇ ਪੰਜਾਬੀ ਦੇ ਨਾਲ ਨਾਲ ਹਿੰਦੁਸਤਾਨੀ ਭਾਸ਼ਾ ਵਿਚ ਵੀ ਨਿਰੰਤਰ ਉਪੇਰੇ ਲਿਖੇ ਅਤੇ ਖੇਡੇ। ਉਸ ਨੂੰ ਦੇਸ਼ ਦੀ ਵੰਡ ਸਮੇਂ ਪੰਜਾਬ ਦੇ ਵੰਡੇ ਜਾਣ ਦਾ ਦੁੱਖ ਸੀ। ਉਹ ਦੰਗਿਆਂ ਦੀ ਭਿਆਨਕ ਤਸਵੀਰ ਤੋਂ ਬੇਹੱਦ ਪੀੜਤ ਸੀ। ਉਸ ਨੂੰ ਸਿਆਲਕੋਟ ਛੱਡ ਕੇ ਦਿੱਲੀ ਆਉਣਾ ਪਿਆ ਸੀ। ਦੇਸ਼ ਦੀ ਵੰਡ ਤੋਂ ਬਾਅਦ ਉਸ ਨੂੰ ਸ਼ੇਖ ਅਬਦੁੱਲਾ ਦੀ ਕਸ਼ਮੀਰ ਸਰਕਾਰ ਵਲੋਂ ਰਾਸ਼ਟਰੀ ਸਾਂਸਕ੍ਰਿਤਕ ਮੋਰਚੇ ਦੀ ਸਥਾਪਨਾ ਕਰਨ ਅਤੇ ਥੀਏਟਰ ਅਤੇ ਸਭਿਆਚਾਰਕ ਸਰਗਰਮੀਆਂ ਨੂੰ ਤੇਜ਼ ਕਰਨ ਲਈ ਬੁਲਾਇਆ ਗਿਆ। 1966 ਵਿਚ ਪੰਜਾਬ ਦੀ ਪੁਨਰ-ਵੰਡ ਨੇ ਉਸ ਨੂੰ ਧੁਰ ਅੰਦਰ ਤਕ ਨਪੀੜ ਦਿੱਤਾ ਸੀ। ਅਸਲ ਵਿਚ ਉਸ ਦੇ ਉਪੇਰਿਆਂ ਦਾ ਮੂਲ ਆਧਾਰ ਪੰਜਾਬ ਦੀ ਲੋਕ ਧਾਰਾ ਹੈ। ਉਨ੍ਹਾਂ ਵਿਚ ਪੰਜਾਬ ਦਾ ਦਰਦ ਧੜਕ ਰਿਹਾ ਹੈ ਅਤੇ ਪੰਜਾਬੀ ਤੇ ਉਰਦੂ ਦੀ ਮਿੱਸੀ ਭਾਸ਼ਾ ਸਿਸਕੀਆਂ ਭਰ ਰਹੀ ਹੈ। ਪੰਜਾਬ ਪ੍ਰਤੀ ਉਸ ਦੇ ਅਥਾਹ ਮੋਹ ਦੇ ਬਾਵਜੂਦ ਪੰਜਾਬ ਸਰਕਾਰ ਜਾਂ ਕਿਸੇ ਹੋਰ ਅਦਾਰੇ ਵਲੋਂ ਕਦੇ ਉਸ ਨੂੰ ਨਾਟਕ ਖੇਡਣ ਦਾ ਸੱਦਾ ਪ੍ਰਾਪਤ ਨਹੀਂ ਸੀ ਹੋਇਆ। ਉਹ ਆਪਣੇ ਜੀਵਨ ਦੇ ਅੰਤਲੇ ਸਮੇਂ ਤਕ ਪੰਜਾਬ ਸਰਕਾਰ ਅਤੇ ਯੂਨੀਵਰਸਿਟੀਆਂ ਵਲੋਂ ਉਸ ਦੇ ਕੀਤੇ ਮਹਾਨ ਕੰਮ ਦੀ ਅਣਦੇਖੀ ਕਾਰਨ ਉਹ ਨਿਰਾਸ਼ ਅਤੇ ਰੋਹ ਵਿਚ ਸੀ। ਇਹੀ ਕਾਰਨ ਸੀ ਕਿ ਉਸ ਨੇ ਆਪਣੇ ਉਪੇਰੇ ਪ੍ਰਕਾਸ਼ਿਤ ਕਰਨ ਵਿਚ ਕੋਈ ਦਿਲਚਸਪੀ ਨਹੀਂ ਲਈ ਅਤੇ ਪੰਜਾਬੀ ਨਾਟ-ਜਗਤ ਇਨ੍ਹਾਂ ਮਹਾਨ ਨਾਟ-ਕ੍ਰਿਤਾਂ ਤੋਂ ਵਾਂਝਾ ਰਿਹਾ। ਸ਼ੀਲਾ ਭਾਟੀਆ ਦੀ ਇਸ ਧਰਤੀ ਤੇ ਆਮਦ 1 ਮਾਰਚ 1916 ਅਤੇ ਵਿਦਾਇਗੀ 17 ਫਰਵਰੀ 2008 ਨੂੰ ਹੋਈ।

## ਪੰਜਾਬੀ ਰੰਗਮੰਚ ਦੀ ਜਿੰਦ ਜਾਨ
### ਗੁਰਸ਼ਰਨ ਸਿੰਘ

ਗੁਰਸ਼ਰਨ ਸਿੰਘ ਨੂੰ ਪੰਜਾਬੀ ਨਾਟ-ਮੰਚ ਜਗਤ ਵਿਚ ਗੁਰਸ਼ਰਨ ਭਾਅ ਜੀ ਦੇ ਨਾਂ ਨਾਲ ਸਵੀਕਾਰਿਆ ਅਤੇ ਸਤਿਕਾਰਿਆ ਜਾਂਦਾ ਹੈ। ਉਸ ਦੇ ਨਾਟਕਾਂ ਵਿਚ ਇਕ ਅਜਿਹੇ ਸਮਾਜ ਦੀ ਚਿਤਵਨਾ ਕੀਤੀ ਗਈ ਹੈ ਜਿਸ ਵਿਚ ਹਰ ਵਰਗ ਵਿਚ ਸਮਾਨਤਾ, ਸਭ ਲਈ ਅੱਗੇ ਵੱਧਣ ਦੇ ਸਮਾਨ ਮੌਕੇ ਅਤੇ ਸ਼ੋਸ਼ਿਤ ਹੋ ਰਹੇ ਸਮਾਜ ਦੇ ਹੱਕ ਵਿਚ ਆਵਾਜ਼ ਉਚੇ ਸੁਰ ਵਿਚ ਗੂੰਜਦੀ ਹੈ। ਉਸ ਨੇ ਸਮਕਾਲੀਨ ਸਮਾਜ ਵਿਚ ਵਾਪਰ ਰਹੀਆਂ ਪਿਛਾਖੜੀ ਸੋਚ ਅਤੇ ਲੋਕ ਵਿਰੋਧੀ ਘਟਨਾਵਾਂ ਕਾਰਨ ਉਪਜੀਆਂ ਸਮੱਸਿਆਵਾਂ ਨੂੰ ਨਾ ਕੇਵਲ ਆਪਣੇ ਨਾਟਕਾਂ ਵਿਚ ਵਿਸ਼ੇ ਵਜੋਂ ਆਧਾਰ ਬਣਾਇਆ ਹੈ ਬਲਕਿ ਇਕ ਅਗਾਂਵਧੂ ਰਾਜਸੀ ਵਿਚਾਰਧਾਰਾ ਦੀ ਦ੍ਰਿਸ਼ਟੀ ਤੋਂ ਇਨ੍ਹਾਂ ਦਾ ਹੱਲ ਤਲਾਸ਼ ਕਰਨ ਦਾ ਸੁਝਾਅ ਦਿੱਤਾ ਹੈ। ਇਸ ਪਖੋਂ ਉਸ ਨੇ ਆਪਣੀ ਬਾਮਕਸਦ ਨਾਟਕਕਾਰੀ ਅਤੇ ਰੰਗਕਰਮ ਲਈ ਖੱਬੀ ਵਿਚਾਰਧਾਰਾ ਦੇ ਰਾਜਸੀ ਦ੍ਰਿਸ਼ਟੀਕੋਣ ਤੋਂ ਕਾਰਜ ਕੀਤਾ ਹੈ। ਉਸ ਨੇ ਧਾਰਮਿਕ ਰੂੜੀਵਾਦ ਉਤੇ ਭਰਵਾਂ ਅਤੇ ਤਿੱਖਾ ਵਿਅੰਗ ਕੀਤਾ ਹੈ। ਉਸ ਨੇ ਜਗੀਰਦਾਰੀ, ਸਰਮਾਏਦਾਰੀ ਅਤੇ ਮੂਲਵਾਦੀ ਸਮਰਥਕ ਸਟੇਟ ਦੇ ਵਿਰੋਧ ਵਿਚ ਲਗਭਗ ਅੱਧੀ ਸਦੀ ਤਕ ਇਨਕਲਾਬੀ ਨਾਟਕ ਖੇਡ ਕੇ ਸਟੇਟ ਦੇ ਖਿਲਾਫ ਲੋਕ ਵਿਰੋਧੀ ਜਮਾਤੀ ਸੰਘਰਸ਼ ਉਸਾਰਨ ਦਾ ਯਤਨ ਕੀਤਾ। ਇਹ ਕਾਰਜ ਜੋਖਮ ਭਰਿਆ ਵੀ ਸੀ ਅਤੇ ਦਲੇਰੀ ਵਾਲਾ ਵੀ ਸੀ। ਇਕ ਨਾਟਕਕਾਰ ਵਜੋਂ 1958 ਵਿਚ ਉਸ ਨੇ ਆਪਣਾ ਪਹਿਲਾ ਨਾਟਕ 'ਘੁੰਮਣਘੇਰੀ' ਲਿਖਿਆ। ਇਸ ਨਾਟਕ ਦੀ ਪੇਸ਼ਕਾਰੀ ਸਮੇਂ ਹੀ ਉਸ ਦੀ ਪਤਨੀ



ਸ੍ਰੀਮਤੀ ਕੈਲਾਸ਼ ਕੌਰ ਜੀ ਮੰਚ 'ਤੇ ਪ੍ਰਵੇਸ਼ ਕਰਦੀ ਹੈ। ਰੰਗਮੰਚ ਦੇ ਖੇਤਰ ਵਿਚ ਉਸ ਦਾ ਪਹਿਲਾ ਨਾਟਕ ਕਰਤਾਰ ਸਿੰਘ ਦੁੱਗਲ ਦੁਆਰਾ ਰਚਿਤ ਨਾਟਕ 'ਦੀਵਾ ਬੁੱਝ' ਗਿਆ ਸੀ ਜੋ 15 ਅਗਸਤ, 1958 ਨੂੰ ਨੰਗਲ ਵਿਖੇ ਲੋਕਾਂ ਦੇ ਭਾਰੀ ਇਕੱਠ ਦੀ ਹਾਜ਼ਰੀ ਵਿਚ ਖੇਡਿਆ ਗਿਆ ਸੀ।

ਉਸ ਸਮੇਂ ਉਹ ਨੰਗਲ ਵਿਖੇ ਸਰਕਾਰੀ ਅਫਸਰ ਸੀ। ਮੁੜ ਐਮਰਜੈਂਸੀ ਕਾਰਨ ਪੈਦਾ ਹੋਏ ਹਾਲਤਾਂ ਕਾਰਨ ਉਹ ਨੌਕਰੀ ਛੱਡ ਕੇ ਅੰਮ੍ਰਿਤਸਰ ਆ ਗਿਆ ਅਤੇ ਆਪਣੇ ਨਾਟ-ਗਰੁੱਪ 'ਨਾਟਕ ਕਲਾ ਕੇਂਦਰ' ਅੰਮ੍ਰਿਤਸਰ ਦੀ ਸਥਾਪਨਾ ਕੀਤੀ। ਉਸ ਵਲੋਂ ਖੇਡੇ ਗਏ ਹਰ ਨਾਟਕ ਨੂੰ ਦਰਸ਼ਕਾਂ ਵਲੋਂ ਭਰਵਾਂ ਹੁੰਗਾਰਾ ਮਿਲਿਆ ਹੈ ਪਰੰਤੂ 'ਇਕ ਮਾਂ ਦੋ ਮੁਲਕ', 'ਜਦੋਂ ਰੋਸ਼ਨੀ ਹੁੰਦੀ ਹੈ', 'ਇਹ ਲਹੂ ਕਿਸ ਦਾ ਹੈ', 'ਕਿਵੁ ਕੂੜੈ ਤੁਟੈ ਪਾਲ', 'ਇਨਕਲਾਬ ਜ਼ਿੰਦਾਬਾਦ', 'ਜੰਗੀ ਰਾਮ ਦੀ ਹਵੇਲੀ', 'ਬਾਬਾ ਬੋਲਦਾ ਹੈ', 'ਟੋਆ', 'ਮਿੱਟੀ ਦਾ ਮੁੱਲ', 'ਤੂਤਾਂ ਵਾਲਾ ਖੂਹ', 'ਨਵਾਂ ਜਨਮ', 'ਧਮਕ ਨਗਾਰੇ ਦੀ', 'ਕੋਈ ਹਰਿਓ ਬੂਟ ਰਹਿਓ ਰੀ', 'ਚੰਡੀਗੜ੍ਹ ਪੁਆੜੇ ਦੀ ਜੜ੍ਹ', 'ਮੁਨਸ਼ੀ ਖਾਨ' ਆਦਿ ਨਾਟਕ ਤਏ ਵਰ੍ਹਿਆਂ ਤੋਂ ਪੰਜਾਬੀਆਂ ਦੇ ਚੇਤਿਆਂ ਵਿਚ ਵੱਸ ਰਹੇ ਹਨ। ਉਸ ਨੇ ਇੰਗਲੈਂਡ, ਅਮਰੀਕਾ ਅਤੇ ਕੈਨੇਡਾ ਵਿਚ ਵੀ ਹਾਊਸ ਫੁੱਲ ਨਾਟਕ ਖੇਡੇ ਹਨ। ਉਹ ਸਿਆਸੀ ਚੇਤਨਾ ਦੇ ਵਿਕਾਸ ਹਿਤ 'ਸਰਦਲ' ਅਤੇ 'ਸਮਤਾ' ਨਾਂ ਦੇ ਰਸਾਲੇ ਵੀ ਸੰਪਾਦਿਤ ਕਰਦਾ ਰਿਹਾ ਹੈ। ਉਸ ਦਾ ਇਹ ਮੰਨਣਾ ਹੈ ਕਿ ਸਮਾਜ ਦੇ ਬਦਲਾਅ ਲਈ ਸਿਆਸੀ ਸਰਗਰਮੀ ਦਾ ਹੋਣਾ ਲਾਜ਼ਮੀ ਹੈ। ਉਸ ਨੇ ਪ੍ਰਤੀਬੱਧ ਸਿਆਸੀ ਸੂਝ ਨਾਲ ਲੋਕ ਪੱਖੀ ਰੰਗਮੰਚੀ ਕਲਾ ਦੁਆਰਾ ਸਮਾਜ ਦੇ ਸ਼ੋਸ਼ਿਤ ਵਰਗ ਵਿਚ ਸਮਾਜਿਕ ਨਿਆਂ ਦੀ ਚੇਤਨਾ ਪੈਦਾ ਕੀਤੀ।

ਉਸ ਦੇ ਨਾਟਕ ਸਮਾਜੀ ਰਾਜਸੀ ਹਾਲਾਤ ਦੀ ਚੀਰਫਾੜ ਕਰਨ ਦੇ ਨਾਲ ਨਾਲ ਕਿਸੇ ਉਸਾਰੂ ਸਮਾਜ ਦੀ ਵੀ ਕਲਪਨਾ ਕਰਦੇ ਹਨ। ਉਹ ਪੰਜਾਬੀ ਥੀਏਟਰ ਵਿਚ ਪੇਂਡੂ ਰੰਗ ਸ਼ੈਲੀ ਦਾ ਜਨਮਦਾਤਾ ਹੈ। ਉਸ ਦੇ ਥੀਏਟਰੀ ਕਲਾ ਵਿਚ ਮੰਚ ਪਿੰਡ ਦਾ ਥੜ੍ਹਾ, ਚੌਂਤਰਾ ਜਾਂ ਗੱਡੇ ਜੋੜ ਕੇ ਬਣਾਇਆ ਮੰਚ ਹੋ ਸਕਦਾ ਹੈ। ਉਸ ਦੇ ਅਦਾਕਾਰਾਂ ਦੀ ਗਿਣਤੀ ਸੀਮਤ ਹੁੰਦੀ ਹੈ। ਪਾਤਰ ਸੰਕੇਤਕ ਪਹਿਰਾਵੇ ਅਤੇ ਸਧਾਰਣ ਮੇਕ ਅਪ ਦੀ ਵਰਤੋਂ ਕਰਦੇ ਹਨ। ਮੰਚ ਉਤੇ ਕਿਸੇ ਉਚੇਚੇ ਰੋਸ਼ਨੀ ਪ੍ਰਬੰਧ ਤੋਂ ਬਿਨਾਂ ਬਿਜਲੀ ਦੇ ਕਿਸੇ ਸਧਾਰਨ ਬਲਬ ਨਾਲ ਹੀ ਰੋਸ਼ਨੀ ਕਰ ਲਈ ਜਾਂਦੀ ਹੈ। ਦੋ ਸਧਾਰਨ ਮਾਇਕਰੋਫੋਨਾਂ ਦੀ ਮਦਦ ਨਾਲ ਕੰਮ ਚਲਾ ਲਿਆ ਜਾਂਦਾ ਹੈ। ਪਾਤਰ ਉਚੇ ਸੁਰ ਵਿਚ ਸੰਵਾਦ ਬੋਲਦੇ ਹਨ। ਉਸ ਦੇ ਨਾਟਕਾਂ ਵਿਚ ਕਲਾ ਦੀ ਥਾਂ ਸੁਨੇਹਾ ਭਾਰੂ ਰਹਿੰਦਾ ਹੈ। ਇੰਜ ਉਸ ਨੇ ਨੁਕੜ ਨਾਟਕ ਨੂੰ ਮੰਚ ਉਤੇ ਪੇਸ਼ ਕਰਨ ਦੀ ਜੁਗਤ ਵੀ ਪੈਦਾ ਕੀਤੀ। ਉਸ ਦੀ ਅਗਵਾਈ ਵਿਚ 'ਪੰਜਾਬ ਲੋਕ ਸਭਿਆਚਾਰਕ ਮੰਚ' (ਪਲਸ ਮੰਚ) ਦੇ ਬੈਨਰ ਅਧੀਨ ਕਈ ਨਾਟ-ਟੋਲੀਆਂ ਨੇ ਪੰਜਾਬ ਵਿਚ ਅਗਾਂਹਵਧੂ ਨਾਟਕ ਦਾ ਵਾਤਾਵਰਣ ਸਿਰਜਣ ਵਿਚ ਭੂਮਿਕਾ ਨਿਭਾਈ। ਉਹ 'ਭਾਈ ਮੰਨਾ ਸਿੰਘ' ਅਤੇ 'ਦਾਸਤਾਨ-ਏ-ਪੰਜਾਬ' ਟੀਵੀ ਸੀਰੀਅਲ ਵਿਚ 'ਲੋਕ ਆਵਾਜ਼' ਦੇ ਰੂਪ ਵਿਚ ਪੇਸ਼ ਹੋਇਆ। ਇਸ ਲਈ ਉਸ ਨੂੰ ਜਨਜੀਵਨ ਸਿੰਘ ਭਾਈ ਮੰਨਾ ਸਿੰਘ ਵੀ ਕਿਹਾ ਜਾਂਦਾ ਹੈ। ਅਨੇਕ ਇਨਾਮਾਂ, ਸਨਮਾਨਾਂ ਅਤੇ ਪੁਰਸਕਾਰਾਂ ਤੋਂ ਇਲਾਵਾ ਉਸ ਨੂੰ 1993 ਵਿਚ ਰਾਸ਼ਟਰੀ ਸੰਗੀਤ ਨਾਟਕ ਅਕਾਦੇਮੀ ਦਾ ਪੁਰਸਕਾਰ ਪ੍ਰਾਪਤ ਹੋਇਆ। ਉਹ ਪੰਜਾਬ ਸੰਗੀਤ ਨਾਟਕ ਅਕਾਦਮੀ, ਚੰਡੀਗੜ੍ਹ ਦਾ ਪ੍ਰਧਾਨ ਵੀ ਰਿਹਾ ਹੈ। ਉਸ ਦਾ ਜਨਮ ਮੁਲਤਾਨ ਵਿਖੇ 16 ਸਤੰਬਰ 1929 ਵਿਚ ਹੋਇਆ ਅਤੇ ਉਹ 27 ਸਿਤੰਬਰ, 2011 ਨੂੰ ਚੰਡੀਗੜ੍ਹ ਵਿਖੇ ਇਸ ਦੁਨੀਆ ਨੂੰ ਆਖਰੀ ਸਲਾਮ ਆਖ ਕੇ ਤੁਰ ਗਿਆ।

## ਪੰਜਾਬੀ ਰੰਗਮੰਚ ਦਾ ਸ਼ਿੰਗਾਰ
### ਹਰਪਾਲ ਟਿਵਾਣਾ

ਹਰਪਾਲ ਟਿਵਾਣਾ ਦੀਆਂ ਰਗਾਂ ਵਿਚ ਪੰਜਾਬੀ ਰੰਗਮੰਚ ਨੂੰ ਨਵੀਂ ਦਿਸ਼ਾ ਦੇਣ ਦਾ ਖ਼ੂਨ ਬਚਪਨ ਤੋਂ ਹੀ ਦੌੜ ਰਿਹਾ ਸੀ। ਇਹ ਇੱਛਾ ਉਸ ਅੰਦਰ ਅਚੇਤ ਰੂਪ ਵਿਚ ਰੱਬ ਸਬੱਬੀਂ ਹੀ ਪੈਦਾ ਹੋ ਗਈ ਸੀ ਜਦ ਕਿ ਉਸ ਦੇ ਪਰਿਵਾਰ ਦਾ ਕਲਾ ਨਾਲ ਦੂਰ ਦਾ ਰਿਸ਼ਤਾ ਵੀ ਨਹੀਂ ਸੀ। ਉਸ ਦੇ ਇਸ ਸੰਕਲਪ ਨੂੰ ਨਾ ਤਾਂ ਉਸ ਦਾ ਬਾਪ, ਜੋ ਪੁਲਿਸ ਵਿਚ ਸੀ, ਹੀ ਰੋਕ ਸਕਿਆ ਅਤੇ ਨਾ ਹੀ ਗੁਰੂਕੁਲ ਕਾਂਗੜੀ ਦਾ ਅਨੁਸ਼ਾਸਨ। ਰੰਗਮੰਚ ਦੀ ਧੁਨ ਉਸ ਨੂੰ ਨੈਸ਼ਨਲ ਸਕੂਲ ਆਫ ਡਰਾਮਾ ਵਿਚ ਦਿੱਲੀ ਲੈ ਗਈ। ਉਹ ਇਬਰਾਹੀਮ ਅਲਕਾਜ਼ੀ ਵਰਗੀ ਵਿਖਿਆਤ ਨਾਟ-ਸ਼ਖ਼ਸੀਅਤ ਤੋਂ ਸਿਖਲਾਈ ਪ੍ਰਾਪਤ ਕਰਕੇ 'ਪਹਿਲੇ ਬੈਚ' ਦਾ ਪਹਿਲਾ 'ਪੰਜਾਬੀ ਗ੍ਰੈਜੂਏਟ' ਬਣ ਗਿਆ। ਇਸੇ ਹੀ ਸੰਸਥਾ ਵਿੱਚੋਂ ਉਸ ਦੀ ਜੀਵਨ ਸਾਥਣ ਨੀਨਾ ਉਸ ਤੋਂ ਅਗਲੇ ਬੈਚ ਵਿਚ ਪਾਸ ਹੋਣ ਵਾਲੀ 'ਪਹਿਲੀ ਪੰਜਾਬਣ' ਸੀ। ਹੁਣ ਹਰਪਾਲ ਟਿਵਾਣਾ ਪੰਜਾਬ ਵਿਚ ਪੇਸ਼ਾਵਰ ਥੀਏਟਰ ਸਥਾਪਿਤ ਕਰਨ ਦਾ ਆਪਣਾ ਸੁਪਨਾ ਪੂਰਾ ਕਰਨ ਲਈ ਆਪਣੀ ਸ਼ਕਤੀ ਨੂੰ ਚੌਗੁਣੀ ਮੰਨ ਰਿਹਾ ਸੀ ਕਿਉਂਕਿ ਇਕ ਤਾਂ ਉਹ ਦੋ ਜਣੇ ਅਤੇ ਉਤੋਂ ਦੋਵੇਂ ਹੀ ਐਨ. ਸੀ.ਡੀ. ਤੋਂ ਟਰੇਂਡ ਰੰਗਕਰਮੀ। ਲਿਹਾਜ਼ਾ ਉਨ੍ਹਾਂ ਨੇ ਕੁਝ ਸਮਾਂ ਦਿੱਲੀ ਵਿਚ ਕੰਮ ਕਰਕੇ 1966 ਵਿਚ ਪਟਿਆਲਾ ਵਿਖੇ ਨਵੀਂ ਬਣੀ ਪੰਜਾਬੀ ਯੂਨੀਵਰਸਿਟੀ ਤੋਂ ਆਪਣਾ ਸਫਰ ਸ਼ੁਰੂ ਕਰਨ ਦੀ ਯੋਜਨਾ ਬਣਾਈ ਪਰੰਤੂ ਉਸ ਨੂੰ ਯੂਨੀਵਰਸਿਟੀ ਦੀ ਫਿਜ਼ਾ ਆਪਣੇ ਸੁਪਨਿਆਂ ਨੂੰ ਪੁੰਗਰਨ ਲਈ ਸਾਜ਼ਗਾਰ ਨਾ ਲਗੀ।

ਉਸ ਨੇ ਸੈਂਟਰਲ ਲਾਇਬਰੇਰੀ, ਪਟਿਆਲਾ ਨੂੰ ਆਪਣੀਆਂ ਰੰਗਮੰਚੀ ਗਤੀਵਿਧੀਆਂ ਦਾ ਕੇਂਦਰ ਬਣਾ ਕੇ ਕੁਝ ਵਿਦਿਆਰਥੀਆਂ ਦੀ ਮਦਦ ਨਾਲ ਆਪਣੇ ਸੁਪਨਿਆਂ ਨੂੰ ਹਕੀਕਤ ਵਿਚ ਬਦਲਣ ਦਾ ਕਾਰਜ ਆਰੰਭ ਕਰ ਦਿੱਤਾ। ਇੰਜ ਹਰਪਾਲ ਟਿਵਾਣਾ ਅਤੇ ਨੀਨਾ ਟਿਵਾਣਾ ਦੇ ਸਾਂਝੇ ਉਦਮਾਂ ਨਾਲ ਸੱਠਵਿਆਂ ਦੇ ਅੰਤਲੇ ਵਰ੍ਹਿਆਂ ਤੋਂ ਪੇਸ਼ਕਾਰੀਆਂ ਦਾ ਸਿਲਸਿਲਾ ਆਰੰਭ ਹੋ ਗਿਆ ਤੇ ਅੱਸੀਵਿਆਂ ਤਕ ਬੇਰੋਕ ਚਲਦਾ ਰਿਹਾ।

ਉਸ ਦੀਆਂ ਪੇਸ਼ਕਾਰੀਆਂ ਰਾਹੀਂ ਪੰਜਾਬੀ ਦਰਸ਼ਕਾਂ ਨੂੰ ਪਹਿਲੀ ਵਾਰ ਪੰਜਾਬੀ ਰੰਗਮੰਚ ਦੇ ਰੋਸ਼ਨ ਭਵਿੱਖ ਦੀਆਂ ਸੰਭਾਵਨਾਵਾਂ ਦੇ ਦਰਸ਼ਨ ਹੋਣ ਲੱਗੇ। ਉਸ ਨੇ ਕਿਸੇ ਸਮੇਂ ਡਾ. ਹਰਚਰਨ ਸਿੰਘ ਦੁਆਰਾ ਬਣਾਈ ਨਾਟ-ਸੰਸਥਾ 'ਪੰਜਾਬ ਆਰਟ ਥੀਏਟਰ' ਦਾ ਪੰਜਾਬੀਕਰਣ ਕਰਕੇ 'ਪੰਜਾਬ ਕਲਾ ਮੰਚ' ਨੂੰ ਸਥਾਪਿਤ ਕਰ ਲਿਆ ਅਤੇ ਆਪਣੀਆਂ ਗਤੀਵਿਧੀਆਂ ਦਾ ਕੇਂਦਰ ਪਹਿਲਾਂ 1665 ਤੋਂ 1975 ਤਕ ਪਟਿਆਲਾ ਨੂੰ ਬਣਾਇਆ ਜਿਥੇ ਸਿੱਖ ਇਤਿਹਾਸ ਨਾਲ ਸਬੰਧਤ ਡਾ. ਹਰਚਰਨ ਸਿੰਘ ਦੇ ਲਿਖੇ ਨਾਟਕਾਂ 'ਇਤਿਹਾਸ ਜਵਾਬ ਮੰਗਦਾ ਹੈ', 'ਹਿੰਦ ਦੀ ਚਾਦਰ' ਆਦਿ ਰਾਹੀਂ ਇਤਿਹਾਸ ਸਿਰਜ ਦਿੱਤਾ। ਇਸ ਸਾਰੇ ਸਮੇਂ ਦੌਰਾਨ ਉਸ ਨੇ ਪੰਜਾਬ ਦੇ ਵੱਖ-ਵੱਖ ਸ਼ਹਿਰਾਂ ਅਤੇ ਕਸਬਿਆਂ ਵਿਚ ਕਲਾ ਅਤੇ ਤਕਨੀਕ ਭਰਪੂਰ ਉਪਰੋਕਤ ਨਾਟਕਾਂ ਨਾਲ ਪੰਜਾਬੀ ਰੰਗਮੰਚ ਨੂੰ ਨਵੇਂ ਸਿਖਰਾਂ 'ਤੇ ਪਹੁੰਚਾ ਦਿੱਤਾ।

ਉਸ ਨੇ ਕੁਝ ਸਮਾਂ ਨਾਟਕ ਖੇਡਣ ਲਈ ਕੈਨੇਡਾ ਲਾ ਕੇ ਵਾਪਸੀ ਤੇ ਪੰਜਾਬੀ ਭਵਨ, ਲੁਧਿਆਣਾ ਨੂੰ ਕੇਂਦਰ ਬਣਾ ਕੇ ਆਪਣੇ ਪੇਸ਼ਾਵਰ ਪੰਜਾਬੀ ਰੰਗਮੰਚ ਨੂੰ ਮੁੜ ਸਥਾਪਿਤ ਕਰਨ ਦੀ ਦਿਸ਼ਾ ਵਿਚ ਯਤਨ ਆਰੰਭ ਕਰ ਦਿੱਤਾ। ਉਸ ਨੇ ਦਰਸ਼ਕਾਂ ਅੰਦਰ ਟਿਕਟਾਂ ਖਰੀਦ ਕੇ ਨਾਟਕ ਵੇਖਣ ਦਾ ਵਾਤਾਵਰਣ ਸਿਰਜਿਆ। ਇਸ ਤਰ੍ਹਾਂ ਉਸ ਨੇ 'ਲੋਹਾ ਕੁੱਟ', 'ਨਸ਼ਾ ਕੁਰਸੀ ਦਾ', 'ਲੌਂਗ ਦਾ ਲਿਸ਼ਕਾਰਾ', 'ਦੀਵਾ ਬਲੇ ਸਾਰੀ ਰਾਤ', 'ਮੇਲਾ ਮੁੰਡੇ ਕੁੜੀਆਂ ਦਾ' ਵਰਗੀਆਂ ਹਾਊਸ ਫੁੱਲ ਨਾਟ-ਪ੍ਰੋਡਕਸ਼ਨਾਂ ਦਿੱਤੀਆਂ। ਇਹ ਉਸ ਦੀਆਂ ਪ੍ਰਾਪਤੀਆਂ ਅਤੇ ਪੰਜਾਬੀ ਰੰਗਮੰਚ ਦੀ ਉਨਤੀ ਦਾ ਦੌਰ ਸੀ। ਇਸ ਵਿਚ ਉਸ ਨੂੰ ਪ੍ਰਾਪਤ ਹੋਣ ਵਾਲੇ ਨਿੱਗਰ ਸਹਿਯੋਗ ਵਿਚ ਨੀਨਾ ਟਿਵਾਣਾ ਦੀ ਰੰਗਮੰਚੀ ਸੂਝ ਅਤੇ ਸਮਰਪਣ ਤੋਂ ਇਨਕਾਰੀ ਨਹੀਂ ਹੋਇਆ ਜਾ ਸਕਦਾ। ਰੰਗਮੰਚ ਤੋਂ ਇਲਾਵਾ ਉਸ ਨੇ 'ਲੌਂਗ ਦਾ ਲਿਸ਼ਕਾਰਾ' ਅਤੇ 'ਦੀਵਾ ਬਲੇ ਸਾਰੀ ਰਾਤ' ਵਰਗੀਆਂ ਪੰਜਾਬੀ ਫੀਚਰ ਫਿਲਮਾਂ ਦਾ ਨਿਰਮਾਣ ਕਰਕੇ ਪੰਜਾਬੀ ਸਿਨੇਮਾ-ਜਗਤ ਵਿਚ ਵੀ ਆਪਣੀ ਕਲਾ ਪ੍ਰਤਿਭਾ ਦਾ ਪ੍ਰਮਾਣ ਦਿੱਤਾ ਅਤੇ ਸਿਨੇਮਾ ਦੀ ਵਿਕਾਸ-ਧਾਰਾ ਵਿਚ ਮਹੱਤਵਪੂਰਨ ਵਾਧਾ ਕੀਤਾ। ਇੰਜ ਹੀ ਉਸ ਨੇ 'ਸਾਂਝੀ ਦੀਵਾਰ' ਅਤੇ 'ਮਹਾਰਾਜਾ ਰਣਜੀਤ ਸਿੰਘ' ਵਰਗੇ ਟੀਵੀ ਨਾਟਕਾਂ ਦਾ ਨਿਰਮਾਣ ਕਰਕੇ ਰੰਗਮੰਚ, ਸਿਨੇਮਾ ਅਤੇ ਟੀਵੀ ਨਾਟਕ ਪ੍ਰਤੀ ਆਪਣੀ ਬਹੁਆਯਾਮੀ ਕਲਾ-ਸੂਝ ਦਾ ਪਰਿਚਯ ਦਿੱਤਾ। ਪੰਜਾਬੀ ਰੰਗਮੰਚ ਦੇ ਵਿਕਾਸ ਵਿਚ ਜੋ ਲੀਹਾਂ ਉਸ ਨੇ ਪਾਈਆਂ ਉਹ ਉਸ ਦੇ ਜੀਵਨ ਵਿਚ ਅਹਿਮ ਪ੍ਰਾਪਤੀ ਸਿੱਧ ਹੋਈਆਂ।

ਹਰਪਾਲ ਟਿਵਾਣਾ ਦੀ ਪਤਨੀ ਨੀਨਾ ਟਿਵਾਣਾ ਅਤੇ ਪੁੱਤਰ ਮਨਪਾਲ ਟਿਵਾਣਾ ਦੇ ਸਹਿਯੋਗ ਨਾਲ ਉਸ ਦੀ ਕਲਪਨਾ ਨੂੰ ਆਕਾਰ ਦਿੰਦੇ ਹੋਏ ਪੰਜਾਬ ਸਰਕਾਰ ਵਲੋਂ ਪਟਿਆਲਾ ਵਿਖੇ ਉਨ੍ਹਾਂ ਦੇ ਘਰ ਦੇ ਨਾਲ ਹੀ 'ਹਰਪਾਲ ਟਿਵਾਣਾ ਸੈਂਟਰ ਫਾਰ ਪਰਫਾਰਮਿੰਗ ਆਰਟਸ' ਦੇ ਨਾਂ ਦਾ ਆਧੁਨਿਕ ਤਕਨੀਕ ਸੰਪੰਨ ਵਿਸ਼ਾਲ ਥੀਏਟਰ ਹਾਲ ਉਸਾਰਿਆ ਗਿਆ ਹੈ ਜਿਥੇ ਹਰਪਾਲ ਟਿਵਾਣਾ ਦੀਆਂ ਅੱਖਾਂ ਵਿਚ ਵੱਸਦੇ ਪੰਜਾਬੀ ਰੰਗਮੰਚ ਦੇ ਸੁਪਨਿਆਂ ਨੂੰ ਸਾਕਾਰ ਹੁੰਦੇ ਵੇਖਿਆ ਜਾ ਸਕਦਾ ਹੈ ਅਤੇ ਉਸ ਦੇ ਦਿਲ ਵਿਚ ਧੜਕਦੀ ਪੰਜਾਬੀ ਰੰਗਮੰਚ ਦੀ ਸਰਗਮ ਨੂੰ ਸੁਣਿਆ ਜਾ ਸਕਦਾ ਹੈ। ਹਰਪਾਲ ਟਿਵਾਣਾ ਦਾ ਜਨਮ 8 ਅਗਸਤ, 1935 ਨੂੰ ਜਿਲ੍ਹਾ ਲੁਧਿਆਣਾ ਵਿਖੇ ਹੋਇਆ ਅਤੇ 19 ਮਈ 2002 ਨੂੰ ਪਾਲਮ ਪੁਰ, ਹਿਮਾਚਲ ਪ੍ਰਦੇਸ਼ ਵਿਚ ਹੋਈ ਮੰਦਭਾਗੀ ਸੜਕ ਦੁਰਘਟਨਾ ਵਾਪਰੀ ਜੋ ਉਸ ਦੇ ਜੀਵਨ-ਮੰਚ ਦੇ ਆਖਰੀ ਅੰਕ ਦਾ ਆਖਰੀ ਦ੍ਰਿਸ਼ ਸਾਬਿਤ ਹੋਈ।

## ਪੰਜਾਬੀ ਰੰਗਮੰਚ ਦਾ ਧੰਨਭਾਗ
### ਕੇਵਲ ਧਾਲੀਵਾਲ

ਨਾਟ-ਮੰਚ ਦੀ ਸਰਵਉਚ ਰਾਸ਼ਟਰੀ ਸੰਸਥਾ 'ਨੈਸ਼ਨਲ ਸਕੂਲ ਆਫ ਡਰਾਮਾ' ਤੋਂ ਸਿਖਿਅਤ ਰੰਗਕਰਮੀਆਂ ਨੂੰ ਮੁੰਬਈ ਦੀ ਗਲੈਮਰ ਭਰੀ ਫਿਲਮ ਨਗਰੀ ਉਡੀਕਦੀ ਹੈ ਪਰੰਤੂ ਕੇਵਲ ਧਾਲੀਵਾਲ 1991 ਵਿਚ ਨਾਟ-ਨਿਰਦੇਸ਼ਨ ਅਤੇ ਡਿਜ਼ਾਇਨਿੰਗ ਵਿਚ ਪੋਸਟ ਗ੍ਰੈਜੂਏਸ਼ਨ ਪੱਧਰ ਦੀ ਸਿਖਲਾਈ ਪ੍ਰਾਪਤ ਕਰਕੇ ਦਿੱਲੀ ਤੋਂ ਮੁੰਬਈ ਵੱਲ ਵਹੀਰਾਂ ਘੱਤਣ ਦੀ ਥਾਂ ਵਾਪਿਸ ਅੰਮ੍ਰਿਤਸਰ ਆ ਗਿਆ। ਹੁਣ ਉਹ ਇਕ ਅਜਿਹਾ ਜਨੂੰਨੀ ਰੰਗਕਰਮੀ ਬਣ ਗਿਆ ਸੀ ਜਿਸ ਕੋਲ 1978 ਤੋਂ 1988 ਤਕ ਗੁਰਸ਼ਰਨ ਸਿੰਘ ਨਾਲ ਅਵਾਮੀ ਥੀਏਟਰ ਕਰਨ ਕਰਕੇ ਲੋਕ-ਚੇਤਨਾ ਦੀ ਗੁੜ੍ਹਤੀ ਸੀ ਅਤੇ ਐਨ. ਐਸ. ਡੀ. ਤੋਂ ਪ੍ਰਾਪਤ ਤਕਨੀਕੀ ਮੁਹਾਰਿਤ ਸੀ। ਇਸ ਦੁਵੱਲੇ ਅਨੁਭਵ ਨਾਲ ਲੈਸ ਹੋ ਕੇ ਉਸ ਨੇ ਇਸੇ ਹੀ ਵਰ੍ਹੇ ਅੰਮ੍ਰਿਤਸਰ ਵਿਖੇ ਮੰਚ-ਰੰਗਮੰਚ ਨਾਂ ਦੀ ਥੀਏਟਰ ਸੰਸਥਾ ਦੀ ਸਥਾਪਨਾ ਕੀਤੀ ਅਤੇ ਪੂਰਨ ਉਤਸ਼ਾਹ ਨਾਲ ਥੀਏਟਰ ਦੇ ਕੁਲਵਕਤੀ ਕਾਮੇ ਵਜੋਂ ਨਾਟਕ ਖੇਡਣੇ ਆਰੰਭ ਕਰ ਦਿੱਤੇ। ਇਹ ਸਿਲਸਿਲਾ 29 ਵਰ੍ਹਿਆਂ ਤੋਂ ਨਿਰੰਤਰ ਜਾਰੀ ਹੈ। ਉਹ 1992 ਵਿਚ ਪੰਜਾਬ ਦੇ ਕਾਲੇ ਦਿਨਾਂ ਦੇ ਦੌਰ ਕਾਰਨ ਬਾਲ-ਮਨਾਂ ਤੇ ਪਏ ਦੁਰਪ੍ਰਭਾਵ ਨੂੰ ਦੂਰ ਕਰਨ ਲਈ 'ਬਾਲ ਪ੍ਰੀਤ ਮਿਲਣੀ ਕਾਫਲੇ' ਵਿਚ ਸ਼ਾਮਿਲ ਹੋ ਗਿਆ। ਉਸ ਨੇ ਆਪਣੀ ਰੰਗਮੰਚੀ ਪ੍ਰਤਿਭਾ ਨਾਲ ਕਾਫਲੇ ਵਿਚ ਥੀਏਟਰ ਦੇ ਰੰਗ ਘੋਲ ਦਿੱਤੇ। ਉਸ ਦੀ ਬਦੌਲਤ ਕਾਫਲੇ ਵਿਚ ਕਲਾਤਮਿਕ ਬਾਲ ਨਾਟਕ ਖੇਡੇ ਗਏ। ਇਸੇ ਤਰ੍ਹਾਂ 1994 ਵਿਚ ਪ੍ਰੀਤ ਨਗਰ ਵਿਚ ਪਸਰੀ ਲੰਬੀ ਚੁੱਪ ਨੂੰ ਤੋੜਨ ਲਈ 'ਗੁਰਬਖਸ਼ ਸਿੰਘ ਨਾਨਕ ਸਿੰਘ ਫਾਊਂਡੇਸ਼ਨ' ਸਥਾਪਿਤ ਹੋਈ ਤੇ ਉਸ ਨੂੰ ਕਨਵੀਨਰ ਬਣਾ ਕੇ ਥੀਏਟਰ ਦੀਆਂ ਸਰਗਰਮੀਆਂ ਨੂੰ ਮੁੜ ਜੀਵਤ ਕਰਨ ਦੀ ਜ਼ਿੰਮੇਵਾਰੀ ਦਿੱਤੀ ਗਈ। ਉਸ ਦੇ ਯਤਨਾਂ ਨਾਲ ਪ੍ਰੀਤ ਨਗਰ ਦੁਬਾਰਾ ਕਲਾਕਾਰਾਂ ਦੀ ਆਮਦ ਨਾਲ ਚਹਿਕ ਉਠਿਆ।

ਉਹ ਸਮਕਾਲੀ ਪੰਜਾਬੀ ਰੰਗਮੰਚ ਦਾ ਅਜਿਹਾ ਪ੍ਰੇਰਨਾ ਸ੍ਰੋਤ ਹੈ ਜਿਸ ਨੇ ਪੰਜਾਬੀ ਰੰਗਮੰਚ ਦੇ ਨੈਣ ਨਕਸ਼ ਤਰਾਸ਼ੇ ਹਨ। ਉਹ ਬਹੁਤ ਸਾਰੇ ਸਰਕਾਰੀ ਅਤੇ ਗੈਰ ਸਰਕਾਰੀ ਵਿਭਾਗਾਂ ਅਤੇ ਸੰਸਥਾਵਾਂ ਵਿਚ ਕਲਾ-ਸਲਾਹਕਾਰ ਹੈ ਅਤੇ ਲੰਮੇਂ ਸਮੇਂ ਤੋਂ 'ਵਿਰਸਾ ਵਿਹਾਰ' ਅੰਮ੍ਰਿਤਸਰ ਅਤੇ 'ਪੰਜਾਬ ਸੰਗੀਤ ਨਾਟਕ ਅਕਾਦਮੀ' ਦਾ ਪ੍ਰਧਾਨ ਹੈ। ਉਸ ਨੇ ਬਹੁਤ ਸਾਰੀਆਂ ਵਿਸ਼ਵ ਪ੍ਰਸਿੱਧੀ ਦੀਆਂ ਸਾਹਿਤਕ ਰਚਨਾਵਾਂ ਦਾ ਰੂਪਾਂਤਰਣ, ਨਾਟਕੀ ਰਚਨਾਵਾਂ ਦਾ ਅਨੁਵਾਦ ਅਤੇ ਮੌਲਿਕ ਨਾਟ-ਰਚਨਾਵਾਂ ਨੂੰ ਪੰਜਾਬੀ ਰੰਗਮੰਚ ਉਤੇ ਪੇਸ਼ ਕੀਤਾ ਹੈ। ਉਸ ਨੇ 25 ਤੋ ਵੱਧ ਨਾਟ-ਪੁਸਤਕਾਂ ਦੀ ਰਚਨਾ ਕੀਤੀ ਹੈ ਜਿਨ੍ਹਾਂ ਵਿਚ ਮੌਲਿਕ ਨਾਟਕ, ਅਨੁਵਾਦਿਤ ਨਾਟਕ, ਰੂਪਾਂਤਰਿਤ ਨਾਟਕ ਅਤੇ ਖੋਜ-ਪੁਸਤਕਾਂ ਸ਼ਾਮਿਲ ਹਨ। ਉਸ ਨੇ ਬਹੁਤ ਸਾਰੀਆਂ ਕਵਿਤਾਵਾਂ, ਕਹਾਣੀਆਂ, ਨਾਵਲ ਆਦਿ ਨੂੰ ਮੰਚ ਉਤੇ ਪੇਸ਼ ਕੀਤਾ ਹੈ। ਉਹ ਪੰਜਾਬੀ ਦਾ ਸ਼੍ਰੋਮਣੀ ਨਾਟਕਕਾਰ ਅਤੇ ਨਿਰਦੇਸ਼ਕ ਹੈ। ਉਸ ਨੂੰ ਮਿਲਣ ਵਾਲੇ ਪੁਰਸਕਾਰਾਂ ਅਤੇ ਸਨਮਾਨਾਂ ਦੀ ਸੂਚੀ ਲੰਮੀ ਹੈ। ਉਸ ਵਿਚ ਭਾਰਤੀ ਸੰਗੀਤ ਨਾਟਕ ਅਕਾਦਮੀ ਪੁਰਸਕਾਰ, ਭਾਸ਼ਾ ਵਿਭਾਗ ਪੰਜਾਬ ਵਲੋਂ ਸ਼੍ਰੋਮਣੀ ਨਾਟਕਕਾਰ ਪੁਰਸਕਾਰ, ਕੈਨੇਡਾ ਵਲੋਂ ਇਆਪਾ ਪੁਰਸਕਾਰ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਵਲੋਂ ਆਈ. ਸੀ. ਨੰਦਾ ਪੁਰਸਕਾਰ, ਪੰਜਾਬੀ ਕਲਾ ਮੰਚ ਮੁੰਬਈ ਵਲੋਂ ਬਲਰਾਜ ਸਾਹਨੀ ਪੁਰਸਕਾਰ, ਪੰਜਾਬੀ ਅਕਾਦਮੀ ਦਿੱਲੀ, ਪੰਜਾਬ ਸੰਗੀਤ ਨਾਟਕ ਅਕਾਦਮੀ ਚੰਡੀਗੜ੍ਹ ਆਦਿ ਵਲੋਂ ਪ੍ਰਾਪਤ ਪੁਰਸਕਾਰ ਸ਼ਾਮਿਲ ਹਨ।

ਉਹ ਪੰਜਾਬ ਸੰਗੀਤ ਨਾਟਕ ਅਕਾਦਮੀ ਚੰਡੀਗੜ੍ਹ ਦਾ ਪ੍ਰਧਾਨ ਹੋਣ ਕਰਕੇ ਪੂਰੇ ਪੰਜਾਬ ਵਿਚ ਰੰਗਮੰਚੀ ਲਹਿਰ ਸਿਰਜ ਰਿਹਾ ਹੈ। ਉਸ ਦਾ ਨਾਟ ਗਰੁੱਪ 'ਮੰਚ ਰੰਗਮੰਚ'ਪੂਰੇ ਪੰਜਾਬ, ਦੇਸ਼ ਅਤੇ ਵਿਸ਼ਵ ਵਿਚ ਰੰਗਮੰਚੀ ਸਰਗਰਮੀਆਂ ਕਰ ਰਿਹਾ ਹੈ। ਉਸ ਦੀ ਰੰਗਮੰਚੀ ਯੋਜਨਾਵਾਂ ਅਤੇ ਗਤੀਵਿਧੀਆਂ ਦਾ ਕੇਂਦਰ ਵਿਰਸਾ ਵਿਹਾਰ, ਅੰਮ੍ਰਿਤਸਰ ਵੀ ਹੈ। ਉਸ ਦਾ ਜਨਮ 7 ਅਕਤੂਬਰ 1964 ਨੂੰ ਅਜਨਾਲਾ ਦੇ ਨੇੜੇ ਧਾਲੀਵਾਲ ਪਿੰਡ ਵਿਚ ਹੋਇਆ ਹੈ।

## ਪੰਜਾਬੀ ਨਾਟ-ਮੰਚ ਦਾ ਤੁਰਦਾ ਫਿਰਦਾ ਵਿਸ਼ਵਕੋਸ਼
### ਸਤੀਸ਼ ਕੁਮਾਰ ਵਰਮਾ

ਡਾ. ਸਤੀਸ਼ ਕੁਮਾਰ ਵਰਮਾ ਨੂੰ ਪੰਜਾਬੀ ਨਾਟ-ਜਗਤ ਦਾ ਬਹੁਦਿਸ਼ਾਵੀ ਹਸਤਾਖਰ ਕਿਹਾ ਜਾਂਦਾ ਹੈ। ਇਕ ਨਾਟਕਕਾਰ ਵਜੋਂ ਉਸ ਦੀਆਂ ਮੌਲਿਕ ਨਾਟ-ਰਚਨਾਵਾਂ ਵਿਚ ਸਮਾਜਿਕ, ਆਰਥਿਕ, ਰਾਜਸੀ, ਮਨੋਵਿਗਿਆਨਕ, ਸਭਿਆਚਾਰਕ ਸਰੋਕਾਰ ਉਸ ਦੀ ਸੂਖਮ ਨਾਟ-ਚੇਤਨਾ ਅਤੇ ਵਿਸ਼ਾਲ ਅਨੁਭਵ ਦੁਆਰਾ ਕੀਤੇ ਗਏ ਵਿਸ਼ਲੇਸ਼ਣ ਦੀ ਉਪਜ ਹਨ। ਉਸ ਦੀ ਨਾਟਕਕਾਰੀ ਦਾ ਪਾਸਾਰ 'ਦਾਇਰੇ', 'ਲੋਕ ਮਨਾਂ ਦਾ ਰਾਜਾ', 'ਭਾਈਆਂ ਬਾਝ' ਆਦਿ ਰੰਗਮੰਚੀ ਨਾਟਕਾਂ ਤੋਂ ਇਲਾਵਾ 'ਅਸੀਂ ਸਾਰੇ ਭਗਤ ਸਿੰਘ' ਅਤੇ 'ਊਧਮ ਸਿੰਘ ਜ਼ਿੰਦਾ ਹੈ' ਜਿਹੇ ਰੇਡੀਓ ਨਾਟਕ, 'ਮ੍ਰਿਗ ਤ੍ਰਿਸ਼ਨਾ' ਜਿਹੇ ਟੀਵੀ ਨਾਟਕ ਅਤੇ 'ਪੰਜਾਬ ਬੋਲਦਾ ਹੈ' ਜਿਹੇ ਫਿਲਮ-ਲੇਖਣ ਤਕ ਫੈਲਿਆ ਹੋਇਆ ਹੈ। ਇਸ ਤੋਂ ਇਲਾਵਾ ਉਸ ਦੁਆਰਾ ਲਿਖਤ ਅਨੇਕ ਡਾਕੂਮੈਂਟਰੀਆਂ ਅਤੇ ਡੌਕੂ ਡਰਾਮੇ ਟੀਵੀ ਤੋਂ ਪ੍ਰਸਾਰਿਤ ਹੋ ਚੁੱਕੇ ਹਨ। ਉਸ ਦੇ ਨਾਟ-ਸੰਸਾਰ ਵਿਚ ਦੋ ਨਾਟਕ ਅਜਿਹੇ ਹਨ ਜੋ ਪੰਜਾਬੀ ਨਾਟ-ਮੰਚ ਵਿਚ ਵਿਸ਼ੇਸ਼ ਸਥਾਨ ਰਖਦੇ ਹਨ।

ਉਸ ਨੇ ਵਿਸ਼ੇ ਪੱਖ ਤੋਂ 'ਦਾਇਰੇ' ਨਾਟਕ ਰਾਹੀਂ ਸਦੀਆਂ ਤੋਂ ਪ੍ਰਮਾਣਿਤ ਸਭਿਆਚਾਰਕ ਕੀਮਤਾਂ ਦੇ ਹੋ ਰਹੇ ਘਾਣ ਵਿਚੋਂ ਉਪਜੀ ਆਧੁਨਿਕਤਾ ਦੇ ਪ੍ਰਭਾਵ ਨੂੰ ਪਤੀ ਪਤਨੀ ਦੇ ਰਿਸ਼ਤੇ ਦੀਆਂ ਭਿਆਨਕ ਸਮਾਜਿਕ ਅਤੇ ਮਨੋਵਿਗਿਆਨਕ ਗੁੰਝਲਾਂ ਦੇ ਰੂਪ ਵਿਚ ਚਿਤਰਿਆ ਹੈ। ਜਿਸ ਨੂੰ 'ਸਾਹਿਤਯ ਕਲਾ ਪਰਿਸ਼ਦ' ਦੇ ਸਰਬ ਭਾਰਤੀ ਨਾਟ-ਲੇਖਣ ਮੁਕਾਬਲੇ ਵਿਚ ਪਹਿਲਾ ਸਥਾਨ ਪ੍ਰਾਪਤ ਹੋਇਆ। ਇਕ ਰੰਗਕਰਮੀ ਵਜੋਂ ਉਸ ਨੇ ਸੱਤਰ ਦੇ ਕਰੀਬ ਨਾਟਕਾਂ ਵਿਚ ਅਭਿਨੈ ਕਰਨ ਦੇ ਨਾਲ ਨਾਲ ਦਰਜਨਾਂ ਨਾਟਕਾਂ ਦਾ ਨਿਰਦੇਸ਼ਨ ਵੀ ਕੀਤਾ ਹੈ। ਉਸ ਦੇ ਨਾਟ-ਗਰੁੱਪ ਦਾ ਨਾਂ 'ਮੰਚਵਟੀ' ਹੈ ਜਿਸ ਦਾ 'ਚਿਲਡਰਨ ਥੀਏਟਰ ਵਿੰਗ' ਵੀ ਸਰਗਰਮ ਹੈ। ਇਕ ਨਾਟਕਕਾਰ ਤੇ ਰੰਗਕਰਮੀ ਹੋਣ ਦੇ ਨਾਲ ਇਕ ਨਾਟ-ਸਮੀਖਿਅਕ ਅਤੇ ਨਾਟ-ਖੋਜੀ ਵਜੋਂ ਉਸ ਦਾ ਪੰਜਾਬੀ ਨਾਟ-ਮੰਚ ਨੂੰ ਯੋਗਦਾਨ ਸਭ ਤੋਂ ਵੱਧ ਕਿਹਾ ਜਾ ਸਕਦਾ ਹੈ।ਉਸ ਨੇ ਪੰਜਾਬੀ ਨਾਟਕ ਤੇ ਰੰਗਮੰਚ ਦੀ ਇਤਿਹਾਸਕਾਰੀ ਕਰਦਿਆਂ ਨੈਸ਼ਨਲ ਸਕੂਲ ਆਫ ਡਰਾਮਾ ਦੇ ਪ੍ਰੋਜੈਕਟ ਅਧੀਨ 'ਪੰਜਾਬੀ ਨਾਟਕ ਔਰ ਰੰਗਮੰਚ ਕੀ ਏਕ ਸਦੀ' ਨਾਂ ਦੀ ਪੁਸਤਕ ਲਿਖੀ । ਇਸ ਤੋਂ ਇਲਾਵਾ ਪੰਜਾਬੀ ਨਾਟ-ਮੰਚ ਦੇ ਇਤਿਹਾਸ ਨੂੰ 'ਪੰਜਾਬੀ ਨਾਟਕ ਦਾ ਇਤਿਹਾਸ', 'ਪੰਜਾਬੀ ਨਾਟ-ਮੰਚ ਦਾ ਨਿਕਾਸ ਤੇ ਵਿਕਾਸ', 'ਪੰਜਾਬੀ ਨਾਟਕ : ਬੀਜ ਤੋਂ ਬਿਰਖ ਤਕ' ਅਤੇ 'ਪੰਜਾਬੀ ਨਾਟਕ ਦੀ ਇਤਿਹਾਸਕਾਰੀ' ਨਾਂ ਦੀਆਂ ਪੁਸਤਕਾਂ ਰਾਹੀਂ ਕਲਮਬੱਧ ਕੀਤਾ ਹੈ। ਇਸ ਤੋਂ ਇਲਾਵਾ ਉਹ ਆਪਣੇ ਮਿੱਤਰ ਆਤਮਜੀਤ ਨਾਲ ਮਿਲ ਕੇ ਤ੍ਰੈ-ਮਾਸਿਕ ਨਾਟ-ਮੰਚ ਪੜ੍ਹਿਕਾ 'ਮੰਚਣ' ਦੇ 'ਸੰਪਾਦਨ' ਸਮੇਤ ਅਨੇਕ ਪੁਸਤਕਾਂ ਦਾ ਸੰਪਾਦਨ ਕਰ ਚੁੱਕਾ ਹੈ। ਉਸ ਨੇ ਮੁਲਾਕਾਤਾਂ ਦੀ ਵਿਧਾ ਸਥਾਪਿਤ ਕਰਦਿਆਂ 'ਨਾਟਕਕਾਰਾਂ ਨਾਲ ਸੰਵਾਦ' ਅਤੇ 'ਰੰਗਕਰਮੀਆਂ ਨਾਲ ਸੰਵਾਦ' ਜਿਹੀਆਂ ਮਹੱਤਵਪੂਰਨ ਪੁਸਤਕਾਂ ਰਚੀਆਂ ਹਨ। ਉਸ ਨੇ ਨਾਟ-ਮੰਚ ਖੇਤਰ ਵਿਚ ਅਨੁਵਾਦ ਨੂੰ ਵੀ ਗੰਭੀਰਤਾ ਨਾਲ ਲਿਆ ਹੈ। ਪ੍ਰਮਾਣ ਵਜੋਂ ਉਸ ਨੂੰ 'ਰੰਗਮੰਚ ਦਾ ਕੋਹਿਨੂਰ : ਪ੍ਰਿਥਵੀ ਰਾਜ ਕਪੂਰ' ਪੁਸਤਕ ਲਈ ਸਾਹਿਤ ਅਕਾਦਮੀ ਦਾ ਅਨੁਵਾਦ ਪੁਰਸਕਾਰ ਮਿਲਿਆ ਹੈ।

ਸਤੀਸ਼ ਕੁਮਾਰ ਵਰਮਾ ਨੂੰ ਭਾਸ਼ਾ ਵਿਭਾਗ ਪੰਜਾਬ ਵਲੋਂ 'ਭਾਈ ਕਾਨ੍ਹ ਸਿੰਘ ਨਾਭਾ' ਸੰਪਾਦਨ ਪੁਰਸਕਾਰ ਵੀ ਮਿਲ ਚੁੱਕਾ ਹੈ। ਇੰਜ ਹੀ ਉਹ ਨਾਟ-ਸਮੀਖਿਆ ਅਤੇ ਨਾਟ-ਖੋਜ ਦੇ ਖੇਤਰ ਵਿਚ ਕਾਰਜ ਹਿਤ ਡਾ. ਅਤਰ ਸਿੰਘ ਆਲੋਚਨਾ ਪੁਰਸਕਾਰ ਵੀ ਪ੍ਰਾਪਤ ਕਰ ਚੁੱਕਾ ਹੈ। ਸਤੀਸ਼ ਕੁਮਾਰ ਵਰਮਾ ਦਾ ਜਨਮ 4 ਸਤੰਬਰ, 1955 ਨੂੰ ਸਨੌਰ ਵਿਖੇ ਹੋਇਆ। ਉਹ ਸਮੇਂ ਸਮੇਂ ਪੰਜਾਬੀ ਯੂਨੀਵਰਸਿਟੀ ਦੇ ਪੰਜਾਬੀ ਵਿਭਾਗ ਦੇ ਪ੍ਰੋਫੈਸਰ ਤੇ ਮੁਖੀ, ਡਾਇਰੈਕਟਰ ਯੁਵਕ ਭਲਾਈ ਵਿਭਾਗ, ਡੀਨ ਭਾਸ਼ਾ ਫੈਕਲਟੀ, ਮੁਖੀ, ਸੰਸਕ੍ਰਿਤ ਵਿਭਾਗ, ਮੁਖੀ, ਵਿਦੇਸ਼ੀ ਭਾਸ਼ਾਵਾਂ ਵਿਭਾਗ ਜਿਹੇ ਮਹੱਤਵਪੂਰਨ ਅਹੁਦਿਆਂ 'ਤੇ ਰਹਿ ਚੁੱਕਾ ਹੈ। •



## ਹਿੰਦੂ ਧਰਮ ਦੇ ਪ੍ਰਾਚੀਨ ਗ੍ਰੰਥ ਵੇਦ

ਅਥਰਵੇਦ:-ਅਥਰਵ ਤੋਂ ਭਾਵ ਹੈ ਹਵਨ ਕਰਨ ਵਾਲਾ। ਇਸ ਵੇਦ ਵਿਚ ਵਧੇਰੇ ਭੌਤਿਕਤਾ ਪ੍ਰਧਾਨ ਮਜ਼ਮੂਨ ਸ਼ਾਮਲ ਕੀਤੇ ਗਏ ਹਨ। ਯੱਗ, ਹਵਨ ਆਦਿ ਕਰਨ ਦੀ ਵਿਧੀ, ਯੱਗ ਕਰਾਉਣ ਵਾਲਿਆਂ ਦੇ ਪ੍ਰਕਾਰ ਬਾਰੇ ਦੱਸਿਆ ਗਿਆ ਹੈ। ਜੜ੍ਹੀਆਂ-ਬੂਟੀਆਂ ਅਤੇ ਔਸ਼ਧੀਆਂ ਬਾਬਤ ਵੀ ਭਰਪੂਰ ਜਾਣਕਾਰੀ ਦਿੱਤੀ ਗਈ ਹੈ। ਅਰਥ ਸ਼ਾਸਤਰ ਇਸੇ ਹੀ ਵੇਦ ਦਾ ਉਪ ਵੇਦ ਹੈ। ਸ਼ਿਲਪ ਕਲਾ ਨਾਲ ਸਬੰਧਤ ਜਾਣਕਾਰੀ ਵੀ ਇਸ ਵੇਦ ਵਿਚੋਂ ਮਿਲ ਜਾਂਦੀ ਹੈ। ਅਥਰਵੇਦ ਵਿਚ ਮੰਤਰਾਂ ਦੀ ਗਿਣਤੀ 5977 ਹੈ। ਸਰਪ, ਪਿਸਾਚ, ਅਸੁਰ, ਇਤਿਹਾਸ ਅਤੇ ਪੁਰਾਣ ਇਸ ਦੇ ਪੰਜ ਉਪ ਵੇਦ ਸਵੀਕਾਰੇ ਗਏ ਹਨ। ਸਵਾਮੀ ਦਯਾਨੰਦ ਨੇ ਸ਼ਸਤ੍ਰ-ਅਸਤ੍ਰ ਵਿੱਦਿਆ ਨੂੰ ਵੀ ਇਸ ਦਾ ਹੀ ਉੱਪਵੇਦ ਮੰਨਿਆ ਹੈ।

ਇਸ ਵੇਦ ਦਾ ਮੁਤਾਲਿਆ ਕਰਨ ਨਾਲ ਰਿਸ਼ੀਆਂ-ਮੁਨੀਆਂ ਦੀ ਵਿਆਪਕ ਦ੍ਰਿਸ਼ਟੀ ਅਤੇ ਜੜ੍ਹੀਆਂ-ਬੂਟੀਆਂ ਸਬੰਧੀ ਡੂੰਘੀ ਖੋਜ ਦਾ ਪਤਾ ਵੀ ਚੱਲਦਾ ਹੈ। ਇਸ ਵਿਚ 289 ਔਸ਼ਧੀਆਂ ਦੇ ਗੁਣਾਂ ਅਤੇ ਪ੍ਰਭਾਵਾਂ ਦਾ ਜ਼ਿਕਰ ਕੀਤਾ ਗਿਆ ਹੈ। ਅਜਰ-ਅਮਰ ਕਰ ਦੇਣ ਵਾਲੀਆਂ ਔਸ਼ਧੀਆਂ ਦੀ ਗੱਲ ਵੀ ਅਥਰਵੇਦ ਵਿਚ ਹੀ ਕੀਤੀ ਗਈ ਹੈ। ਜਾਦੂ-ਟੂਣਿਆਂ ਦਾ ਵਿਸਥਾਰਤ ਗਿਆਨ ਵੀ ਇਸ ਵਿਚ ਦਿੱਤਾ ਗਿਆ ਹੈ।

ਭੂਤਾਂ-ਪ੍ਰੇਤਾਂ ਅਤੇ ਹੋਰ ਨਾਸ਼ਕ ਸ਼ਕਤੀਆਂ ਤੋਂ ਬਚਾਅ ਦੇ ਉਪਾਅ ਇਸ ਵੇਦ ਵਿਚ ਮੌਜੂਦ ਹਨ। ਬਦਰੂਹਾਂ ਤੋਂ ਮਹਿਫ਼ੂਜ ਰਹਿਣ ਲਈ ਪਹਿਨੇ ਜਾਣ ਵਾਲੇ ਤਵੀਤ ਵੀ ਇਸ ਵੇਦ ਦੇ ਮੰਤਰਾਂ ਨਾਲ ਹੀ ਲਾਹੇਵੰਦ ਬਣਾਏ ਜਾਂਦੇ ਰਹੇ ਹਨ। ਔਰਤਾਂ ਲਈ ਸੋਨੇ ਦਾ ਮਹੱਤਵ ਵਰਨਣ ਕੀਤਾ ਗਿਆ ਹੈ ਜੋ ਕਿ ਸ਼ਾਂਤੀ ਪ੍ਰਦਾਨ ਕਰਨ ਦਾ ਚਿੰਨ੍ਹ ਹੈ। ਔਰਤ ਨੂੰ ਧਰਤੀ ਦੇ ਵਿਸ਼ਾਲ ਗੁਣਾਂ ਨਾਲ ਤੁਲਨਾਇਆ ਗਿਆ ਹੈ ਜੋ ਸਭ ਨੂੰ ਸੁਖ, ਸ਼ਾਂਤੀ ਅਤੇ ਕੁਦਰਤੀ ਵਸਤਾਂ ਪ੍ਰਦਾਨ ਕਰਦੀ ਹੈ।

ਉਪਰੋਕਤ ਚਰਚਾ ਤੋਂ ਅਸੀਂ ਇਸ ਨਿਰਣੇ 'ਤੇ ਪਹੁੰਚਦੇ ਹਾਂ ਕਿ ਇਹ ਚਾਰੇ ਵੇਦ ਜੀਵਨ ਦੇ ਵੱਖ-ਵੱਖ ਪੱਖਾਂ ਨੂੰ ਉਭਾਰਦੇ ਹਨ। ਇਨ੍ਹਾਂ ਵਿੱਚੋਂ ਅਸੀਂ ਭਾਰਤੀ ਸਮਾਜ ਅਤੇ ਸਭਿਆਚਾਰ ਦੇ ਆਦਿ-ਕਾਲ ਦੀ ਨੁਹਾਰ ਦੇਖ ਸਕਦੇ ਹਾਂ।

ਇਨ੍ਹਾਂ ਵੇਦਾਂ ਦੀ ਵਿਚਾਰਧਾਰਾ ਮਨੁੱਖੀ ਮੁਸ਼ਕਿਲਾਂ ਦੀ ਨਿਸ਼ਾਨਦੇਹੀ ਕਰ ਕੇ ਉਨ੍ਹਾਂ ਨੂੰ ਨਿਵਾਰਨ ਦੀ ਬਾਤ ਵੀ ਪਾਉਂਦੀ ਹੈ। ਭਾਵੇਂ ਸਮੇਂ ਦੇ ਨਾਲ-ਨਾਲ ਬਹੁਤ ਕੁੱਝ ਬਦਲਦਾ ਰਹਿੰਦਾ ਹੈ ਪਰ ਇਨ੍ਹਾਂ ਵੇਦਾਂ ਦੇ ਮਹੱਤਵ ਨੂੰ ਛੁਟਿਆਇਆ ਨਹੀਂ ਜਾ ਸਕਦਾ। ਵੇਦਾਂ ਦੇ ਇਸ ਮਹੱਤਵ ਦੀ ਪੁਸ਼ਟੀ ਸ੍ਰੀ ਗੁਰੂ ਨਾਨਕ ਸਾਹਿਬ ਨੇ ਆਪਣੀ ਪਾਵਨ ਬਾਣੀ ਵਿਚ ਇਸ ਤਰ੍ਹਾਂ ਕੀਤੀ ਹੈ :

**ਚਾਰੇ ਵੇਦ ਹੋਏ ਸਚਿਆਰ॥**
**ਪੜਹਿ ਗੁਣਹਿ ਤਿੰਨ ਚਾਰ ਵੀਚਾਰ॥**
(ਅੰਗ 470)

**ਰਮੇਸ਼ ਬੱਗਾ ਚੋਹਲਾ**
**ਮੋਬਾਈਲ** : 94631 32718

# ਸਿੱਖ ਧਰਮ ਅਤੇ ਵਿਗਿਆਨ

• ਰਣਜੀਤ ਸਿੰਘ

ਰੂਹਾਨੀਅਤ ਨਾਲ ਭਰਪੂਰ ਗੁਰੂ ਨਾਨਕ ਦੇਵ ਜੀ ਨੇ ਅਕਾਲ ਪੁਰਖ ਨਾਲ ਇਕਮਿਕ ਹੋ ਕੇ ਜੋ ਵਿਗਿਆਨਕ ਤੱਥ ਸਾਡੇ ਸਾਹਮਣੇ ਅੱਜ ਤੋਂ ਪੰਜ ਸੌ ਸਾਲ ਪਹਿਲਾਂ ਰੱਖੇ ਹਨ, ਉਨ੍ਹਾਂ ਨੂੰ ਅੱਜ ਦੇ ਵਿਗਿਆਨੀਆਂ ਨੇ ਹੁਣ ਖੋਜਿਆ ਹੈ ਅਤੇ ਆਉਣ ਵਾਲੇ ਸਮੇਂ ਵਿਚ ਵੀ ਖੋਜਦੇ ਰਹਿਣਗੇ। ਗੁਰੂ ਨਾਨਕ ਦੇਵ ਜੀ ਸੰਸਾਰ ਦੇ ਪਹਿਲੇ ਅਜਿਹੇ ਪੈਗੰਬਰ ਹੋਏ ਹਨ ਜਿਨ੍ਹਾਂ ਨੇ ਇਹ ਵਿਚਾਰ ਰੱਦ ਕਰ ਦਿੱਤਾ ਹੈ ਕਿ ਧਰਤੀ ਬਲਦ ਦੇ ਸਿੰਗਾਂ ਦੇ ਸਹਾਰੇ ਖੜ੍ਹੀ ਹੈ। ਆਪ ਨੇ ਦੱਸਿਆ ਕਿ ਧਰਤੀ ਕੇਵਲ ਇਕ ਉਹ ਹੀ ਨਹੀਂ ਹੈ ਜਿਸ 'ਤੇ ਅਸੀਂ ਜੀਵਨ ਬਤੀਤ ਕਰ ਰਹੇ ਹਾਂ ਸਗੋਂ ਇਸ ਤੋਂ ਅੱਗੇ ਹੋਰ ਵੀ ਕਈ ਧਰਤੀਆਂ ਹਨ ਤਾਂ ਉਹ ਕਿਸ ਦੇ ਸਹਾਰੇ ਖੜ੍ਹੀਆਂ ਹਨ? ਆਪ ਨੇ ਸਭ ਨੂੰ ਵੰਗਾਰ ਪਾ ਕੇ ਇਹ ਸਿਧਾਂਤ ਦ੍ਰਿੜ ਕਰਵਾਇਆ

ਧਰਤੀ ਹੋਰੁ ਪਰੈ ਹੋਰੁ ਹੋਰੁ॥
ਤਿਸ ਤੇ ਭਾਰੁ ਤਲੈ ਕਵਣੁ ਜੋਰੁ॥

ਕਾਪਰਨੀਕਸ ਤੇ ਗੈਲੀਲੀਓ ਮਹਾਨ ਵਿਗਿਆਨੀਆਂ ਨੇ ਅੰਬਰ ਦੀਆਂ ਡੂੰਘਾਈਆਂ ਨੂੰ ਆਪਣੀ ਖੋਜ ਨਾਲ ਦੇਖ ਕੇ ਸਾਡੇ ਸਾਹਮਣੇ ਇਹ ਤੱਥ ਪੇਸ਼ ਕੀਤੇ ਕਿ ਸੂਰਜ, ਧਰਤੀ, ਚੰਦ ਤੇ ਹੋਰ ਗ੍ਰਹਿ ਲਗਾਤਾਰ ਘੁੰਮ ਰਹੇ ਹਨ। ਇਹ ਧਾਰਨਾ ਈਸਾਈ ਜਗਤ ਦੇ ਧਾਰਮਿਕ ਗ੍ਰੰਥਾਂ ਦੇ ਅਨੁਕੂਲ ਨਹੀਂ ਸੀ। ਇਸ ਲਈ ਯੂਰਪ ਦੀਆਂ ਧਾਰਮਿਕ ਸੰਸਥਾਵਾਂ, ਚਰਚ ਅਤੇ ਪੋਪ ਵੱਲੋਂ ਇਸ ਦੀ ਸਖ਼ਤ ਵਿਰੋਧਤਾ ਕੀਤੀ ਗਈ। ਜਿਸ ਦੇ ਸਿੱਟੇ ਵਜੋਂ ਕਾਪਰਨੀਕਸ ਤਾਂ ਆਪਣੀ ਖੋਜ ਜਾਹਿਰ ਹੀ ਨਾ ਕਰ ਸਕਿਆ ਅਤੇ ਗੈਲੀਲੀਓ ਨੇ ਮਾਫ਼ੀ ਮੰਗ ਕੇ ਜੇਲ੍ਹ ਵਿੱਚੋਂ ਆਪਣੀ ਜਾਨ ਬਚਾਈ। ਪ੍ਰੰਤੂ ਗੁਰੂ ਨਾਨਕ ਦੇਵ ਜੀ ਨੇ ਗੈਲੀਲੀਓ ਤੋਂ ਸੌ ਸਾਲ ਪਹਿਲਾਂ ਹੀ ਦੁਨੀਆ ਸਾਹਮਣੇ ਇਹ ਵਿਚਾਰ ਰੱਖਿਆ ਸੀ।

ਭੈ ਵਿਚਿ ਸੂਰਜੁ ਭੈ ਵਿਚਿ ਚੰਦੁ॥
ਕੋਹ ਕਰੋੜੀ ਚਲਤ ਨ ਅੰਤੁ॥

ਗੁਰੂ ਨਾਨਕ ਸਾਹਿਬ ਨੇ ਬ੍ਰਹਿਮੰਡ ਦੇ ਲੱਖਾਂ ਹੀ ਚੰਦ, ਤਾਰੇ ਅਤੇ ਹੋਰ ਗ੍ਰਹਿਆਂ ਦੇ ਭੇਦ ਪਹਿਲੀ ਵਾਰ ਖੋਲ੍ਹੇ। ਉਹ ਕਿਹੜੀ ਸ਼ਕਤੀ ਜਾਂ ਈਂਧਨ ਹੈ ਜੋ ਇਨ੍ਹਾਂ ਗ੍ਰਹਿਆਂ ਨੂੰ ਕਰੋੜਾਂ ਸਾਲਾਂ ਤੋਂ ਇਕਸਾਰ ਲਗਾਤਾਰ ਚਲਾ ਰਹੀ ਹੈ ਅਤੇ ਅਰਬਾਂ ਖਰਬਾਂ ਮੀਲ ਚੱਲ ਕੇ ਵੀ ਜਿਉਂ ਦੇ ਤਿਉਂ ਚੱਲ ਰਹੇ ਹਨ। ਅਕਾਲ ਪੁਰਖ ਨੇ ਇਨ੍ਹਾਂ ਵਿਚ ਅਮੁੱਕ ਸ਼ਕਤੀ ਇਕੋ ਵਾਰੀ ਭਰ ਦਿੱਤੀ ਹੈ ਅਤੇ ਵਾਰ-ਵਾਰ ਇਹ ਸ਼ਕਤੀ ਭਰਨ ਦੀ ਲੋੜ ਨਹੀਂ।

ਆਪ ਜੀ ਨੇ ਜਪੁ ਬਾਣੀ ਵਿਚ ਫੁਰਮਾਇਆ ਹੈ :

ਆਸਣੁ ਲੋਇ ਲੋਇ ਭੰਡਾਰੁ॥
ਜੋ ਕਿਛੁ ਪਾਇਆ ਸੁ ਏਕਾ ਵਾਰ॥

ਗੁਰੂ ਨਾਨਕ ਦੇਵ ਜੀ ਨੇ ਇਕ ਹੋਰ ਵਿਗਿਆਨਕ ਤੱਥ ਸਾਡੇ ਸਾਹਮਣੇ ਰੱਖਿਆ ਜਿਸ ਨੂੰ ਅੱਜ ਸਾਰੇ ਸਾਇੰਸਦਾਨ ਮੰਨਦੇ ਹਨ ਕਿ ਚੰਦਰਮਾ ਦੀ ਆਪਣੀ ਕੋਈ ਰੋਸ਼ਨੀ ਨਹੀਂ ਹੈ। ਇਹ ਸੂਰਜ ਦੀ ਰੋਸ਼ਨੀ ਨੂੰ ਹੀ ਪਰਿਵਰਤਿਤ ਕਰਦਾ ਹੈ। ਚੰਦਰਮਾ ਦੇ ਜਿਸ ਭਾਗ ਤੇ ਸੂਰਜ ਦੀ ਰੋਸ਼ਨੀ ਪੈਂਦੀ ਹੈ, ਉਹ ਭਾਗ ਸਾਨੂੰ ਦਿਖਾਈ ਦਿੰਦਾ ਹੈ :

ਸਸਿ ਘਰਿ ਸੂਰੁ ਦੀਪਕੁ ਗੈਣਾਰੇ॥
ਅਤੇ
ਸਸਿ ਘਰਿ ਸੂਰੁ ਵਸੈ ਮਿਟੈ ਅੰਧਿਆਰਾ॥

ਸੰਸਾਰ ਦੀ ਉਤਪਤੀ ਅਤੇ ਨਾਸ਼ਵਾਨਤਾ ਦੀ ਸਚਾਈ ਬਾਰੇ ਗੁਰਬਾਣੀ ਦੀ ਵਿਆਖਿਆ ਵੀ ਅੱਜ ਦੀਆਂ ਵਿਗਿਆਨਕ ਖੋਜਾਂ ਦੇ ਅਨੁਕੂਲ ਹੈ ਅਤੇ ਬਾਕੀ ਧਰਮਾਂ ਦੀ ਵਿਚਾਰਧਾਰਾ ਨੂੰ ਰੱਦ ਕਰਦੀ ਹੈ। ਪੱਛਮੀ ਮੱਤਾਂ ਦੀ ਵਿਆਖਿਆ ਤਾਂ ਮਨੋਕਲਪਿਤ ਹੀ ਲੱਗਦੀ ਹੈ। ਈਸਾਈ ਮੱਤ ਦਾ ਇਹ ਕਹਿਣਾ ਹੈ ਕਿ ਪ੍ਰਮਾਤਮਾ ਨੇ 6 ਦਿਨ ਸ੍ਰਿਸ਼ਟੀ ਸਾਜਣ ਵਿਚ ਲਾਏ ਅਤੇ ਸੱਤਵੇਂ ਦਿਨ ਐਤਵਾਰ ਅਰਾਮ ਕੀਤਾ, ਹਾਸੋਹੀਣੀ ਹੀ ਜਾਪਦੀ ਹੈ। ਗੁਰਬਾਣੀ ਅਨੁਸਾਰ ਅਕਾਲ ਪੁਰਖ ਦੇ ਇਕ ਹੁਕਮ ਜਾਂ ਫੁਰਨੇ ਨਾਲ ਹੀ ਸਾਰੇ ਬ੍ਰਹਿਮੰਡ ਦਾ ਪਸਾਰਾ ਆਰੰਭ ਹੋਇਆ ਹੈ ਅਤੇ ਲੱਖਾਂ ਹੀ ਦਰਿਆ ਹੋਂਦ 'ਚ ਆ ਗਏ।

ਸੰਨ 2012 'ਚ ਵਿਗਿਆਨੀਆਂ ਨੇ ਇਕੱਠੇ ਹੋ ਕੇ ਸਵਿਟਜ਼ਰਲੈਂਡ ਅਤੇ ਫਰਾਂਸ ਦੀ ਸਰਹੱਦ 'ਤੇ 300 ਫੁੱਟ ਡੂੰਘੀ ਅਤੇ 27 ਕਿਲੋ ਮੀਟਰ ਲੰਬੀ ਇਕ ਪ੍ਰਯੋਗਸ਼ਾਲਾ ਬਣਾ ਕੇ ਉਸ ਇਕ ਤੱਤ ਦੀ ਖੋਜ ਕੀਤੀ ਜਿਹੜਾ ਖਰਬਾਂ ਸਾਲ ਪਹਿਲਾਂ ਧੁੰਦੂਕਾਰੇ ਵਿੱਚੋਂ ਇਕ ਕਣ ਤੋਂ ਧਰਤੀ ਬਣਿਆ ਸੀ। ਇਸ ਕਣ ਦਾ ਨਾਂ ਉਨ੍ਹਾਂ ਨੇ ਗਾਡ ਪਾਰਟੀਕਲ ਰਖਿਆ। ਸਾਇੰਸਦਾਨ ਬਹੁਤ ਖ਼ੁਸ਼ ਹੋਏ ਕਿ ਉਨ੍ਹਾਂ ਨੇ ਪਹਿਲੀ ਵੱਡੀ ਖੋਜ ਕਰ ਕੇ ਇਹ ਜਾਣ ਲਿਆ ਹੈ ਕਿ ਇਕ ਤੋਂ ਅਨੇਕਾਂ ਕਣਾਂ ਵਿਚ ਵੰਡ ਹੋ ਕੇ ਕਿਵੇਂ ਧਰਤੀ ਦਾ ਪਸਾਰਾ ਹੋਇਆ। ਜਿਹੜੀ ਖੋਜ ਹੁਣ ਵਿਗਿਆਨੀਆਂ ਨੇ ਕੀਤੀ ਹੈ ਇਹ ਖੋਜ ਤਾਂ ਗੁਰੂ ਨਾਨਕ ਦੇਵ ਜੀ ਅੱਜ ਤੋਂ 500 ਸਾਲ ਪਹਿਲਾਂ ਹੀ ਕਰ ਚੁੱਕੇ ਹਨ। ਜਪੁ ਜੀ ਸਾਹਿਬ ਦੀ ਬਾਣੀ ਵਿਚ ਆਪ ਫੁਰਮਾਉਂਦੇ ਹਨ :

ਕੀਤਾ ਪਸਾਉ ਏਕੋ ਕਵਾਉ॥
ਤਿਸ ਤੇ ਹੋਇ ਲਖ ਦਰੀਆਉ॥

ਭਾਵ ਅਕਾਲ ਪੁਰਖ ਦੇ ਇਕ ਹੁਕਮ ਜਾਂ ਫੁਰਨੇ ਨਾਲ ਹੀ ਸਾਰੇ ਬ੍ਰਹਿਮੰਡ ਦਾ ਪਸਾਰਾ ਹੋਇਆ ਹੈ। ਇਹ ਪਸਾਰਾ ਕਦੋਂ ਹੋਇਆ ਇਸ ਬਾਰੇ ਪ੍ਰਮਾਤਮਾ ਆਪ ਹੀ ਜਾਣਦਾ ਹੈ। ਮਨੁੱਖ ਭਾਵੇਂ ਲੱਖਾਂ ਯਤਨ ਕਰ ਲਵੇ ਉਹ ਇਸ ਪਸਾਰੇ ਦਾ ਆਦਿ ਤੇ ਅੰਤ ਨਹੀਂ ਪਾ ਸਕੇਗਾ। ਗੁਰੂ ਨਾਨਕ ਦੇਵ ਜੀ ਦਾ ਫ਼ੁਰਮਾਨ ਹੈ :

ਥਿਤਿ ਵਾਰੁ ਨ ਜੋਗੀ ਜਾਣੈ ਰੁਤਿ ਮਾਹੁ ਨਾ ਕੋਈ॥
ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ॥

ਜਿੱਥੇ ਅਕਾਲ ਪੁਰਖ ਦੇ ਇਕ ਫੁਰਨੇ ਨਾਲ ਇਹ ਪਸਾਰਾ ਹੋਇਆ ਹੈ ਉੱਥੇ ਇਸ ਦਾ ਅੰਤ ਵੀ ਹੋਵੇਗਾ, ਇਹ ਗੱਲ ਅੱਜ ਸਾਇੰਸਦਾਨ ਵੀ ਮੰਨਦੇ ਹਨ ਕਿ ਸੰਸਾਰ ਦਾ ਆਦਿ ਵੀ ਹੈ ਅਤੇ ਅੰਤ ਵੀ ਹੈ। ਗੁਰਬਾਣੀ ਨੇ ਇਹ ਸਚਾਈ ਸੈਂਕੜੇ ਸਾਲ ਪਹਿਲਾਂ ਹੀ ਸੰਸਾਰ ਦੇ ਸਾਹਮਣੇ ਰੱਖੀ ਹੈ।

ਆਪਨ ਖੇਲੁ ਆਪਿ ਕਰਿ ਦੇਖੈ ਖੇਲੁ ਸੰਕੋਚੈ ਤਉ ਨਾਨਕ ਏਕੈ॥
ਜਾ ਤਿਸੁ ਭਾਵੈ ਤਾ ਸ੍ਰਿਸਟਿ ਉਪਾਏ ਆਪਨੈ ਭਾਣੈ ਲਏ ਸਮਾਏ॥

ਸ੍ਰਿਸ਼ਟੀ ਦੀ ਰਚਨਾ ਤੋਂ ਪਹਿਲਾਂ ਦੀ ਅਵਸਥਾ ਕੀ ਸੀ, ਇਸ ਬਾਰੇ ਵੀ ਵਿਗਿਆਨੀਆਂ ਕੋਲ ਕੋਈ ਠੋਸ ਜਵਾਬ ਨਹੀਂ ਹੈ ਪਰ ਗੁਰਬਾਣੀ ਵਿਚ ਇਸ ਦਾ ਵੀ ਬੜੇ ਵਿਸਥਾਰ ਨਾਲ ਜ਼ਿਕਰ ਕੀਤਾ ਗਿਆ ਹੈ।

ਅਰਬਦ ਨਰਬਦ ਧੁੰਧੂਕਾਰਾ॥
ਧਰਣਿ ਨ ਗਗਨਾ ਹੁਕਮੁ ਅਪਾਰਾ॥
ਨਾ ਦਿਨੁ ਰੈਨਿ ਨ ਚੰਦੁ ਨ ਸੂਰਜ ਸੁੰਨ ਸਮਾਧਿ ਲਗਾਇਦਾ॥

ਫਿਰ ਅਕਾਲ ਪੁਰਖ ਦੇ ਹੁਕਮ ਨਾਲ ਇਹ ਬ੍ਰਹਿਮੰਡ ਹੋਂਦ ਵਿਚ ਆਇਆ ਜਿਸ ਬਾਰੇ ਗੁਰੂ ਸਾਹਿਬ ਫੁਰਮਾਉਂਦੇ ਹਨ :


ਜਾ ਤਿਸੁ ਭਾਣਾ ਤਾ ਜਗਤੁ ਉਪਾਇਆ॥
ਬਾਝੁ ਕਲਾ ਆਡਾਣੁ ਰਹਾਇਆ॥
ਪਾਉਣ ਪਾਣੀ ਸੁੰਨੇ ਤੇ ਸਾਜੇ॥
ਸ੍ਰਿਸਟਿ ਉਪਾਇ ਕਾਇਆ ਗੜ ਰਾਜੇ॥

ਵਿਗਿਆਨੀਆਂ ਦਾ ਕਿਆਸ ਹੈ ਕਿ ਬ੍ਰਹਿਮੰਡ ਇਕ ਗੋਲੇ ਦੀ ਸ਼ਕਲ ਵਿਚ ਸੀ ਅਤੇ ਅਚਾਨਕ ਇਕ ਜ਼ੋਰਦਾਰ ਧਮਾਕੇ ਨਾਲ ਗੋਲਾ ਫਟ ਗਿਆ ਅਤੇ ਇਸ ਗੋਲੇ ਦੇ ਫਟਣ ਨਾਲ ਬ੍ਰਹਿਮੰਡ ਦਾ ਪਸਾਰਾ ਹੋਇਆ। ਇਸ ਵਰਤਾਰੇ ਨੂੰ ਉਨ੍ਹਾਂ ਨੇ ਬਿੱਗ ਬੈਂਗ ਦਾ ਨਾਂ ਦਿੱਤਾ।

ਗੁਰੂ ਨਾਨਕ ਦੇਵ ਜੀ ਨੇ ਸਦੀਆਂ ਪਹਿਲਾਂ ਇਸ ਵਰਤਾਰੇ ਦਾ ਜ਼ਿਕਰ ਕੀਤਾ ਹੈ। ਉਹ ਫੁਰਮਾਉਂਦੇ ਹਨ :

ਆਪੇ ਸਚੁ ਕੀਆ ਕਰ ਜੋੜਿ॥
ਅੰਡਜ ਫੋੜਿ ਜੋੜਿ ਵਿਛੋੜਿ॥
ਧਰਤਿ ਅਕਾਸੁ ਕੀਏ ਬੈਸਣ ਕਉ ਥਾਉ॥
ਰਾਤਿ ਦਿਨੰਤੁ ਕੀਏ ਭਉ ਭਾਉ॥
ਜਿਨਿ ਕੀਏ ਕਰਿ ਵੇਖਣਹਾਰਾ॥
ਅਵਰੁ ਨ ਦੂਜਾ ਸਿਰਜਣਹਾਰਾ॥

ਅਰਥਾਤ ਪ੍ਰਮਾਤਮਾ ਨੇ ਆਪ ਹੀ ਜਗਤ ਦੇ ਆਂਡੇ ਵਰਗੇ ਗੋਲਾਕਾਰ ਨੂੰ ਤੋੜ ਕੇ ਹਿੱਸੇ ਕੀਤੇ ਫਿਰ ਇੱਕ ਦੂਜੇ ਤੋਂ ਅੱਡ ਕਰ ਦਿੱਤੇ (ਭਾਵ ਵਿੱਚ ਪੁਲਾੜ ਬਣਾ ਦਿੱਤਾ) ਇਸ ਤਰ੍ਹਾਂ ਧਰਤੀ ਤੇ ਆਸਮਾਨ ਰਹਿਣ ਲਈ ਥਾਂ ਬਣਾ ਦਿੱਤੇ।



ਅੱਜ ਸਾਇੰਸ ਇਹ ਗੱਲ ਮੰਨਦੀ ਹੈ ਕਿ ਵਿਸ਼ਵ ਦੀ ਹਰ ਚੀਜ਼ ਜੋੜ ਅਤੇ ਤੋੜ ਦੇ ਸਿਧਾਂਤ ਨਾਲ ਪੈਦਾ ਹੋ ਰਹੀ ਹੈ ਅਤੇ ਨਾਸ਼ ਹੋ ਰਹੀ ਹੈ। ਜੁੜਨ ਨਾਲ ਨਵੇਂ ਪਦਾਰਥ ਬਣਦੇ ਹਨ ਅਤੇ ਟੁੱਟਣ ਨਾਲ ਹੋਰ ਪਦਾਰਥ ਹੋਂਦ ਵਿਚ ਆ ਰਹੇ ਹਨ। ਪਾਣੀ ਦੇ ਟੁੱਟਣ ਨਾਲ ਦੋ ਅਣੂ ਹਾਈਡਰੋਜਨ ਅਤੇ ਆਕਸੀਜਨ ਬਣਦੇ ਹਨ ਅਤੇ ਇਨ੍ਹਾਂ ਦੋਹਾਂ ਗੈਸਾਂ ਨੂੰ ਖ਼ਾਸ ਮਾਤਰਾ ਵਿਚ ਮਿਲਾਉਣ ਨਾਲ ਨਵਾਂ ਪਦਾਰਥ ਪਾਣੀ ਬਣਦਾ ਹੈ। ਗੁਰੂ ਨਾਨਕ ਸਾਹਿਬ ਜੀ ਨੇ ਵੀ ਇਹ ਗੱਲ ਕਹੀ ਹੈ ਕਿ ਸਮੁੱਚੇ ਬ੍ਰਹਿਮੰਡ ਵਿਚ ਭੰਨਣ ਅਤੇ ਘੜਣ ਦਾ ਸਿਧਾਂਤ ਕੰਮ ਕਰ ਰਿਹਾ ਹੈ। ਗੁਰਬਾਣੀ ਦਾ ਫ਼ੁਰਮਾਣ ਹੈ :

ਭੰਨਣ ਘੜਣ ਸਮਰਥੁ ਹੈ ਓਪਤਿ ਸਭ ਪਰਲੈ ॥
ਅਤੇ
ਸਗਲੀ ਜੋਤਿ ਤੇਰਾ ਸਭੁ ਕੋਈ॥
ਆਪੇ ਜੋੜਿ ਵਿਛੋੜੇ ਸੋਈ॥

ਵਿਸ਼ਵ ਦੀ ਖੋਜ ਕਰਨ ਵਾਲੇ ਵਿਸ਼ਵ ਵਿਗਿਆਨੀ ਉਨ੍ਹਾਂ ਪਦਾਰਥਾਂ ਜਾਂ ਤੱਤਾਂ ਦੀ ਖੋਜ ਹੀ ਕਰਦੇ ਹਨ, ਜੋ ਪ੍ਰਮਾਤਮਾ ਵੱਲੋਂ ਪੈਦਾ ਕੀਤੇ ਗਏ ਹਨ। ਉਨ੍ਹਾਂ ਨੇ ਇਹ ਖੋਜ ਤਾਂ ਕਰ ਲਈ ਕਿ ਪਾਣੀ ਦੋ ਮੂਲ ਤੱਤਾਂ ਤੋਂ ਬਣਿਆ ਹੈ ਪਰ ਉਹ ਮੂਲ ਤੱਤ ਕਿੱਥੋਂ ਆਏ ਤੇ ਉਨ੍ਹਾਂ ਦਾ ਅਧਾਰ ਕੀ ਹੈ ਤੇ ਬ੍ਰਹਿਮੰਡ ਵਿਚ ਉਨ੍ਹਾਂ ਦਾ ਸਮਤੋਲ ਕੌਣ ਤੇ ਕਿਵੇਂ ਰੱਖਦਾ ਹੈ, ਇਨ੍ਹਾਂ ਗੱਲਾਂ ਦਾ ਜਵਾਬ ਵਿਗਿਆਨੀਆਂ ਕੋਲ ਨਹੀਂ ਹੈ। ਇਸ ਗੱਲ ਦਾ ਜਵਾਬ ਬ੍ਰਹਮ ਦੀ ਖੋਜ ਕਰਨ ਵਾਲੇ ਗੁਰੂ ਨਾਨਕ ਦੇਵ ਜੀ ਵਰਗੇ ਬ੍ਰਹਮ ਗਿਆਨੀ ਕੋਲ ਹੀ ਹੈ। ਉਨ੍ਹਾਂ ਨੇ ਦੱਸਿਆ ਕਿ ਪਰਮਾਤਮਾ ਨੇ ਸਭ ਤੋਂ ਪਹਿਲਾਂ ਹਵਾ ਪੈਦਾ ਕੀਤੀ ਅਤੇ ਹਵਾ ਤੋਂ ਪਾਣੀ ਬਣਿਆ ਅਤੇ ਪਾਣੀ ਤੋਂ ਜੀਵ ਪੈਦਾ ਹੋਏ।

ਸਾਚੇ ਤੇ ਪਵਨਾ ਭਇਆ ਪਵਨੈ ਤੇ ਜਲੁ ਹੋਇ॥
ਜਲ ਤੇ ਤ੍ਰਿਭਵਣੁ ਸਾਜਿਆ ਘਟਿ ਘਟਿ ਜੋਤਿ ਸਮੋਇ॥
ਪਉਣੁ ਉਪਾਇ ਧਰੀ ਸਭ ਧਰਤੀ ਜਲ ਅਗਨੀ ਕਾ ਬੰਧੁ ਕੀਆ॥

ਸੰਨ 1776 ਵਿੱਚ ਇੰਗਲੈਂਡ ਦੇ ਵਿਗਿਆਨੀ ਹੈਨਰੀ ਕੈਵਿਨ ਡਿਸ਼ ਨੇ ਇਹ ਸਾਬਤ ਕੀਤਾ ਸੀ ਕਿ ਹਵਾ ਤੋਂ ਪਾਣੀ ਬਣਾਇਆ ਜਾ ਸਕਦਾ ਹੈ ਅਤੇ ਉਸ ਤੋਂ ਬਾਅਦ ਸੰਨ 1885 ਵਿੱਚ ਵਿਗਿਆਨੀ ਐਟੋਨੀ ਲੌਰੈਂਟ ਅਤੇ ਅਮਾਡੀਓ ਨੇ ਹਵਾ ਵਿੱਚੋਂ ਸਹੀ ਮਾਤਰਾ ਵਿੱਚ ਹਾਈਡਰੋਜਨ ਅਤੇ ਆਕਸੀਜਨ ਨੂੰ ਮਿਲਾ ਕੇ ਪਾਣੀ ਬਣਾਇਆ ਅਤੇ ਆਪਣੀ ਖੋਜ ਨੂੰ ਪੂਰਾ ਕੀਤਾ।

ਪ੍ਰਸਿੱਧ ਵਿਗਿਆਨੀ ਜਗਦੀਸ਼ ਚੰਦਰ ਬੋਸ ਨੇ ਆਪਣੀ ਖੋਜ ਨਾਲ ਇਹ ਗੱਲ ਸੰਸਾਰ ਦੇ ਸਾਹਮਣੇ ਰੱਖੀ ਹੈ ਕਿ ਬਨਸਪਤੀ ਵਿਚ ਵੀ ਜੀਵਨ ਹੈ। ਪਰ ਗੁਰੂ ਨਾਨਕ ਦੇਵ ਜੀ ਨੇ ਇਸ ਖੋਜ ਤੋਂ ਸੈਂਕੜੇ ਸਾਲ ਪਹਿਲਾਂ ਹੀ ਇਹ ਦੱਸ ਦਿੱਤਾ ਸੀ ਕਿ ਸਾਡੀ ਬਨਸਪਤੀ ਦੇ ਹਰ ਕਣ ਵਿਚ ਜੀਵਨ ਹੈ ਅਤੇ ਸਾਰੇ ਜੀਵਾਂ ਤੇ ਬਨਸਪਤੀ ਦੀ ਉਤਪਤੀ ਪਾਣੀ ਤੋਂ ਹੋਈ ਹੈ। ਆਪ ਦਾ ਫ਼ੁਰਮਾਨ ਹੈ :

ਜੇਤੇ ਦਾਣੇ ਅੰਨ ਕੇ ਜੀਆ ਬਾਝੁ ਨ ਕੋਇ॥
ਪਹਿਲਾ ਪਾਣੀ ਜੀਉ ਹੈ ਜਿਤੁ ਹਰਿਆ ਸਭੁ ਕੋਇ ॥

ਭਗਤ ਕਬੀਰ ਜੀ ਦਾ ਫ਼ੁਰਮਾਨ ਹੈ :

ਪਾਤੀ ਤੋਰੈ ਮਾਲਿਨੀ ਪਾਤੀ ਪਾਤੀ ਜੀਉ॥
ਜਿਸੁ ਪਾਹਨ ਕਉ ਪਾਤੀ ਤੋਰੈ ਸੋ ਪਾਹਨ ਨਿਰਜੀਉ॥

ਅੱਜ ਵਿਗਿਆਨੀ ਇਹ ਗੱਲ ਮੰਨਦੇ ਹਨ ਕਿ ਸਾਰੀ ਬਨਸਪਤੀ ਸੂਰਜ ਦੀ ਰੋਸ਼ਨੀ ਨਾਲ ਹੀ ਵਧਦੀ ਫੁੱਲਦੀ ਹੈ ਅਤੇ ਫੁੱਲ ਤਾਂ ਖਿੜਦੇ ਹੀ ਸੂਰਜ ਦੀ ਧੁੱਪ ਨਾਲ ਹਨ।

ਗੁਰਬਾਣੀ ਨੇ ਇਸ ਪ੍ਰਤੀ ਗਿਆਨ ਕਈ ਸੌ ਸਾਲ ਪਹਿਲਾਂ ਹੀ ਦੇ ਦਿੱਤਾ ਸੀ।

ਪਸਰੀ ਕਿਰਣਿ ਰਸਿ ਕਮਲ ਬਿਗਾਸੇ ਸਸਿ ਘਰਿ ਸੂਰੁ ਸਮਾਇਆ॥

ਅੱਜ ਦੇ ਸਾਇੰਸਦਾਨਾਂ ਨੇ ਇਹ ਖੋਜ ਕੀਤੀ ਹੈ ਕਿ ਬ੍ਰਹਿਮੰਡ ਦੀ ਸੂਖ਼ਮ ਤੋਂ ਸੂਖ਼ਮ ਅਤੇ ਵੱਡੀ ਤੋਂ ਵੱਡੀ ਵਸਤੂ ਵਿਚ ਇੱਕੋ ਜਿਹੇ ਅਸੂਲ ਕੰਮ ਕਰ ਰਹੇ ਹਨ। ਗੁਰੂ ਨਾਨਕ ਦੇਵ ਨੇ ਇਨ੍ਹਾਂ ਖੋਜਾਂ ਤੋਂ ਸੈਂਕੜੇ ਸਾਲ ਪਹਿਲਾਂ ਹੀ ਇਹ ਜਾਣਕਾਰੀ ਦੇ ਦਿੱਤੀ ਸੀ ਕਿ ਜੋ ਅਮਲ ਸਮੁੱਚੇ ਬ੍ਰਹਿਮੰਡ ਵਿਚ ਵਾਪਰ ਰਿਹਾ ਹੈ ਉਹੀ ਅਮਲ ਮਨੁੱਖੀ ਸਰੀਰ ਵਿਚ ਅਤੇ ਛੋਟੀ ਤੋਂ ਛੋਟੀ ਵਸਤੂ ਵਿਚ ਵਾਪਰ ਰਿਹਾ ਹੈ। ਗੁਰਬਾਣੀ ਇਸ ਪ੍ਰਥਾਇ ਕਹਿੰਦੀ ਹੈ : ਜੋ ਬ੍ਰਹਮੰਡਿ ਖੰਡਿ ਸੋ ਜਾਣਹੁ

ਅਤੇ ਭਗਤ ਪੀਪਾ ਜੀ ਲਿਖਦੇ ਹਨ :

ਜੋ ਬ੍ਰਹਮੰਡੇ ਸੋਈ ਪਿੰਡੇ ਜੋ ਖੋਜੈ ਸੋ ਪਾਵੈ॥

ਅਰਥਾਤ ਜੋ ਬ੍ਰਹਿਮੰਡ ਵਿਚ ਵਾਪਰ ਰਿਹਾ ਹੈ, ਉਹੀ ਕੁੱਝ ਨਿੱਕੇ ਤੋਂ ਨਿੱਕੇ ਕਣ ਭਾਵ ਪ੍ਰਮਾਣੂ ਵਿਚ ਵੀ ਵਾਪਰ ਰਿਹਾ ਹੈ। ਪ੍ਰਮਾਣੂ ਦੀ ਖੋਜ ਤਾਂ ਵਿਗਿਆਨੀਆਂ ਨੇ ਪਿਛਲੀ ਸਦੀ ਵਿਚ ਕੀਤੀ ਹੈ ਪਰ ਗੁਰਬਾਣੀ ਵਿਚ ਪ੍ਰਮਾਣੂ ਸ਼ਬਦ ਦੀ ਵਰਤੋਂ ਖੋਜ ਤੋਂ ਵੀ ਸੈਂਕੜੇ ਸਾਲ ਪਹਿਲਾਂ ਹੀ ਕੀਤੀ ਗਈ। ਅੱਜ ਦੀ ਖੋਜ ਮੁਤਾਬਕ ਊਰਜਾ ਦੇ ਸਥੂਲ ਮਾਦੇ ਦੇ ਹਰ ਅਣੂ ਵਿਚ ਪ੍ਰਮਾਣੂ ਹਨ ਜਿਸ ਦੇ ਅੱਗੇ ਤਿੰਨ ਭਾਗ ਹੋਰ ਹਨ ਪ੍ਰੋਟੋਨ, ਨਿਊਟਰੋਨ ਅਤੇ ਇਲੈਕਟ੍ਰੋਨ। ਇਹ ਕਣ ਨਾਭੀ ਦੇ ਦੁਆਲੇ ਲਗਾਤਾਰ ਚੱਕਰ ਲਾ ਰਹੇ ਹਨ। ਇਹ ਸਭ ਕੁੱਝ ਉਸੇ ਨਿਯਮ ਨਾਲ ਕੁਦਰਤ ਵਿਚ ਵਾਪਰ ਰਿਹਾ ਹੈ ਜਿਵੇਂ ਗ੍ਰਹਿ ਸੂਰਜ ਦੇ ਦੁਆਲੇ ਲਗਾਤਾਰ ਚੱਕਰ ਲਾ ਰਹੇ ਹਨ।

ਪ੍ਰਮਾਤਮਾ ਦੀ ਇਸ ਕੁਦਰਤ ਵਿਚ ਇਕ ਹੋਰ ਅਜੀਬ ਵਰਤਾਰਾ ਜੋ ਵਰਤ ਰਿਹਾ ਹੈ ਕਿ ਦੋ ਵਿਰੋਧੀ ਤੱਤ ਜਾਂ ਪਦਾਰਥ ਇਕੱਠੇ ਹੀ ਕੰਮ ਕਰ ਰਹੇ ਹਨ। ਇਕ ਰੁੱਖ ਵਿਚ ਅੱਗ ਤੇ ਪਾਣੀ ਦੋ ਵਿਰੋਧੀ ਤੱਤ ਮੌਜੂਦ ਹਨ। ਇਨ੍ਹਾਂ ਦੋ ਵਿਰੋਧੀ ਤੱਤਾਂ ਕਾਰਨ ਹੀ ਦਰੱਖ਼ਤ ਦੀ ਹੋਂਦ ਕਾਇਮ ਹੈ। ਜੇ ਇਸ 'ਚੋਂ ਪਾਣੀ ਦਾ ਤੱਤ ਅਲੋਪ ਹੋ ਜਾਵੇ ਤਾਂ ਰੁੱਖ ਸੁੱਕ ਕੇ ਖ਼ਤਮ ਹੋ ਜਾਵੇਗਾ ਅਤੇ ਜੇ ਅੱਗ ਦਾ ਤੱਤ ਅਲੋਪ ਹੋ ਜਾਵੇ ਤਾਂ ਸੇਮ ਨਾਲ ਦਰੱਖ਼ਤ ਦੀ ਹੋਂਦ ਹੀ ਨਹੀਂ ਰਹੇਗੀ।

ਇਹ ਦੋ ਵਿਰੋਧੀ ਤੱਤਾਂ ਦਾ ਸੰਤੁਲਨ ਹਰ ਜੀਵ ਜੰਤੂ ਅਤੇ ਮਨੁੱਖੀ ਸਰੀਰ ਵਿਚ ਵੀ ਕੰਮ ਕਰ ਰਿਹਾ ਹੈ। ਸਰੀਰ ਦੇ ਅੰਦਰ ਵੀ ਅੱਗ ਭਾਵ ਖੁਰਾਕ ਤੋਂ ਪੈਦਾ ਹੋਈ ਊਰਜਾ ਅਤੇ ਪਾਣੀ ਦਾ ਇਕ ਖ਼ਾਸ ਸੰਤੁਲਨ ਕਾਇਮ ਹੈ ਜੋ ਸਾਡੀ ਸਿਹਤ ਨੂੰ ਨਰੋਆ ਰੱਖਦਾ ਹੈ। ਗੁਰੂ ਨਾਨਕ ਦੇਵ ਜੀ ਦਾ ਫ਼ੁਰਮਾਨ ਹੈ :

ਪਉਣੈ ਪਾਣੀ ਅਗਨੀ ਕਾ ਮੇਲੁ॥
ਚੰਚਲ ਚਪਲ ਬੁਧਿ ਕਾ ਖੇਲੁ॥

ਧਰਮ ਸਮਾਜ ਨੂੰ ਆਫਤਾਂ ਅਤੇ ਸਮੱਸਿਆਵਾਂ ਤੋਂ ਬਚਾ ਸਕਣ ਦੀ ਯੋਗਤਾ ਰੱਖਦਾ ਹੈ। ਪ੍ਰਸਿੱਧ ਵਿਗਿਆਨੀ ਡਾ. ਜੂਲੀਅਨ ਹਕਸਲੇ ਦਾ ਕਥਨ ਹੈ ਕਿ "ਕਿਸੇ ਨਾ ਕਿਸੇ ਰੂਪ 'ਚ ਧਰਮ ਲਗਪਗ ਇਕ ਜ਼ਰੂਰਤ ਹੈ।" ਇਸ ਤਰ੍ਹਾਂ ਧਰਮ ਤੇ ਵਿਗਿਆਨ ਜੀਵਨ ਦੇ ਦੋ ਪਹਿਲੂ ਹਨ। ਮਨੁੱਖੀ ਜੀਵਨ ਦੀ ਖੁਸ਼ਹਾਲੀ ਲਈ ਦੋਹਾਂ ਦੇ ਸੁਮੇਲ ਦੀ ਲੋੜ ਹੈ।

**ਮੋਬਾਈਲ** 99155-15436

• ਪਰਮਜੀਤ ਕੌਰ ਸਰਹਿੰਦ

## ਚੜ੍ਹਦੀ ਕਲਾ ਵਾਲੀ ਰਾਣੀ ਸਦਾ ਕੌਰ

ਰਾਣੀ ਸਦਾ ਕੌਰ ਦਾ ਜਨਮ ਸੰਨ 1762 ਵਿਚ ਦਸੌਂਧਾ ਸਿੰਘ ਦੇ ਘਰ ਹੋਇਆ। ਉਸ ਦਾ ਵਿਆਹ ਘਨ੍ਹੱਈਆ ਮਿਸਲ ਦੇ ਸਰਦਾਰ ਜੈ ਸਿੰਘ ਦੇ ਪੁੱਤਰ ਗੁਰਬਖਸ਼ ਸਿੰਘ ਨਾਲ ਹੋਇਆ। ਇਹ ਮਿਸਲ ਆਪਣੀ ਬਹਾਦਰੀ ਕਾਰਨ ਪ੍ਰਸਿੱਧ ਸੀ। ਇਤਿਹਾਸ ਦੱਸਦਾ ਹੈ ਕਿ ਰਾਣੀ ਸਦਾ ਕੌਰ ਦਾ ਪਤੀ ਗੁਰਬਖ਼ਸ਼ ਸਿੰਘ ਜਦੋਂ ਮੈਦਾਨੇ-ਜੰਗ ਵਿਚ ਸ਼ਹੀਦ ਹੋਇਆ ਤਾਂ ਰਾਣੀ ਸਦਾ ਕੌਰ ਨੂੰ ਇਹ ਖ਼ਬਰ ਪੁੱਜੀ ਤਾਂ ਉਹ ਇਸ ਨਾਲ ਡਾਵਾਂਡੋਲ ਨਹੀਂ ਹੋਈ। ਹਾਲਾਤ ਨੂੰ ਸਮਝਦਿਆਂ ਖ਼ਬਰ ਲਿਆਉਣ ਵਾਲੇ ਦਾ ਘੋੜਾ ਲੈ ਕੇ ਹੀ ਲੜਾਈ ਦੇ ਮੈਦਾਨ ਵਿਚ ਪੁੱਜ ਗਈ ਤੇ ਸੂਰਬੀਰਤਾ ਦਿਖਾਉਂਦਿਆਂ ਜੰਗ ਲੜੀ ਤੇ ਜਿੱਤ ਪ੍ਰਾਪਤ ਕੀਤੀ।

ਰਾਣੀ ਸਦਾ ਕੌਰ ਮਹਾਰਾਜਾ ਰਣਜੀਤ ਸਿੰਘ ਦੀ ਸੱਸ ਸੀ। ਉਹ ਬਹੁਤ ਸੂਝਵਾਨ ਔਰਤ ਸੀ। ਦੋ ਮਿਸਲਾਂ ਦੀ ਕਈ ਵਰ੍ਹਿਆਂ ਦੀ ਦੁਸ਼ਮਣੀ ਉਸ ਨੇ ਆਪਣੀ ਸਮਝ ਨਾਲ ਖ਼ਤਮ ਕੀਤੀ। ਉਸਨੇ ਆਪਣੀ ਪੁੱਤਰੀ ਮਹਿਤਾਬ ਕੌਰ ਦਾ ਰਿਸ਼ਤਾ ਮਹਾਰਾਜਾ ਰਣਜੀਤ ਸਿੰਘ ਨਾਲ ਕਰਨ ਦਾ ਫ਼ੈਸਲਾ ਕੀਤਾ ਪਰ ਉਸਦਾ ਸਹੁਰਾ ਜੈ ਸਿੰਘ ਪਹਿਲਾਂ ਨਾਂਹ ਕਰਦਾ ਰਿਹਾ ਫਿਰ ਸਦਾ ਕੌਰ ਦੇ ਸਮਝਾਉਣ 'ਤੇ ਮੰਨ ਗਿਆ। ਪਹਿਲਾਂ ਉਸਨੇ ਆਪਣੇ ਸਹੁਰੇ ਦੀ ਰਜ਼ਾਮੰਦੀ ਹਾਸਿਲ ਕੀਤੀ ਫਿਰ ਮਹਾਰਾਜਾ ਰਣਜੀਤ ਸਿੰਘ ਦੀ ਮਾਤਾ ਰਾਜ ਕੌਰ ਨੂੰ ਦਲੀਲਾਂ ਨਾਲ ਕਾਇਲ ਕੀਤਾ ਤੇ ਉਸ ਤੋਂ ਸਮਰਥਨ ਲਿਆ। ਆਪਣੀਆਂ ਕੋਸ਼ਿਸ਼ਾਂ ਨਾਲ ਉਸ ਨੇ ਮਹਿਤਾਬ ਕੌਰ ਦਾ ਵਿਆਹ ਮਹਾਰਾਜਾ ਰਣਜੀਤ ਸਿੰਘ ਨਾਲ ਕੀਤਾ। ਉਹ ਇਕ ਚੰਗੀ ਸ਼ਾਸਕ ਵੀ ਸੀ। ਬਿਨਾਂ ਖ਼ੂਨ ਖਰਾਬੇ ਤੋਂ ਉਸ ਨੇ ਭੰਗੀ ਮਿਸਲ ਤੋਂ ਅੰਮ੍ਰਿਤਸਰ ਲੈ ਲਿਆ ਸੀ। ਅਬਦਾਲੀ ਦੇ ਪੋਤਰੇ ਸ਼ਾਹ ਜਮਾਨ ਦੇ ਕਿਸੇ ਬੋਲ ਕਾਰਨ ਉਹ ਮਹਾਰਾਜਾ ਰਣਜੀਤ ਸਿੰਘ ਤੇ ਕੁਝ ਹੋਰ ਨੌਜਵਾਨਾਂ ਨਾਲ ਜਨਵਰੀ 1799 ਨੂੰ ਸੁਮਨ ਬੁਰਜ ਲਾਹੌਰ ਜਾ ਪੁੱਜੀ ਤੇ ਸ਼ਾਹੀ ਕਿਲ੍ਹੇ 'ਤੇ ਹਮਲਾ ਕੀਤਾ। ਸ਼ਾਹ ਜਮਾਨ ਤੋਪਾਂ ਛੱਡ ਕੇ ਭੱਜ ਗਿਆ। ਰਾਣੀ ਸਦਾ ਕੌਰ ਨੇ ਉਸਦੀਆਂ ਤੋਪਾਂ ਵਾਪਸ ਕਰਵਾ ਦਿੱਤੀਆਂ ਤੇ ਕਿਹਾ 'ਭੱਜੇ ਹੋਏ ਦਾ ਮਾਲ ਨਹੀਂ ਅਸਾਂ ਲੈਣਾ'। ਭਾਵ ਸੀ ਕਿ ਸ਼ਾਹ ਜਮਾਨ ਨੂੰ ਭੱਜ ਜਾਣ ਦੀ ਨਮੋਸ਼ੀ ਹੀ ਬਹੁਤ ਹੈ।



ਜੁਲਾਈ 1799 'ਚ ਮਹਾਰਾਜਾ ਰਣਜੀਤ ਸਿੰਘ ਲਾਹੌਰ 'ਤੇ ਕਾਬਜ਼ ਹੋਇਆ। ਇਕ ਵਾਰ ਰਾਣੀ ਸਦਾ ਕੌਰ ਨੂੰ ਖ਼ਬਰ ਮਿਲੀ ਕਿ ਸਾਹਿਬ ਸਿੰਘ ਗੁਜਰਾਤੀ ਤੇ ਉਸ ਦੇ ਸਾਥੀ ਉਨ੍ਹਾਂ 'ਤੇ ਹਮਲਾ ਕਰਨ ਵਾਲੇ ਹਨ। ਰਾਣੀ ਸਦਾ ਕੌਰ ਦਸ ਹਜ਼ਾਰ ਫ਼ੌਜ ਨਾਲ ਗੁਜਰਾਤ ਜਾ ਪੁੱਜੀ ਪਰ ਕਿਸੇ ਤਰ੍ਹਾਂ ਇਹ ਜੰਗ ਰੁਕ ਗਈ। ਜਦੋਂ ਸੰਨ 1800 ਵਿਚ ਡਲ ਸਿੰਘ ਨੂੰ ਬੰਦੀ ਬਣਾ ਕੇ ਲਾਹੌਰ ਲਿਆਂਦਾ ਗਿਆ ਤਾਂ ਰਾਣੀ ਸਦਾ ਕੌਰ ਨੇ ਫਰਾਖ਼ਦਿਲੀ ਦਿਖਾਉਂਦਿਆਂ ਉਸ ਨੂੰ ਰਿਹਾਅ ਕਰਨ ਲਈ ਕਿਹਾ ਤੇ ਮਹਾਰਾਜਾ ਰਣਜੀਤ ਸਿੰਘ ਨੂੰ ਦੱਸਿਆ ਕਿ ਉਨ੍ਹਾਂ ਦੇ ਵਡੇਰਿਆਂ ਨੇ ਹੀ ਡਲ ਸਿੰਘ ਨੂੰ ਅਕਾਲਗੜ੍ਹ ਦੀ ਸਰਦਾਰੀ ਬਖ਼ਸ਼ੀ ਸੀ। ਉਸਨੇ ਨਿੱਕੀਆਂ ਮੋਟੀਆਂ ਹੋਰ ਜੰਗਾਂ ਵੀ ਲੜੀਆਂ। ਦੂਜੀ ਲੜਾਈ ਵਿਚ ਸ: ਹਰੀ ਸਿੰਘ ਨਲੂਆ, ਜਰਨੈਲ ਸ਼ਾਮ ਸਿੰਘ ਅਟਾਰੀਵਾਲਾ ਤੇ ਰਾਣੀ ਸਦਾ ਕੌਰ ਦਾ ਦੋਹਤਾ ਕੰਵਰ ਸ਼ੇਰ ਸਿੰਘ ਵੀ ਸ਼ਾਮਲ ਸਨ। ਇਸ ਜੰਗ ਵਿਚ ਰਾਣੀ ਸਦਾ ਕੌਰ ਨੇ ਪਠਾਣਾਂ ਨਾਲ ਬਹੁਤ ਤਕੜੀ ਜੰਗ ਲੜੀ। ਕਿਹਾ ਜਾਂਦਾ ਹੈ ਇਸ ਜੰਗ ਪਿੱਛੋਂ ਰਾਣੀ ਸਦਾ ਕੌਰ ਤੇ ਮਹਾਰਾਜਾ ਰਣਜੀਤ ਸਿੰਘ ਦਾ ਆਪਸੀ ਮਨ-ਮੁਟਾਵ ਹੋ ਗਿਆ। ਇਤਿਹਾਸ ਦੱਸਦਾ ਹੈ ਧਿਆਨ ਸਿੰਘ ਡੋਗਰਾ ਦੀਆਂ ਚਾਲਾਂ ਨੇ ਸੱਸ-ਜੁਆਈ ਦੇ ਮਨਾਂ 'ਚ ਫ਼ਰਕ ਪਾ ਦਿੱਤਾ।

ਕਈ ਇਤਿਹਾਸਕਾਰ ਕਹਿੰਦੇ ਨੇ 'ਰਾਣੀ ਸਦਾ ਕੌਰ ਘਨ੍ਹੱਈਆ ਮਿਸਲ ਦਾ ਰਾਜ ਸਾਰੇ ਪੰਜਾਬ ਵਿਚ ਫੈਲਾਉਣਾ ਚਾਹੁੰਦੀ ਸੀ। ਪਰ ਕਈ ਕਹਿੰਦੇ ਨੇ 'ਮਹਾਰਾਜਾ ਰਣਜੀਤ ਸਿੰਘ ਰਾਣੀ ਸਦਾ ਕੌਰ ਨੂੰ ਆਪਣੇ ਹਿੱਤਾਂ ਲਈ ਵਰਤਦਾ ਸੀ'। ਸਭ ਦੇ ਵੱਖਰੇ ਵਿਚਾਰ ਨੇ ਪਰ ਇਹ ਕੋਈ ਕੌੜੀ ਸਚਾਈ ਹੈ ਕਿ ਦੋਵਾਂ ਦੇ ਮਨਾਂ ਵਿਚ ਦੂਰੀ ਆ ਗਈ ਸੀ। ਰਾਣੀ ਸਦਾ ਕੌਰ ਦਾ ਦਿਉਰ ਨਿਧਾਨ ਸਿੰਘ ਨਸ਼ਈ ਸੀ ਉਹ ਆਪਣੇ ਇਲਾਕੇ ਦੀ ਪਰਵਾਹ ਨਹੀਂ ਸੀ ਕਰਦਾ। ਮਹਾਰਾਜਾ ਰਣਜੀਤ ਸਿੰਘ ਨੇ ਉਸਦਾ ਕੁਝ ਇਲਾਕਾ ਜ਼ਰੂਰ ਆਪਣੇ ਨਾਲ ਮਿਲਾ ਲਿਆ ਸੀ ਪਰ ਉਸਨੂੰ ਗੁਜ਼ਾਰੇ ਜੋਗੀ ਰਕਮ ਦਿੰਦਾ ਸੀ। ਰਾਣੀ ਸਦਾ ਕੌਰ ਦਾ ਇਲਾਕਾ 1821 'ਚ ਖ਼ਾਲਸਾ ਰਾਜ ਵਿਚ ਮਿਲ ਗਿਆ। ਉਹ 1832 ਵਿਚ ਇਸ ਦੁਨੀਆ ਨੂੰ ਅਲਵਿਦਾ ਆਖ ਗਈ। ਉਸ ਦੀ ਸੂਝ ਬਹਾਦਰੀ ਤੇ ਫਰਾਖ਼ਦਿਲੀ ਸਾਨੂੰ ਸਦਾ ਉਹਦੇ ਪ੍ਰਤੀ ਇਕ ਮਾਣ ਦਾ ਅਹਿਸਾਸ ਕਰਾਉਂਦੀ ਰਹੇਗੀ।

**ਮੋਬਾਈਲ:** 98728-98599

## ਗੁਰਦੁਆਰਾ ਚਰਨ ਕੰਵਲ ਸਾਹਿਬ

• ਅੰਗਰੇਜ਼ ਸਿੰਘ ਹੁੰਦਲ

ਇਹ ਪਵਿੱਤਰ ਅਸਥਾਨ ਗੁਰੂ ਗੋਬਿੰਦ ਸਿੰਘ ਜੀ ਦੀ ਯਾਦ ਵਿਚ ਰਾਜਸਥਾਨ ਦੇ ਜ਼ਿਲ੍ਹੇ ਜੈਪੁਰ ਵਿਚ ਨਰੈਣਾ ਕਸਬੇ ਵਿਚ ਸੁਸ਼ੋਭਿਤ ਹੈ। ਜੈਪੁਰ ਤੋਂ ਅਜਮੇਰ ਵੱਲ ਜਾਂਦੀ ਸੜਕ 'ਤੇ ਲਗਪਗ 60 ਕਿਲੋਮੀਟਰ ਦੀ ਦੂਰੀ 'ਤੇ ਦਾਦੂ ਨਾਂ ਦਾ ਇਕ ਪਿੰਡ ਹੈ, ਜਿਸ ਤੋਂ ਸੱਜੇ ਪਾਸੇ 12 ਕਿਲੋਮੀਟਰ ਦੀ ਦੂਰੀ 'ਤੇ ਨਰੈਣਾ ਨਾਮੀ ਇਕ ਕਸਬਾ ਹੈ। ਇਥੇ ਪ੍ਰਸਿੱਧ ਸੂਫੀ ਸੰਤ ਬਾਬਾ ਦਾਦੂ ਜੀ ਦੀ ਸਮਾਧ ਹੈ। ਤਲਵੰਡੀ ਸਾਬੋ ਤੋਂ ਦੱਖਣ ਵੱਲ ਜਾਂਦੇ ਸਮੇਂ ਮਾਰਚ 1707 ਈ: ਵਿਚ ਗੁਰੂ ਗੋਬਿੰਦ ਸਿੰਘ ਨੇ ਇਸ ਅਸਥਾਨ 'ਤੇ ਚਰਨ ਪਾਏ ਸਨ।

ਇਤਿਹਾਸ 'ਚ ਜ਼ਿਕਰ ਹੈ ਕਿ ਗੁਰੂ ਜੀ ਜਦੋਂ ਨਰੈਣਾ ਪਹੁੰਚੇ, ਉਸ ਸਮੇਂ ਡੇਰੇ ਦਾ ਮਹੰਤ ਭਾਈ ਜੈਤ ਰਾਮ ਸੀ। ਉਹ ਖ਼ੁਦ ਬੜੇ ਉੱਚੇ ਜੀਵਨ ਅਤੇ ਬੰਦਗੀ ਵਾਲਾ ਵਿਅਕਤੀ ਸੀ। ਗੁਰੂ ਜੀ ਨੇ ਬਾਹਰ ਹੀ ਇਕ ਬੋਹੜ ਥੱਲੇ ਡੇਰਾ ਲਾ ਲਿਆ। ਕਿਸੇ ਸਾਧੂ ਨੇ ਜੈਤ ਰਾਮ ਨੂੰ ਖ਼ਬਰ ਕਰ ਦਿੱਤੀ ਕਿ ਗੁਰੂ ਗੋਬਿੰਦ ਸਿੰਘ ਆਪਣੇ ਪੂਰੇ ਲਾਮ ਲਸ਼ਕਰ ਸਮੇਤ ਪਧਾਰੇ ਹਨ। ਮਹੰਤ ਸੋਚਾਂ 'ਚ ਪੈ ਗਿਆ। ਉਹ ਸੰਤ ਦਾਦੂ ਜੀ ਦੀ ਗੱਦੀ ਦਾ ਮਹੰਤ ਸੀ, ਜਿਸ ਦੀ ਪੂਰੀ ਪਰੰਪਰਾ ਵਿਚ ਹਿੰਸਾ ਦਾ ਨਾਂ ਨਿਸ਼ਾਨ ਨਹੀਂ ਸੀ। ਉਸ ਨੂੰ ਪਤਾ ਲੱਗ ਚੁੱਕਾ ਸੀ ਕਿ ਗੁਰੂ ਜੀ ਸ਼ਸਤਰਧਾਰੀ ਹਨ। ਪਰ ਮਹੰਤ ਜੈਤ ਰਾਮ ਨੂੰ ਇੰਝ ਵੀ ਲੱਗਿਆ, ਜਿਵੇਂ ਖ਼ੁਦ ਗੁਰੂ ਨਾਨਕ ਦੇਵ ਜੀ ਦਾਦੂ ਦੇ ਮਹਿਮਾਨ ਬਣਕੇ ਆਏ ਹਨ ਤੇ ਉਨ੍ਹਾਂ ਦੇ ਪ੍ਰਮੁੱਖ ਸੇਵਾਦਾਰ ਦਾ ਫਰਜ਼ ਬਣਦਾ ਹੈ ਕਿ ਘਰ ਆਏ ਮਹਿਮਾਨ ਨੂੰ ਜੀ ਆਇਆਂ ਆਖੇ। ਜਦ ਉਸ ਨੇ ਆ ਕੇ ਗੁਰੂ ਜੀ ਦੇ ਦਰਸ਼ਨ ਕੀਤੇ, ਉਹ ਨਿਹਾਲ ਹੋ ਗਿਆ। ਗੁਰੂ ਜੀ ਨੇ ਪਿਆਰ ਨਾਲ ਉਸ ਨੂੰ ਕੋਲ ਬਿਠਾਇਆ ਤੇ ਵਿਚਾਰ ਵਟਾਂਦਰਾ ਕੀਤਾ।

ਖਾਣੇ ਦਾ ਸਮਾਂ ਹੋਣ ਵਾਲਾ ਸੀ। ਮਹੰਤ ਨੇ ਨਿਮਰਤਾ ਸਹਿਤ ਬੇਨਤੀ ਕੀਤੀ ਕਿ ਹੇ ਸੱਚੇ ਪਾਤਸ਼ਾਹ! ਅੱਜ ਭੋਜਨ ਸਾਡੇ ਨਾਲ ਛਕੋ। ਗੁਰੂ ਜੀ ਨੇ ਪ੍ਰਤਾਉਣ ਲਈ ਕਿਹਾ, 'ਮਹੰਤ ਜੀ ਤੁਹਾਡਾ ਨਿਉਤਾ ਸਵੀਕਾਰ ਹੈ। ਪਰ ਸਾਡੇ ਨਾਲ ਬਾਜ਼ ਵੀ ਹਨ, ਇਨ੍ਹਾਂ ਨੇ ਅਜੇ ਕੁਝ ਨਹੀਂ ਛਕਿਆ। ਪਹਿਲਾਂ ਇਨ੍ਹਾਂ ਨੂੰ ਰਜਾ ਲਵੋ, ਫਿਰ ਸਾਨੂੰ ਰਸਦ ਦੇ ਦੇਣੀ। ਸਾਡੇ ਲਾਂਗਰੀ ਭੋਜਨ ਤਿਆਰ ਕਰ ਲੈਣਗੇ। ਸੁਣ ਕੇ ਮਹੰਤ ਸੋਚਾਂ ਵਿਚ ਪੈ ਗਿਆ ਕਿ ਬਾਜ਼ ਤਾਂ ਮਾਸਾਹਾਰੀ ਪੰਛੀ ਹੈ ਤੇ ਉਹ ਨਿਰੋਲ ਵੈਸ਼ਨੋ ਹਨ। ਜੇ ਬਾਜ਼ਾਂ ਨੂੰ ਭੋਜਨ ਨਾ ਮਿਲਿਆ ਤਾਂ ਗੁਰੂ ਜੀ ਵੀ ਨਹੀਂ ਛਕਣਗੇ। ਮਹੰਤ ਜੈਤ ਰਾਮ ਵੀ ਭਗਤੀ ਭਾਵ ਵਾਲਾ ਸੰਤ ਸੀ। ਉਸ ਦਾ ਹਿਰਦਾ ਅਰਦਾਸ ਵਿਚ ਜੁੜ ਗਿਆ। ਹੱਥ ਬੰਨ੍ਹ ਕੇ ਆਖਣ ਲੱਗਾ ਹੇ ਪਾਤਸ਼ਾਹ! ਅੱਜ ਅਸੀਂ ਆਪ ਦੀ ਦੇ ਬਾਜ਼ਾਂ ਅੱਗੇ ਬੇਨਤੀ ਕਰਾਂਗੇ ਕਿ ਇਹ ਡੇਰਾ ਗ਼ਰੀਬ ਸ਼ਾਕਾਹਾਰੀ ਸਾਧਾਂ ਦਾ ਹੈ, ਇਥੇ ਮਾਸ ਨਹੀਂ ਮਿਲਣਾ। ਅੱਜ ਸਾਡੀ ਭਾਉ ਸਵੀਕਾਰ ਕਰ ਕੇ ਜਵਾਰ ਬਾਜਰੇ ਦਾ ਭੋਜਨ ਹੀ ਸਵੀਕਾਰ ਕਰੋ। ਉਸ ਨੇ ਗੁਰੂ ਜੀ ਨੂੰ ਕਿਹਾ ਤੁਸੀਂ ਇਨ੍ਹਾਂ ਬਾਜ਼ਾਂ ਨੂੰ ਆਗਿਆ ਦਿਓ ਕਿ ਉਹ ਅੱਜ ਸਾਡਾ ਜਵਾਰ ਬਾਜਰੇ ਦਾ ਭੋਜਨ ਹੀ ਛਕ ਲੈਣ।



ਗੁਰੂ ਜੀ ਮੁਸਕਰਾ ਪਏ ਤੇ ਸਵੀਕਾਰਤਾ ਦੀ ਬਖਸ਼ੀਸ਼ ਕਰ ਦਿੱਤੀ। ਮਹੰਤ ਨੇ ਗਦ-ਗਦ ਹੋ ਕੇ ਰਸਦ ਲਿਆਂਦੀ ਤੇ ਗੁਰੂ ਜੀ ਦੇ ਲਾਂਗਰੀਆਂ ਨੂੰ ਲੰਗਰ ਤਿਆਰ ਕਰਨ ਲਈ ਦੇ ਦਿੱਤੀ । ਉਸ ਨੇ ਜਵਾਰ ਬਾਜਰਾ ਲਿਆਂਦਾ ਤੇ ਬਾਜ਼ਾਂ ਅੱਗੇ ਰੱਖ ਕੇ ਛਕਣ ਲਈ ਬੇਨਤੀ ਕੀਤੀ। ਸਾਰੇ ਸਾਧੂ ਅਤੇ ਸਿੱਖ ਦੇਖ ਕੇ ਹੈਰਾਨ ਰਹਿ ਗਏ ਕਿ ਬਾਜ਼ਾਂ ਨੇ ਤੁਰੰਤ ਭੋਜਨ ਛਕਣਾ ਸ਼ੁਰੂ ਕਰ ਦਿੱਤਾ। ਦੂਜੇ ਪਾਸੇ ਲਾਂਗਰੀਆਂ ਨੇ ਭੋਜਨ ਤਿਆਰ ਕਰ ਲਿਆ। ਸਭ ਨੇ ਪ੍ਰੇਮ ਨਾਲ ਛਕਿਆ। ਤੀਜੇ ਪਹਿਰ ਗੁਰੂ ਜੀ ਮਹੰਤ ਦੀ ਬੇਨਤੀ 'ਤੇ ਦਾਦੂ ਜੀ ਦੇ ਡੇਰੇ ਅੰਦਰ ਗਏ। ਉਨ੍ਹਾਂ ਨੇ ਦਾਦੂ ਜੀ ਦੀ ਸਮਾਧ ਵੱਲ ਤੱਕ ਕੇ ਤੀਰ ਨਾਲ ਨਮਸਕਾਰ ਕੀਤੀ। ਦਾਦੂ ਜੀ ਦੇ ਡੇਰੇ ਚਰਨ ਪਾ ਕੇ ਗੁਰੂ ਜੀ ਆਪਣੇ ਤੰਬੂ ਵਿਚ ਆ ਗਏ ਤੇ ਆਰਾਮ ਕਰਨ ਲੱਗੇ। ਇੰਨੇ ਨੂੰ ਸਿੰਘ ਵੀ ਆ ਗਏ ਅਤੇ ਬੇਨਤੀ ਕਰਨ ਲੱਗੇ ਕਿ ਮਹਾਰਾਜ! ਆਪ ਤਾਂ ਅਭੁੱਲ ਹੋ, ਅਸੀਂ ਭੁੱਲਣਹਾਰ ਹਾਂ, ਪਰ ਆਪ ਨੇ ਦਾਦੂ ਜੀ ਦੀ ਸਮਾਧ ਨੂੰ ਨਮਸਕਾਰ ਕਰ ਕੇ ਆਪਣੇ ਹੀ ਦਰਸਾਏ ਹੋਏ ਅਸੂਲਾਂ ਦੀ ਉਲੰਘਣਾ ਕੀਤੀ ਹੈ। ਇਸ ਲਈ ਆਪ ਤਨਖ਼ਾਹ ਦੇ ਭਾਗੀਦਾਰ ਹੋ। ਗੁਰੂ ਜੀ ਕਹਿਣ ਲੱਗੇ ਮੈਂ ਇਹ ਅਵੱਗਿਆ ਜਾਣ ਬੁੱਝ ਕੇ ਖ਼ਾਲਸੇ ਨੂੰ ਪਰਖਣ ਵਾਸਤੇ ਕੀਤੀ ਸੀ। ਪਰ ਅਵੱਗਿਆ, ਅਵੱਗਿਆ ਹੀ ਹੈ। ਮੈਂ ਤਨਖ਼ਾਹ ਲਵਾਉਣ ਲਈ ਤਿਆਰ ਹਾਂ। ਸਿੰਘਾਂ ਨੇ ਦੀਵਾਨ ਸਜਾਇਆ ਤੇ ਤਨਖ਼ਾਹ ਲਗਾਉਣ ਬਾਰੇ ਵਿਚਾਰ ਕੀਤੀ। ਤਨਖ਼ਾਹ ਦੀ ਰਕਮ ਬਾਰੇ ਇਤਿਹਾਸਕਾਰਾਂ ਦੀਆਂ ਵੱਖ-ਵੱਖ ਰਾਵਾਂ ਹਨ। ਭਾਈ ਵੀਰ ਸਿੰਘ ਜੀ ਅਨੁਸਾਰ ਸਵਾ ਸੌ ਰੁਪਏ ਦੀ ਤਨਖ਼ਾਹ ਲਗਾਈ ਗਈ, ਜੋ ਗੁਰੂ ਜੀ ਨੇ ਉਸੇ ਸਮੇਂ ਦੇ ਦਿੱਤੀ। ਸਿੰਘਾਂ ਨੇ ਇਸ ਰਕਮ ਨਾਲ ਲੰਗਰ ਵਾਸਤੇ ਤੰਬੂ ਬਣਵਾਇਆ। "ਸੂਰਜ ਪ੍ਰਕਾਸ਼" ਅਨੁਸਾਰ ਤਨਖ਼ਾਹ ਦੀ ਰਕਮ ਪੰਜ ਸੌ ਰੁਪਏ ਸੀ, ਜੋ ਗੁਰੂ ਜੀ ਨੇ ਹੱਸ ਕੇ ਦੇ ਦਿੱਤੀ। ਇਸ ਰਕਮ ਦਾ ਕੜਾਹ ਪ੍ਰਸ਼ਾਦ ਤਿਆਰ ਕਰਵਾਇਆ ਗਿਆ ਤੇ ਸਾਰੀ ਸੰਗਤ ਵਿਚ ਖੁੱਲ੍ਹਾ ਵਰਤਾਇਆ ਗਿਆ।

ਕੁਝ ਸਮਾਂ ਪਹਿਲਾਂ ਜੈਪੁਰ ਦੀ ਸੰਗਤ ਨੇ ਨਰੈਣਾ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਯਾਦ ਵਿਚ ਗੁਰਦੁਆਰਾ ਬਣਾਉਣ ਦਾ ਉਪਰਾਲਾ ਕੀਤਾ। ਇਹ ਸ਼ਹਿਰ ਤੋਂ ਬਾਹਰ ਨਰੈਣਾ-ਦਾਦੂ ਸੜਕ 'ਤੇ ਸਥਿਤ ਹੈ। ਇਥੇ ਜੈਪੁਰ ਦੀ ਸੰਗਤ ਨੇ ਉਸਾਰੀ ਆਰੰਭ ਕੀਤੀ। ਇਕ ਕਮਰਾ ਬਣਾ ਕੇ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰ ਦਿੱਤਾ ਗਿਆ। ਵੱਡੇ ਗੁਰਦੁਆਰੇ ਦੀ ਉਸਾਰੀ ਲਈ 1990 ਵਿਚ ਕਾਰ ਸੇਵਾ, ਖਡੂਰ ਸਾਹਿਬ ਵਾਲੇ ਸੰਤ ਬਾਬਾ ਉੱਤਮ ਸਿੰਘ ਜੀ ਤੇ ਬਾਬਾ ਅਮਰ ਸਿੰਘ ਜੀ, ਗੁਰਦੁਆਰਾ ਦਾਤਾ ਬੰਦੀ ਛੋੜ ਕਿਲ੍ਹਾ ਗਵਾਲੀਅਰ (ਐਮ.ਪੀ.) ਨੇ ਸੇਵਾ ਸੰਭਾਲੀ ਤੇ ਨਵੇਂ ਗੁਰਦੁਆਰੇ ਦੀ ਉਸਾਰੀ ਆਰੰਭ ਕਰਵਾਈ।

**ਮੋਬਾਈਲ** : 9876785672

## ਭਾਈ ਘਨ੍ਹੱਈਆ ਜੀ



(ਭਾਈ ਘਨ੍ਹੱਈਆ ਜੀ ਦੇ ਜਨਮ ਅਸਥਾਨ ਦਾ ਨਾਂ-ਸੌਦਰ ਸੋਹਦਰਾ ਅਤੇ ਹੁਣ ਸੋਧਰਾ (ਪਾਕਿਸਤਾਨ)

• ਫ਼ਕੀਰ ਚੰਦ ਤੁਲੀ

### ਪਿਤਾ ਜੀ ਦੀ ਥਾਂ ਭਾਈ ਘਨ੍ਹੱਈਆ

ਇਹ ਅਵਸਰ ਹੱਥੋਂ ਨਾ ਜਾਵੇ, ਹੱਥ ਰੱਖੋ ਸਿਰ ਮੇਰੇ,
ਗੁਰ ਸਮਰਥ ਹੱਥ ਸਿਰ ਰੱਖੋ! ਲੱਭ ਜਾਵਣ ਦਰ ਤੇਰੇ।
ਸਾਰੀ ਰਾਤ ਭਾਈ ਘਨ੍ਹੱਈਆ ਜੀ ਨੂੰ ਇਹ ਸ਼ਬਦ ਸੁਣਾਈ ਦਿੰਦਾ ਰਿਹਾ:
ਕੋਈ ਜਨੁ ਹਰਿ ਸਿਉ ਦੇਵੈ ਜੋਰਿ॥ (ਜੈਤਸਰੀ ਮਹੱਲਾ ਪੰਜਵਾਂ)
ਜਿਸ ਦੀ ਛੋਹ ਤੋਂ ਮਨਮੁਖ ਜੀਅੜਾ, ਹੋਵੇ ਹੋਰ ਤੇ ਹੋਰ
ਜਿਸਦੇ ਹੁਕਮੀ ਇਸ ਤਨ, ਮਨ 'ਤੇ ਵਰ੍ਹੇ ਘਟਾ ਘਨਘੋਰ
ਤਨ, ਮਨ ਦਾ ਕੋਈ ਜ਼ਹਿਰ ਮੁਕਾਵੇ ਵਸਲ ਦੀ ਮਿਸ਼ਰੀ ਖੋਰ
ਭਾਂਡਾ ਆਵੇ ਪੱਕਾ ਕੀਤਾ ਪਰਖੋ ਭਾਵੇ ਠੋਰ
ਪਿੱਛਾ ਕਰਦੇ ਹਰ ਦਮ ਮੇਰਾ ਪਿੱਛੇ ਲੱਗੇ ਚੋਰ
ਇਕ ਅਰਦਾਸ ਫ਼ਕੀਰ ਸਾਈਂ ਦੀ ਨਾ ਹੁਣ ਹੋਰ ਵਿਛੋਰ।

**ਮੁਸਾਹਿਬ ਅਮਰ ਸਿੰਘ ਨੂੰ ਖ਼ਬਰ ਹੋਣੀ**

ਦੱਸਿਆ ਕਿਸੇ ਅਮਰ ਸਿੰਘ ਨੂੰ, ਭਾਈ ਘਨ੍ਹੱਈਆ ਤੇਰਾ,
ਸੇਵਾਦਾਰ ਫ਼ਕੀਰ ਹੋ ਗਿਆ, ਰਹਿ ਗਿਆ ਖ਼ਾਲੀ ਡੇਰਾ।
ਭਾਲ ਕਰਾਈ ਬਹੁਤ ਮੁਸਾਹਿਬ, ਨਹੀਂ ਘਨ੍ਹੱਈਆ ਲੱਭੇ,
ਸੂਬੇਦਾਰ, ਜਰਨੈਲ ਦੇ ਹੋਏ, ਯਤਨ ਅਕਾਰਥ ਸੱਭੇ।
ਕਿਸੇ ਪੁੱਛਿਆ ਇਸ ਪੁਰਖੇ ਲਈ, ਕਾਹਤੋਂ ਘਾਲਾਂ ਘਾਲੋਂ?
ਕਿਉਂ ਏਨੇ ਦਿਲਗੀਰ ਭਏ ਹੋ, ਏਨਾ ਕਾਹਤੋਂ ਭਾਲੋਂ।
ਕਿਹਾ ਮੁਸਾਹਿਬ ਐਸੇ ਪਰਖ ਦੇ, ਇਸੇ ਲਈ ਦਰਸ਼ਨ ਚਾਹਾਂ,
ਇਸ ਮਾਇਆ ਦੇ ਜਾਲ ਕੱਟ ਕੇ ਫੜੀਆਂ ਸੱਚੀਆਂ ਰਾਹਾਂ।
ਇਹ ਸੱਚਾ ਯੋਧਾ ਹੈ ਇਸ ਨੇ, ਪਾਈ ਸੂਰਮਤਾਈ,
ਰੱਬੀ ਜੋਤ ਤੰਬੂ ਵਿਚ ਆ ਕੇ, ਇਸ ਵਿਚ ਜੋਤ ਜਗਾਈ।
ਮਨ ਨੂੰ ਵਿਸ਼ਿਆਂ ਭੋਗਾਂ ਵੱਲੋਂ, ਵਿਰਲਾ ਕੋਈ ਮੋੜੇ,
ਸੂਰਮਗਤਿ ਪਾ ਕੇ ਹੀ ਕੋਈ, ਜਰ ਪ੍ਰਭੂ ਸੰਗ ਜੋੜੇ।

**ਪਹਾੜਾਂ ਵਿਚ ਵਿਚਰਦੇ ਭਾਈ ਘਨ੍ਹੱਈਆ ਜੀ**

ਘੁੰਮਦੇ ਫਿਰਨ ਪਹਾੜਾਂ ਅੰਦਰ, ਬ੍ਰਿਹਾ ਬ੍ਰਿਹਾ ਕੂਕੇ,
ਗੋਬਿੰਦ ਮਿਲਣ ਦੀ ਸਾਡੀ ਵਾਰੀ,ਨਾਮ ਬ੍ਰਿਹਾ ਦਾ ਸੂਕੇ।
ਫਲ਼ ਰੁੱਖਾਂ ਦੇ, ਪੱਤ ਰੁੱਖਾਂ ਦੇ, ਖਾ ਖਾ ਕੇ ਜਲ ਪੀਂਦੇ,
ਭਾਈ ਘਨੱਈਆ ਨਗਰ, ਗਿਰਾਂ ਵਿਚ, ਜਾਵਣ ਤੋਂ ਕਤਰਾਂਦੇ।
ਭਾਈ ਘਨੱਈਆ ਸੋਚਣ ਜੇਕਰ, ਨਾ ਮੈਂ ਗੋਬਿੰਦ ਪਾਇਆ,
ਕੀ ਕਰਨਾ ਹੈ ਜੀ ਕੇ ਫਿਰ ਮੈਂ, ਕੀ ਕਰਨੀ ਹੈ ਕਾਇਆ।
ਭਾਈ ਸਾਹਿਬ ਉਪਰਾਮ ਹੋ ਗਏ, ਭਏ ਜੰਗਲ ਵਿਚ 'ਕੱਲੇ,
ਚੱਲਣ ਫਿਰਨੋਂ ਅਸਮਰਥ ਹੋ ਗਏ, ਪਏ ਰੁੱਖ ਦੇ ਥੱਲੇ।

**ਮੋਬਾਈਲ** : 90419-19908

ਚਲਦਾ..

# ਕੁਝ ਕਹਿੰਦੀ ਐ ਤਸਵੀਰ...

• ਯਸ਼ਵੀਰ ਗੋਇਲ



ਤੁਹਾਡੇ ਆਲੇ-ਦੁਆਲੇ ਬਹੁਤ ਕੁਝ ਅਜਿਹਾ ਹੈ, ਜਿਹੜਾ ਤੁਹਾਡੇ ਅੰਦਰ ਦੇ ਕਲਾਕਾਰ ਨੂੰ ਹਲੂਣਾ ਦਿੰਦਾ ਹੈ। ਉਸ ਨੂੰ ਕਲਾਤਮਕ ਨਜ਼ਰੀਏ ਤੋਂ ਦੇਖਣ ਅਤੇ ਉਸਨੂੰ ਕੈਮਰੇ ਦੀ ਅੱਖ 'ਚੋਂ ਲੰਘਾਉਣ ਦੀ ਕਲਾ ਦਾ ਨਾਂ ਹੀ ਹੈ ਫੋਟੋਗ੍ਰਾਫੀ। ਤੁਸੀਂ ਵੀ ਆਪਣੇ ਸੁਹਜ-ਸਵਾਦ ਦਾ ਨਮੂਨਾ **ਕੌਮੀ ਪੱਤ੍ਰਿਕਾ ਬਿਊਰੋ** ਦੇ ਪਾਠਕਾਂ ਨਾਲ ਸਾਂਝਾ ਕਰਨ ਲਈ ਆਪਣੀ ਖਿੱਚੀ ਬਿਹਤਰੀਨ ਤਸਵੀਰ ਸਾਨੂੰ ਜਲਦੀ ਆਪਣੇ ਪੂਰੇ ਸਿਰਨਾਵੇਂ ਸਮੇਤ ਭੇਜੋ।

ਸਾਡਾ ਪਤਾ ਹੈ :

ਵਿਅੰਗ

# ਠਿੱਬੀ ਮੱਲ ਦਾ ਸ਼ਕਤੀ ਤਮਾਸ਼ਾ

**ਜਦੋਂ ਠਿੱਬੀ ਮੱਲ ਤੇ ਉਸ ਦੇ ਚੇਲੇ-ਚਾਟੜਿਆਂ ਦੇ ਅੱਡੀ ਚੋਟੀ ਦਾ ਜ਼ੋਰ ਲਾਉਣ ਦੇ ਬਾਵਜੂਦ ਖ਼ੁਸ਼ੀ ਦੇ ਟੀਟਣੇ ਮਾਰਨ ਅਤੇ ਵਿਰੋਧੀਆਂ ਦੇ ਕਾਲਜੇ ਸਾੜਨ ਜੋਗੀ ਭੀੜ ਇਕੱਠੀ ਨਾ ਕਰ ਸਕੇ ਤਾਂ ਉਨ੍ਹਾਂ ਦੇ ਬੁੱਲ੍ਹ ਹੋਰ ਹੇਠਾਂ ਨੂੰ ਲਮਕ ਗਏ...**



• ਲਖਵਿੰਦਰ ਸਿੰਘ ਰਈਆ ਹਵੇਲੀਆਣਾ

ਲੋਕ ਵਿਕਾਸ ਦੇ ਕੰਮ ਹੋਣ ਜਾਂ ਨਾ ਪਰ ਇਸ ਲੋਕਤੰਤਰ ਵਿਚ 'ਮਨੁੱਖੀ ਸ਼ਕਤੀ' ਦਾ ਵਿਖਾਵਾ ਵੋਟਾਂ ਖੋਹਣ ਦਾ ਇਕ ਵੱਡਾ ਸਾਧਨ ਮੰਨਿਆ ਜਾ ਰਿਹਾ ਹੈ। ਆਪਣੀਆਂ ਜੜ੍ਹਾਂ ਗੱਡਣ ਲਈ ਦੂਜਿਆਂ ਦੀ ਜੜ੍ਹੀਂ ਪਟਰੌਲ ਪਾਉਣ ਦਾ ਸ਼ੁਗਲ ਬਣਿਆ ਹੋਇਆ ਹੈ ਭਾਵੇਂ ਇਸ ਮਹਿੰਗੇ ਸ਼ੁਗਲ ਨਾਲ ਕਈ ਆਪਣਾ ਝੁੱਗਾ ਹੀ ਚੌੜ ਕਰਵਾ ਬੈਠੇ ਨੇ। ਪਰ ਫਿਰ ਵੀ ਬਹੁਤੇ ਸਿਆਸੀ ਮਗਰਮੱਛ ਪੱਥਰ ਚੱਟ ਕੇ ਵੀ ਪਿਛਾਂਹ ਨਹੀ ਮੁੜਦੇ ਕਿਉਂਕਿ ਕਦੇ ਨਾ ਕਦੇ ਉਨ੍ਹਾਂ ਦੀ ਕੁੰਡੀ ਵਿਚ ਵਾਰੇ ਨਿਆਰੇ ਕਰਾਉਣ ਵਾਲੀ ਮੱਛੀ (ਕੁਰਸੀ) ਨੇ ਫਸਣਾ ਈ ਫਸਣਾ ਹੁੰਦੈ। ਸੋ ਇਸ ਲੋਕ ਰਾਜ ਵਿਚ ਸਿਆਸੀ ਵਿਰੋਧੀਆਂ ਦੇ ਖੰਭ ਕੁਤਰਨ ਲਈ ਖੇਹ ਉਡਾਊ, ਪ੍ਰਦੂਸ਼ਣ ਫੈਲਾਊ ਤੇ ਚਲਦੀ ਆਵਾਜਾਈ ਵਿਚ ਵਿਘਨ ਪਾਊ 'ਸ਼ਕਤੀ ਤਮਾਸ਼ੇ' ਕਰਨ ਦੀ ਚੂਹਾ ਦੌੜ ਲੱਗੀ ਹੋਈ ਐ।

ਇਸ ਚੂਹਾ ਦੌੜ ਵਿਚ ਠਿੱਬੀ ਮੱਲ ਭਲਾ ਕਿਸੇ ਤੋਂ ਪਿੱਛੇ ਕਿਵੇਂ ਰਹਿ ਸਕਦਾ ਸੀ। ਉਸ ਨੂੰ ਤਾਂ ਉਸੇ ਦਿਨ ਤੋਂ ਹੀ ਸੱਤੀਂ ਕਪੜੀਂ ਹੀ ਅੱਗ ਲੱਗੀ ਹੋਈ ਸੀ ਜਿਸ ਦਿਨ ਤੋਂ ਉਸ ਦੇ ਵਿਰੋਧੀਆਂ ਨੇ ਸ਼ਕਤੀ ਵਿਖਾਵੇ ਰਾਹੀਂ ਸੜਕਾਂ 'ਤੇ ਕਬਜ਼ਾ ਕਰ ਕੇ ਪੂਰਾ ਹੁੜਦੰਗ ਮਚਾਇਆ ਸੀ। ਠਿੱਬੀ ਮੱਲ ਨੇ ਵੀ ਮਨ ਵਿਚ ਧਾਰ ਲਿਆ ਸੀ ਕਿ ਆਪਣੇ ਸ਼ਕਤੀ ਵਿਖਾਵੇ ਦੌਰਾਨ ਅਸਾਂ ਵੀ ਆਮ ਰਾਹਗੀਰਾਂ ਦੇ ਨਾਸੀਂ ਧੂੰਆਂ ਐਸਾ ਦੇਣਾ ਕਿ ਉਨ੍ਹਾਂ ਨੂੰ ਨਾਨੀ ਕੀ ਸਗੋਂ ਨਾਨਕਾ ਪਰਿਵਾਰ ਹੀ ਚੇਤੇ ਆ ਜਾਵੇ ਅਤੇ ਨਾ ਚਾਹੁੰਦੇ ਹੋਏ ਵੀ ਉਹ ਸਾਡੀ ਭੀੜ ਦਾ ਇਕ ਹਿਸਾ ਬਣ ਕੇ ਰਹਿ ਜਾਣ। ਭੀੜ ਦੇ 'ਦੁੱਧ ਉਬਾਲੇ' ਨੂੰ ਵੇਖ ਕੇ ਵਿਰੋਧੀਆਂ ਦੇ ਢਿੱਡੀਂ ਇੰਜ ਉਬਾਲੇ ਉੱਠਣ ਤੇ ਵਲੇਵੇਂ ਫਿਰਨ ਜਿਵੇਂ ਕਬਜ਼ੀ ਦੇ ਮਾਰੇ ਕਿਸੇ ਹਮਾਤੜ ਨੇ ਗ਼ਲਤੀ ਨਾਲ ਜੁਲਾਬ ਦੀ ਪੂਰੀ ਦੀ ਪੂਰੀ ਸ਼ੀਸ਼ੀ ਚਾੜ੍ਹ ਲਈ ਹੋਵੇ।

'ਲੋਕ ਭਾਵਨਾਵਾਂ ਕੈਸ਼ ਯਾਤਰਾ' ਲਈ ਆਪਣਾ ਸਿਆਸੀ ਗੱਡਾ ਜੋੜਨ/ ਤੋਰਨ ਲਈ ਠਿੱਬੀ ਮੱਲ ਨੇ ਆਪਣੇ ਚੇਲੇ ਚਾਟੜੇ ਇਕੱਠੇ ਕੀਤੇ ਤੇ ਆਪਣੇ ਮਨ ਦੀ ਭੜਾਸ ਕੱਢਦਿਆਂ ਇਹ ਵੀ ਕਹਿ ਦਿੱਤਾ ਜਿਹੜਾ ਜਿੰਨੀ ਵੱਧ ਭੀੜ ਇਕੱਠੀ ਕਰਕੇ ਲਿਆਊ, ਪਾਰਟੀ ਵਿਚ ਉਸ ਨੂੰ ਅਹੁਦਾ ਵੀ ਓਨਾ ਵੱਡਾ ਬਖਸ਼ਿਸ਼ ਹੋਊ। ਇਹ ਬਖਸ਼ੀਸ਼ ਲੈਣ ਲਈ ਚਮਚੇ-ਚਾਟੜਿਆਂ ਵਿਚ ਵੀ ਹੋੜ ਲੱਗ ਗਈ ਤੇ ਉਹ ਇਕ-ਦੂਜੇ ਦੇ ਹਲਕਿਆਂ ਵਿਚ ਸੰਨ੍ਹ ਲਾਉਣ ਲੱਗ ਛੁਟੀ ਜਾਣ ਪਰ ਖ਼ੁਸ਼ਕੀ ਦੇ ਮਾਰੇ ਬੁੱਲ੍ਹ ਹੋਰ ਹੇਠਾਂ ਨੂੰ ਲਮਕਦੇ ਜਾਣ। 'ਕੁਰਸੀ 'ਤੇ ਨਾਗ ਕੁੰਡਲ ਵਜ ਲੈਣ ਦਿਓ ਫਿਰ ਵੇਖਿਓ ਇਨ੍ਹਾਂ ਨੂੰ ਬੰਦੇ ਦੇ ਪੁੱਤ ਕਿਵੇਂ ਬਣਾਉਨੈ। ਤੇ ਕਹਿਣਾ ਨਾ ਮੰਨਣ ਦਾ ਐਸਾ ਸਬਕ ਸਿਖਾਊਂ ਕਿ ਜੋ ਪੀੜ੍ਹੀਆਂ ਤਕ ਨਾ ਭੁੱਲੂ।' ਮੱਥੇ 'ਤੇ ਹੱਥ ਮਾਰ ਕੇ ਉਬਲਦੀ ਤੌੜੀ ਵਾਂਗ ਠਿੱਬੀ ਮਲ ਆਪਣੇ ਕੰਢੇ ਲੂੰਹਦਿਆਂ ਬੁੜ-ਬੁੜ ਕਰੀ ਜਾ ਰਿਹਾ ਸੀ। ਫਿਕਰ ਵਿਚ ਡੁੱਬੇ ਠਿੱਬੀ ਮਲ ਨੂੰ ਵੇਖ ਕੇ ਸੱਜੀ ਬਾਂਹ ਬਣੇ ਇਕ ਚਮਚੇ ਨੂੰ ਲੋਕਾਂ ਦੇ ਅੱਖੀਂ ਘੱਟਾ ਪਾਊ ਇਕ ਐਸੀ ਤਰਕੀਬ ਸੁੱਝੀ ਜਿਸ ਨੂੰ ਸੁਣ ਕੇ ਠਿੱਬੀ ਮੱਲ ਦੀਆਂ ਬਰਾਛਾਂ ਹੀ ਖਿੜ ਗਈਆਂ।

ਇਸ ਤਰਕੀਬ ਅਨੁਸਾਰ ਪਹੁੰਚੇ ਹੋਏ ਢਾਈ ਟੋਟਰੂਆਂ ਅਤੇ ਵਹੀਕਲਾਂ ਦਾ ਸੜਕ ਵਿਚ ਖਿਲਾਰਾ ਪਾ ਕੇ ਜ਼ਿੰਦਾਬਾਦ ਤੇ ਮੁਰਦਾਬਾਦ ਦੀ ਡੁਗਡੁਗੀ ਨਾਲ ਤਮਾਸ਼ਾ ਲਾ ਪਏ। ਇਨ੍ਹਾਂ ਵੱਲੋਂ ਲਾਲਚ ਅਤੇ ਡਰਾਵੇ ਦੇ 'ਜੂਸ' ਦੇ ਖ਼ੂਬ ਲੰਗਰ ਲਾਏ ਗਏ। ਇਸ ਖੋਹ ਮਈ ਵਿਚ ਵੱਢੂੰ-ਟੁਕੂੰ ਅਤੇ ਹੇਠਾਂ-ਉੱਪਰ ਹੋਣ ਦਾ ਐਸਾ ਮਾਹੌਲ ਬਣਿਆ ਜਿਵੇਂ ਹੱਡਾ-ਰੋੜੀ ਵਿਚ ਦਰਵੇਸ਼ਾਂ ਵਿਚਕਾਰ ਆਮ ਹੀ ਵਰਤਦਾ ਹੈ।

ਠਿੱਬੀ ਮੱਲ ਤੇ ਉਸ ਦੇ ਚੇਲੇ-ਚਾਟੜਿਆਂ ਦੇ ਅੱਡੀ ਚੋਟੀ ਦਾ ਜ਼ੋਰ ਲਾਉਣ ਦੇ ਬਾਵਜੂਦ ਖ਼ੁਸ਼ੀ ਦੇ ਟੀਟਣੇ ਮਾਰਨ ਅਤੇ ਵਿਰੋਧੀਆਂ ਦੇ ਕਾਲਜੇ ਸਾੜਨ ਜੋਗੀ ਭੀੜ ਇਕੱਠੀ ਨਾ ਹੋ ਸਕੀ। ਠਿੱਬੀ ਮੱਲ ਨੂੰ ਲੋਕਾਂ ਦਾ ਇਸ 'ਸ਼ਕਤੀ ਵਿਖਾਵੇ' ਵਿਚ ਵੱਡੀ ਭੀੜ ਬਣਕੇ ਸ਼ਾਮਿਲ ਨਾ ਹੋਣ ਉੱਤੇ ਕਚੀਚੀ ਤੇ ਕਚੀਚੀ ਵੀ ਆਈ ਜਾਏ ਅਤੇ ਮੂੰਹ ਉੱਤੇ ਤਰੇਲੀ ਦੀਆਂ ਸੁਨਾਮੀ ਲਹਿਰਾਂ ਵੀ ਦਿੱਤਾ। ਭਾਵੇਂ ਹੋਰਨਾਂ ਤਮਾਸ਼ਿਆਂ ਵਾਂਗ ਇਹ ਤਮਾਸ਼ਾ ਵੀ ਟਰੈਫਿਕ ਨਿਯਮਾਂ ਦਾ ਮੂੰਹ ਚਿੜਾ ਕੇ ਪ੍ਰਸ਼ਾਸਨ ਦੀ ਸਿਰਦਰਦੀ ਬਣਿਆ ਹੋਇਆ ਸੀ ਪਰ ਮੂਕ ਦਰਸ਼ਕ ਬਣੇ ਪ੍ਰਸ਼ਾਸਨ ਦੀ ਸਿਰ ਵਿਚ ਕੋਈ ਜੂੰ ਨਹੀਂ ਸਰਕ ਰਹੀ ਸੀ। ਢਾਈ ਟੋਟਰੂ ਹੀ ਪੁਰਾਣੀ ਬਾਸਮਤੀ ਦੇ ਰਿਝੇ ਚੌਲਾਂ ਵਾਂਗ ਫੁਲ-ਫੁਲ ਕੇ ਸੜਕ 'ਚੋਂ ਵੀ ਬਾਹਰ ਕਿਰ ਰਹੇ ਸਨ।

ਇਸ ਖਲਾਰੇ ਵਿਚ ਕਈ ਹਮਾਤੜ ਰਾਹਗੀਰ ਫਸ ਗਏ ਜੋ ਇਸ ਸ਼ਕਤੀ ਵਿਖਾਵੇ ਦਾ ਹਿੱਸਾ ਜਾਪਣ ਲੱਗ ਪਏ। ਇਸ ਤਰ੍ਹਾਂ ਬਣੀ ਮਜਬੂਰਨ ਭੀੜ ਨੂੰ ਵੇਖ ਕੇ ਠਿੱਬੀ ਮੱਲ ਦੇ ਬੁੱਲ੍ਹ ਵੀ ਫਰਕੇ, 'ਨੀ ਜੇ ਏਦਾਂ ਈ ਹੁੰਦੇ ਰਹੇ ਤੇਰੇ ਦਰਸ਼ਨ, ਸਾਡੇ ਦਿਨ ਵਧੀਆ ਆ ਜਾਣਗੇ।' ਅਜਿਹੇ ਸੜਕੀ ਵਿਖਾਵੇ ਕਰਨਾ ਸਾਡਾ ਕੋਈ ਸ਼ੁਗਲ ਨਹੀਂ ਸਗੋਂ ਅੱਜ ਦੀ ਮੁੱਖ ਲੋੜ ਤੇ ਸਾਡੀ ਮਜਬੂਰੀ ਐ।' ਇਹ ਕਹਿ ਕੇ ਠਿੱਬੀ ਮੱਲ ਨੇ ਲੋਕਾਂ ਦੀ ਹੋਈ ਖੱਜਲ ਖੁਆਰੀ ਉੱਤੇ ਮੱਗਰਮੱਛ ਦੇ ਅੱਥਰੂ ਵੀ ਕੇਰੇ ਅਤੇ ਨਾਲ ਹੀ ਖੇਡੀ ਗਈ ਇਸ ਖੁੱਲ੍ਹੀ ਖੇਡ ਸਮੇਂ ਮੂਕ ਦਰਸ਼ਕੀ ਸਹਿਯੋਗ ਲਈ ਪ੍ਰਸ਼ਾਸਨ ਦਾ ਧੰਨਵਾਦ ਵੀ ਕੀਤਾ।

ਕੈਮਰੇ ਤੇ ਕੰਪਿਊਟਰੀ ਹੇਰਾ-ਫੇਰੀ ਨਾਲ ਗੰਜੀ ਟਿੰਡ 'ਤੇ ਨਕਲੀ ਵਾਲ ਜੜਨ ਵਾਂਗ ਭੀੜ ਵਿਚਲੇ ਗੰਜ/ ਵਿਰਲ /ਖੱਪੇ ਭਰਨ ਲਈ ਫੋਟੋ ਦ੍ਰਿਸ਼ਾਂ ਦੀ ਭੰਨ-ਤੋੜ ਕਰਕੇ ਦੜਾ (ਰਲਾ ਗੋਭਲਾ/ਰਲੇਵਾਂ) ਮਾਰਦਿਆਂ ਕਈ-ਕਈ ਥਾਈਂ ਇੱਕੋ ਦ੍ਰਿਸ਼ ਜੜ੍ਹ ਕੇ ਲੋਕਾਂ ਦੇ ਠਾਠਾਂ ਮਾਰਦੇ ਅਖੌਤੀ ਹੜ੍ਹ ਦੀਆਂ ਤਸਵੀਰਾਂ ਬਣਾ ਲਈਆਂ ਗਈਆਂ। ਬਾਕੀ ਰਹਿੰਦੀ-ਖੂੰਹਦੀ ਕਸਰ ਲੋਕਤੰਤਰ ਦੇ ਇਕ ਬਹੁਤ ਹੀ ਮਹੱਤਵਪੂਰਨ ਥੰਮ੍ਹ (ਮੀਡੀਏ) ਦੀ ਵਿਕਾਊ ਮਾਸੀ ਬਿੱਲੀ (ਪੀਲੀ ਪੱਤਰਕਾਰੀ)ਨੇ ਇਸ ਸ਼ਕਤੀ ਵਿਖਾਵੇ ਨੂੰ ਮੋਮੋ-ਠੱਗਣੀਆਂ ਖ਼ਬਰਾਂ/ਤਸਵੀਰਾਂ ਨਾਲ ਹਾਈ ਲਾਈਟ ਕਰ ਕੇ ਠਿੱਬੀ ਮੱਲ ਦੀ ਧੰਨ-ਧੰਨ ਕਰਵਾ ਦਿੱਤੀ ਕਿ ਇਸ ਲੋਕਤੰਤਰ ਵਿਚ ਐਸਾ 'ਲੋਕ ਸੇਵਕ ਨੇਤਾ' ਹੋਰ ਕੋਈ ਨਹੀਂ ਜੇ ਹੋਣਾ। •



ਕਹਾਣੀ

# ਪਰਾਈ ਧਰਤੀ ਕੰਡਿਆਲੇ ਰਸਤੇ



• ਪ੍ਰਿੰ. ਮਹਿੰਦਰ ਸਿੰਘ ਬਿੰਦਰ ਮੋਹੀ

**'ਦੋ ਮਹੀਨੇ ਪਹਿਲਾਂ ਅਸੀਂ ਰੋਜ਼ ਦੀ ਤਰ੍ਹਾਂ ਚਾਰੇ ਜਣੇ ਕੰਮ ਕਰ ਰਹੇ ਸਾਂ। ਅਚਾਨਕ 'ਕੀਤੇ' ਦਾ ਸਰੀਰ ਕੰਬਣ ਲੱਗਾ ਜਿਵੇਂ ਉਸ ਨੂੰ ਬਿਜਲੀ ਦਾ ਝਟਕਾ ਲੱਗਿਆ ਹੋਵੇ। ਉਹ ਇਕ ਦਮ ਬੌਂਦਲ ਗਿਆ। ਜੂਪੇ ਨੇ ਉਸ ਨੂੰ ਝੱਟ ਜੱਫ਼ੀ ਪਾ ਲਈ ਅਤੇ ਡਿੱਗਣ ਤੋਂ ਬਚਾ ਲਿਆ'...**

ਕੰਪਨੀ ਦੇ ਦਫ਼ਤਰ ਵਿੱਚੋਂ ਸੁਪਰਵਾਈਜ਼ਰ ਹੱਥ ਵਿਚ ਪੇਪਰ ਫੜੀ ਸਾਡੀ ਪ੍ਰੈਸ ਵੱਲ ਤੇਜ਼ੀ ਨਾਲ ਆ ਰਿਹਾ ਸੀ। ਇਹ ਰੈਗੂਲਰ ਕੰਮ ਤੋਂ ਪਿੱਛੋਂ ਓਵਰਟਾਈਮ ਲੱਗਣ ਦਾ ਇਸ਼ਾਰਾ ਸੀ। ਲਗਪਗ ਸਾਰੇ ਵਰਕਰਜ਼ ਹੀ ਗਿਆਨਾ ਦੇ ਇਸ ਨੇਕ ਦਿਲ ਸੁਪਰਵਾਈਜ਼ਰ ਨੂੰ ਪਸੰਦ ਕਰਦੇ ਸਨ। ਬੇਲੋੜਾ ਕਿਸੇ ਨੂੰ ਤੰਗ ਪਰੇਸ਼ਾਨ ਕਰਨਾ ਉਸ ਦੇ ਸੁਭਾਅ ਵਿਚ ਨਹੀਂ ਸੀ। ਗੂੜ੍ਹੇ ਕਾਲੇ ਰੰਗ ਦੇ ਅੰਦਰ ਇਕ ਸੋਹਣੇ ਦਿਲ ਦਾ ਵਾਸਾ ਸੀ। ਮੈਂ ਸਾਦਤ ਨੂੰ ਇਸ਼ਾਰੇ ਨਾਲ ਪੁੱਛਿਆ 'ਕਿਉਂ ਲਾਉਣੇ ਆ ਤਿੰਨ ਘੰਟੇ ਹੋਰ'। ਉਹ ਮੁਸਕਰਾ ਪਿਆ। ਕੰਪਨੀ ਕੋਲ ਸੱਤੇ ਦਿਨ ਅੱਠ ਘੰਟੇ ਕੰਮ ਸੀ। ਵੀਕ ਡੇਜ 'ਤੇ ਵੀ ਦੋ ਜਾਂ ਤਿੰਨ ਘੰਟੇ ਓਵਰਟਾਈਮ ਵੱਖਰਾ ਮਿਲਦਾ ਰਹਿੰਦਾ ਸੀ। ਮੈਂ ਸੁਪਰਵਾਈਜ਼ਰ ਨੂੰ ਜਵਾਬ ਦੇ ਕੇ ਨਰਾਜ਼ ਨਹੀਂ ਕਰਨਾ ਚਾਹੁੰਦਾ। 'ਮੈਂ ਤਾਂ ਇਥੇ ਪੱਕਾ ਹੋਣਾ ਹੈ। ਮੇਰੀ ਵਾਈਫ ਵੀ ਕੰਮ ਨਹੀਂ ਕਰ ਰਹੀ, ਉਸਦੇ ਬੱਚਾ ਹੋਣ ਵਾਲਾ ਹੈ', ਉਹ ਆਪਣੇ ਸੁਭਾਅ ਅਨੁਸਾਰ ਘਰ ਦੀਆਂ ਨਿੱਜੀ ਗੱਲਾਂ ਸਾਂਝੀਆਂ ਕਰਨ ਲੱਗ ਪਿਆ।

'ਕਾਹਦਾ ਹਿਸਾਬ ਕਰੀ ਜਾਂਦੇ ਹੋ, ਸਰ?, ਡਾਲਰਾਂ ਨਾਲ ਜੇਬ ਭਰੀ ਪਈ ਆ ਅਜ ਤਾਂ!' ਓਵਰਟਾਈਮ ਸ਼ੁਰੂ ਹੁੰਦਿਆਂ ਮੈਨੂੰ ਤੇ ਸਰਪੰਚ ਨੂੰ ਇਕੱਠੇ ਹੋਏ ਡਾਲਰਾਂ ਦੀ ਗਿਣਤੀ ਕਰਦੇ ਵੇਖ ਕੇ ਸਾਦਿਕ ਨੇ ਹੱਸਦੇ ਹੋਏ ਪੁਛ ਲਿਆ। 'ਐਵੇਂ ਨਾ ਹਰ ਵੇਲੇ ਦੰਦੀਆਂ ਕੱਢੀ ਜਾਇਆ ਕਰ!' ਸੋਹੀ ਨੇ ਗੁੱਸੇ ਨਾਲ ਟੋਕਦਿਆਂ ਕਿਹਾ 'ਜਿੱਥੇ ਹੁਣ ਤੂੰ ਕੰਮ ਕਰਦੈਂ ਇਥੇ ਸਾਡਾ ਮਿੱਤਰ 'ਕੀਤਾ' ਕੰਮ ਕਰਦਾ ਹੁੰਦਾ ਸੀ। ਕੁਝ ਹਫ਼ਤੇ ਪਹਿਲਾਂ ਅਚਾਨਕ ਬਹੁਤ ਜ਼ਿਆਦਾ ਬਿਮਾਰ ਹੋ ਗਿਆ' ਨਾਲ ਖੜ੍ਹੇ ਬੂਟੇ ਨੇ ਸਾਦਿਕ ਨੂੰ ਸਮਝਾਇਆ। 'ਸੌਰੀ, ਮੈਨੂੰ ਪਤਾ ਨਹੀਂ ਸੀ, ਕੀ ਹੋ ਗਿਆ ਉਹਨੂੰ?' ਉਹ ਫ਼ਿਕਰਮੰਦ ਹੋ ਕੇ ਪੁੱਛਣ ਲੱਗਾ। 'ਬਹੁਤ ਭੈੜਾ ਰੋਗ ਲੱਗ ਗਿਆ ਸੀ ਕੀਤੇ ਨੂੰ' ਬੂਟੇ ਨੇ ਉਦਾਸ ਹੁੰਦਿਆਂ ਆਪਣੀ ਗੱਲ ਨੂੰ ਜਾਰੀ ਰੱਖਦਿਆਂ ਕਿਹਾ। ਇਕ ਦਮ ਸਾਰਾ ਦ੍ਰਿਸ਼ ਮੇਰੀਆਂ ਅੱਖਾਂ ਸਾਹਮਣੇ ਆ ਗਿਆ। ਦੋ ਮਹੀਨੇ ਪਹਿਲਾਂ ਅਸੀਂ ਰੋਜ਼ ਦੀ ਤਰ੍ਹਾਂ ਚਾਰੇ ਜਾਣੇ ਕੰਮ ਕਰ ਰਹੇ ਸਾਂ। ਅਚਾਨਕ 'ਕੀਤੇ' ਦਾ ਸਰੀਰ ਕੰਬਣ ਲੱਗਾ ਜਿਵੇਂ ਉਸ ਨੂੰ ਬਿਜਲੀ ਦਾ ਝਟਕਾ ਲੱਗਿਆ ਹੋਵੇ ਤੇ ਉਹ ਬੌਂਦਲ ਗਿਆ। ਜੂਪੇ ਨੇ ਉਸ ਨੂੰ ਇਕ ਦਮ ਜੱਫੀ ਪਾ ਲਈ ਤੇ ਡਿੱਗਣ ਤੋਂ ਬਚਾ ਲਿਆ। ਮੈਂ ਤੇ ਫ਼ੌਜੀ ਵੀ ਦੌੜ ਕੇ ਉਸ ਕੋਲ ਗਏ। ਉਸ ਨੂੰ ਨੇੜੇ ਹੀ ਬਿਠਾ ਕੇ ਮੈਂ ਸੁਪਰਵਾਈਜ਼ਰ ਨੂੰ ਬੁਲਾ ਲਿਆਂਦਾ। ਕੀਤੇ ਦਾ ਚਿਹਰਾ ਪੀਲਾ ਪੈ ਗਿਆ ਸੀ। ਹਸਪਤਾਲ ਲਿਜਾਣ 'ਤੇ ਡਾਕਟਰਾਂ ਨੇ ਟੈਸਟ ਕਰ ਕੇ ਪਰਿਵਾਰ ਨੂੰ ਦਸ ਦਿੱਤਾ ਕਿ ਉਸ ਨੂੰ ਫੂਡ ਪਾਈਪ ਦਾ ਕੈਂਸਰ ਹੈ ਜੋ ਤੀਜੀ ਸਟੇਜ 'ਤੇ ਪਹੁੰਚ ਚੁੱਕਿਆ ਹੈ। ਸਿਰਫ਼ 45 ਸਾਲ ਦੀ ਉਮਰ, ਸਕੂਲ ਜਾਂਦੇ ਤਿੰਨ ਬੱਚੇ, ਮਹੀਨਾ ਪਹਿਲਾਂ ਹੀ ਲਿਆ ਘਰ ਤੇ ਵਾਈਫ ਦੀ ਏਜੰਸੀ ਦੀ ਕੱਚੀ ਜੌਬ, ਇਨ੍ਹਾਂ ਸੋਚਾਂ 'ਤੇ ਇਸ ਖ਼ਤਰਨਾਕ ਬਿਮਾਰੀ ਨੇ ਸਾਰਿਆਂ ਨੂੰ ਹਿਲਾ ਕੇ ਰੱਖ ਦਿੱਤਾ। ਫ਼ੈਸਲਾ ਹੋਇਆ ਕੇ ਕੰਪਨੀ ਵਿਚ ਕੰਮ ਕਰਨ ਵਾਲਿਆਂ ਤੋਂ ਸਹਾਇਤਾ ਫੰਡ ਇਕੱਠਾ ਕਰ ਕੇ ਮੁਸੀਬਤ ਵਿਚ ਫਸੇ ਪਰਿਵਾਰ ਦੀ ਵੱਧ ਤੋਂ ਵੱਧ ਆਰਥਿਕ ਸਹਾਇਤਾ ਕੀਤੀ ਜਾਵੇ। ਸਾਦਿਕ ਨੇ ਇਕਦਮ ਆਪਣਾ ਪਰਸ ਜੇਬ ਵਿੱਚੋਂ ਬਾਹਰ ਕੱਢਿਆ। ਉਸ ਵਿਚ ਭਾਨ ਦੇ ਇਕ ਜਾਂ ਦੋ ਡਾਲਰ ਦੇ ਸਿੱਕੇ ਸਨ ਜੋ ਉਸ ਨੇ ਸਾਰੇ ਮੇਜ਼ 'ਤੇ ਢੇਰੀ ਕਰ ਦਿੱਤੇ। ਗਿਣਤੀ ਕਰ ਕੇ ਕਹਿਣ ਲੱਗਾ ਮੇਰੇ ਕੋਲ ਅੱਜ ਇਹ ਤੇਰਾਂ ਡਾਲਰ ਹੀ ਹਨ। ਕੰਮ ਦਾ ਪਹਿਲਾ ਚੈੱਕ ਮਿਲਣ 'ਤੇ ਹੋਰ ਵੀ ਦੇਵਾਂਗਾ। 'ਬਸ ਦੇ ਕਿਰਾਏ ਲਈ ਤਾਂ ਰੱਖ ਲੈ' ਕੋਲ ਖੜ੍ਹੇ ਤਾਰ ਨੇ ਸਲਾਹ ਦੇਣੀ ਚਾਹੀ। 'ਨਹੀਂ, ਮੈਨੂੰ ਰਾਈਡ ਮਿਲ ਜਾਣੀ ਹੈ।' ਸਾਦਿਕ ਦੇ ਮੂੰਹੋਂ ਮਸਾਂ ਹੀ ਨਿਕਲ ਸਕਿਆ। ਉਹ ਭਾਵੇਂ ਕੀਤੇ ਨੂੰ ਜਾਣਦਾ ਵੀ ਨਹੀਂ ਸੀ ਪਰ ਉਸ ਦੀ ਬਿਮਾਰੀ ਬਾਰੇ ਜਾਣ ਕੇ ਉਹ ਮਨੁੱਖੀ ਹਮਦਰਦੀ ਵਿਚ ਪੂਰੀ ਤਰ੍ਹਾਂ ਗੜੁੱਚ ਹੋ ਗਿਆ ਸੀ। ਹਮੇਸ਼ਾ ਕੰਮ ਤੇ ਗੱਲਬਾਤ ਵਿਚ ਲਾਪਰਵਾਹ ਦਿਸਣ ਵਾਲਾ ਸਾਦਿਕ ਇਕ ਵੱਖਰੇ ਰੂਪ ਵਿਚ ਦਿਖਾਈ ਦਿੱਤਾ। ਚਾਰੇ ਪਾਸੇ ਉਦਾਸੀ ਭਰੀ ਚੁੱਪ ਛਾ ਗਈ। ਮੈਨੂੰ ਹੁਣ ਤਕ ਕੰਪਨੀ ਵਿੱਚੋਂ ਸਹਾਇਤਾ ਲਈ ਇਕੱਠੇ ਹੋਏ ਤੇਰਾਂ ਹਜ਼ਾਰ ਡਾਲਰ ਦੇ ਮੁਕਾਬਲੇ ਸਾਦਿਕ ਵੱਲੋਂ ਦਿੱਤੇ ਤੇਰਾਂ ਡਾਲਰ ਵੱਡਮੁੱਲੇ ਜਾਪਣ ਲੱਗੇ।

ਕਾਰਾਂ ਦੇ ਪਾਰਟਸ ਬਣਾਉਣ ਵਾਲੀ ਗੋਰਿਆਂ ਦੀ ਇਹ ਵੱਡੀ ਕੰਪਨੀ, ਏਜੰਸੀ ਰਾਹੀਂ ਆਉਣ ਵਾਲੇ ਨਵੇਂ ਆਏ ਪਰਵਾਸੀਆਂ ਦੀ ਪਹਿਲੀ ਪਸੰਦ ਬਣ ਚੁੱਕੀ ਸੀ। ਫੋਰਕਲਿਫਟ ਚਲਾਉਣ ਵਾਲਾ ਜੱਸਾ ਵੀ ਤਿਆਰ ਹੋ ਚੁੱਕੇ ਪਾਰਟਸ ਨੂੰ ਲੈ ਕੇ ਜਾਣ ਲਈ ਵਾਰ-ਵਾਰ ਸਾਡੀ ਪ੍ਰੈਸ 'ਤੇ ਆਉਂਦਾ ਰਹਿੰਦਾ। ਉਹ ਵੀ ਸਾਦਿਕ ਤੇ ਉਸ ਦੀਆਂ ਨਾ ਮੁੱਕਣ ਵਾਲੀਆਂ ਗੱਲਾਂ ਦਾ ਮੁਰੀਦ ਬਣ ਗਿਆ ਸੀ। ਅਖ਼ੀਰ ਜੂਪੇ ਵੱਲੋਂ ਸਾਦਿਕ ਦੇ ਵਧਾਏ ਹੋਏ ਵਾਲਾਂ ਨੂੰ ਕਟਵਾਉਣ ਦੀ ਜ਼ਿੰਮੇਵਾਰੀ ਲੈ ਲਈ ਤੇ ਫ਼ੌਜੀ ਨੇ ਸਾਦਿਕ ਨੂੰ ਕੰਪਨੀ ਦੀ ਰੰਗਰੂਟੀ ਪਾਸ ਕਰਨ ਦਾ ਸਰਟੀਫਿਕੇਟ ਦੇ ਦਿੱਤਾ। ਇਸੇ ਤਰ੍ਹਾਂ ਕੰਮ ਕਰਦਿਆਂ ਤੇ ਹਾਸੇ ਮਜ਼ਾਕ ਕਰਦਿਆਂ ਟਾਈਮ ਉੱਡਦਾ ਜਾਂਦਾ। ਕੰਪਨੀ ਵਿਚ ਸੈਂਕੜੇ ਬੰਦੇ ਕੰਮ ਕਰਦੇ ਸਨ ਤੇ ਇਸ ਦੀ ਵੱਡੀ ਬਿਲਡਿੰਗ ਦੂਰ ਤਕ ਫੈਲੀ ਹੋਈ ਸੀ। ਪਾਰਟਸ ਦੀ ਗਿਣਤੀ ਤੇ ਕੁਆਲਟੀ ਠੀਕ ਰਹਿਣ ਕਰਕੇ ਆਪਸੀ ਗੱਲਬਾਤ, ਤੇ ਕਦੇ-ਕਦੇ ਉੱਚੀ ਹੋ ਜਾਂਦੇ ਹਾਸੇ ਨੂੰ ਕੋਈ ਲੀਡ ਹੈਂਡ ਵੀ ਨਾ ਟੋਕਦਾ। ਇਸੇ ਤਰ੍ਹਾਂ ਚਲਦਿਆਂ ਸਾਦਿਕ ਤੇ ਬਾਕੀਆਂ ਨੂੰ ਏਜੰਸੀ ਰਾਹੀਂ ਕੰਮ ਕਰਦਿਆਂ ਅੱਠ ਮਹੀਨੇ ਲੰਘ ਗਏ।

ਹਫ਼ਤੇ ਦਾ ਪਹਿਲਾ ਦਿਨ ਸੀ। ਕੰਮ ਸ਼ੁਰੂ ਹੁੰਦਿਆਂ ਹੀ ਸੁਪਰਵਾਈਜ਼ਰ ਸਾਦਿਕ, ਫ਼ੌਜੀ, ਤਾਰ ਤੇ ਚੀਨੇ ਨੂੰ, ਦਫ਼ਤਰ ਬੁਲਾ ਕੇ ਲੈ ਗਿਆ। ਇਸ ਨੇ ਹਰ ਇਕ ਦੇ ਮਨ ਵਿਚ ਹਲਚਲ ਪੈਦਾ ਕਰ ਦਿੱਤੀ। 'ਕੋਈ ਗੜਬੜ ਲੱਗਦੀ ਆ'। ਸਰਪੰਚ ਨੇ ਉੱਚੀ ਅਵਾਜ਼ ਵਿਚ ਕਿਹਾ ਤੇ ਨਾਲ ਹੀ ਕੈਨੇਡਾ 'ਚ ਆਮ ਪ੍ਰਚੱਲਤ ਮੁਹਾਵਰਾ ਕਿ ਜੌਬ ਗਈ, ਸਮਝੋ ਗਲ ਕੱਟਿਆ ਗਿਆ ਦਾ ਇਸ਼ਾਰਾ ਕਰ ਗਿਆ। 'ਵਿਚਾਰੇ ਏਜੰਸੀ ਵਾਲਿਆਂ ਦੀ ਵੀ ਕਾਹਦੀ ਜੌਬ ਆ, ਪਤਾ ਨਹੀ ਕਦੋਂ ਜਵਾਬ ਦੇ ਦੇਣ', ਕਹਿ ਕੇ ਬਲਵੀਰ ਕੈਨੇਡਾ 'ਚ ਕਿਰਤੀ ਲੋਕਾਂ ਦੀ ਖ਼ਾਸਕਰ ਏਜੰਸੀ ਰਾਹੀਂ ਕੰਮ ਕਰਨ ਵਾਲਿਆਂ ਦੀ ਬੇਵਸੀ ਬਿਆਨ ਕਰ ਗਿਆ। ਦਫ਼ਤਰ ਸਾਡੇ ਕੰਮ ਦੇ ਸਥਾਨ ਦੇ ਬਿਲਕੁਲ ਸਾਹਮਣੇ ਸੀ ਤੇ ਚਲਦੇ ਕੰਮ ਵੇਲੇ ਇਥੇ ਆਉਣ ਜਾਣ ਵਾਲੇ ਸਾਡੀ ਨਿਗਾਹ ਹੇਠ ਰਹਿੰਦੇ। ਸਾਡੇ ਸਾਰਿਆਂ ਦੀਆਂ ਅਟਕਲਾਂ ਦੇ ਉਲਟ ਦਫ਼ਤਰ ਵਿੱਚੋਂ ਨਿਕਲਦਿਆਂ ਹੀ ਸਾਦਿਕ ਨੇ ਖ਼ੁਸ਼ੀ ਵਿਚ ਦੋਵੇਂ ਬਾਹਾਂ ਜੇਤੂ ਅੰਦਾਜ਼ ਵਿਚ ਉਪਰ ਉੱਠਾ ਦਿੱਤੀਆਂ। ਖੁਸ਼ਕ ਸੁਭਾਅ ਵਾਲਾ ਫ਼ੌਜੀ ਵੀ ਖਿੜਿਆ ਪਿਆ ਸੀ। ਤਾਰ ਵੀ ਖ਼ੁਸ਼ੀ ਨੂੰ ਲਕੋਣ ਦੀ ਕੋਸ਼ਿਸ਼ ਵਿਚ ਅਸਫਲ ਹੋ ਰਿਹਾ ਸੀ ਤੇ ਪਿੱਛੇ ਆ ਰਿਹਾ ਚੀਨਾ ਵੀ ਦੋ ਉਂਗਲਾਂ ਨਾਲ 'ਵੀ' ਦਾ ਨਿਸ਼ਾਨ ਬਣਾ ਰਿਹਾ ਸੀ।

ਜ਼ਰੂਰ ਕੋਈ ਚੰਗੀ ਖ਼ਬਰ ਸੀ। ਸਾਡੇ ਪੁੱਛਣ ਤੋਂ ਪਹਿਲਾਂ ਹੀ ਸਾਦਿਕ ਨੇ ਸੁਪਰਵਾਈਜ਼ਰ ਵਲੋਂ ਚਾਰਾਂ ਨੂੰ ਪੱਕੇ ਕਰਨ ਲਈ ਮੈਨੇਜਰ ਕੋਲ ਨਾਉਂ ਭੇਜਣ ਬਾਰੇ ਦਸ ਦਿੱਤਾ। 'ਸਰ ਪੱਕੇ ਹੋਣ ਦੇ ਫਾਰਮ ਕਦੋਂ ਭਰਾਏ ਜਾਣਗੇ', ਬੇਸਬਰੀ ਨਾਲ ਅਗਲੇ ਦਿਨ ਸਾਦਿਕ ਮੈਨੂੰ ਪੁੱਛਣ ਲੱਗਾ। ਦੋ ਜਾਂ ਤਿੰਨ ਹਫ਼ਤੇ ਦੇ ਵਿਚ ਤੁਹਾਨੂੰ ਬੁਲਾ ਕੇ ਕੰਪਨੀ ਦੇ ਰੂਲਜ਼ ਸਮਝਾਏ ਜਾਣਗੇ ਤੇ ਤੁਹਾਡੀ ਉਜਰਤ 'ਚ ਵਾਧੇ ਬਾਰੇ ਤੇ ਬੈਨੀਫਿਟਸ ਬਾਰੇ ਸਪਸ਼ਟ ਕੀਤਾ ਜਾਵੇਗਾ। ਤੁਸੀਂ ਰੈਸਟੋਰੈਂਟ ਬੁਕ ਕਰਵਾਕੇ ਪਾਰਟੀ ਦਾ ਪਰਬੰਧ ਕਰੋ।' ਕਹਿ ਕੇ ਜੂਪੇ ਨੇ ਵੀ ਉਨ੍ਹਾਂ ਦੇ ਪੱਕੇ ਹੋਣ ਦੀ ਗਵਾਹੀ ਪਾ ਦਿੱਤੀ ਜੋ ਆਪ ਸਾਲ ਪਹਿਲਾਂ ਹੀ ਇਸੇ ਗੇੜ 'ਚੋਂ ਨਿਕਲ ਕੇ ਪੱਕਾ ਹੋਇਆ ਸੀ। ਹੁਣ ਤਕ ਚੁੱਪ ਰਿਹਾ ਫ਼ੌਜੀ ਵੀ ਅੱਜ ਖਿੜ ਗਿਆ ਤੇ ਐਲਾਨ ਕਰ ਗਿਆ 'ਪਾਰਟੀ ਸਿਰੇ ਦੀ ਹੋਵੇਗੀ ਤੇ ਮੈਂ ਕੱਲਾ ਹੀ ਸਾਰਾ ਖ਼ਰਚਾ ਕਰਾਂਗਾ।' ਸਾਡੀ ਪ੍ਰੈਸ ਤੇ ਕੰਮ ਦੀ ਰਫ਼ਤਾਰ ਤੇ ਪਾਰਟਸ ਦੀ ਗਿਣਤੀ ਹੋਰ ਵੀ ਵਧਣ ਲੱਗ ਗਈ।

ਇਕ ਦਿਨ ਮੈਂ ਸਾਦਿਕ ਨੂੰ, ਜੋ ਵਾਸ਼ਰੂਮ ਜਾਣ ਆਉਣ ਵੇਲੇ ਬਹੁਤ ਤੇਜ਼ ਤੁਰਨ ਲੱਗ ਪਿਆ ਸੀ, ਟੋਕਦਿਆਂ ਕਿਹਾ 'ਸਾਦਿਕ ਥੋੜ੍ਹਾ ਹੌਲੀ ਤੁਰਿਆ ਕਰ। ਪੈਰ ਸਲਿੱਪ ਹੋ ਗਿਆ ਤਾ ਇਥੇ ਸੱਟ ਬਹੁਤ ਲੱਗਦੀ ਹੈ। ਹੁਣ ਤੂੰ 'ਸਾਹੇ ਬੱਧਾ' ਹੈ। 'ਉਹ ਕੀ ਹੁੰਦਾ?' ਸਾਦਿਕ ਨੇ ਹੈਰਾਨੀ ਨਾਲ ਪੁੱਛਿਆ।'ਆਜਾ ਮੈਂ ਦਸਦਾਂ' ਜੂਪੇ ਨੇ ਬਾਂਹ ਤੋਂ ਫੜ ਕੇ ਸਾਦਿਕ ਨੂੰ ਆਪਣੇ ਨਾਲ ਕੰਮ ਕਰਨ ਲਾ ਲਿਆ ਤੇ ਨਾਲ ਹੀ ਸਮਝਾਉਣ ਲੱਗਾ, 'ਵਿਆਹ ਦੇ ਦਿਨ ਪੱਕੇ ਹੋਣ 'ਤੇ ਮੁੰਡੇ ਕੁੜੀ ਨੂੰ ਇਸ ਡਰ ਕਰਕੇ ਬਹੁਤਾ ਬਾਹਰ ਨਹੀਂ ਜਾਣ ਦਿੰਦੇ ਕਿ ਕੋਈ ਸਟ ਫੇਟ ਨਾ ਲਗ ਜਾਵੇ'। 'ਲੈ ਇਹ ਰਿਵਾਜ਼ ਤਾਂ ਆਪਣਾ ਸਾਂਝਾ ਹੈ। ਮੇਰੇ ਵਿਆਹ ਤੋਂ ਪਹਿਲਾਂ ਮੇਰੀ ਅੰਮੀ ਵੀ ਮੈਨੂੰ ਬਾਹਰ ਜਾਣ ਤੋਂ ਬਹੁਤ ਘੂਰਦੀ ਸੀ', ਕਹਿ ਕੇ ਉਹ ਆਪਣੇ ਸੁਪਨਿਆਂ ਵਿਚ ਗੁਆਚ ਗਿਆ। ਹੁਣ ਉਹ ਹੋਰ ਵੀ ਬੇਸਬਰੀ ਨਾਲ ਖ਼ੁਸ਼ੀ ਭਰੇ ਦਿਨ ਦੀ ਉਡੀਕ ਕਰਨ ਲੱਗਾ। ਉਸ ਦਾ ਪਰਿਵਾਰ ਵੱਡਾ ਹੋ ਰਿਹਾ ਸੀ। ਉਹ ਆਪਣੇ ਦੋ ਸਾਲਿਆਂ ਨਾਲ ਰਹਿ ਰਿਹਾ ਸੀ ਤੇ ਹਰ ਨਵੇਂ ਆਏ ਪਰਵਾਸੀ ਵਾਂਗ ਮਿਹਨਤ ਕਰ ਕੇ ਆਪਣਾ ਘਰ ਲੈਣ ਦੇ ਸੁਪਨੇ ਲੈਂਦਾ ਸੀ। ਉਸ ਨੂੰ ਇਹ ਵੱਡੀ ਕੰਪਨੀ ਹੀ ਉਸਦੀ ਮੰਜ਼ਲ 'ਤੇ ਪਹੁੰਚਾਉਣ ਦੇ ਸਮਰੱਥ ਲੱਗਦੀ ਸੀ।

ਸ਼ੁਕਰਵਾਰ ਨੂੰ ਮੈਂ ਕੰਮ 'ਤੇ ਆਇਆ ਹੀ ਸੀ ਕਿ ਸਰਪੰਚ ਪੁੱਛਣ ਲੱਗਾ,'ਕਿਸੇ ਗਲ ਦਾ ਪਤਾ ਲਗਿਆ?', ਮੇਰੇ ਕੁਛ ਕਹਿਣ ਤੋਂ ਪਹਿਲਾਂ ਹੀ ਦੱਸਣ ਲੱਗਾ। 'ਸਵੇਰੇ ਦੀ ਸ਼ਿਫਟ ਵਿਚ ਕੰਮ ਕਰਦੇ ਧਾਮੀ ਨੇ ਫੋਨ 'ਤੇ ਮੈਨੂੰ ਦੱਸਿਆ ਕਿ ਕੰਮ ਘਟ ਜਾਣ ਕਾਰਨ ਉਨ੍ਹਾਂ ਨਾਲ ਕੰਮ ਕਰਦੇ ਸਾਰੇ ਏਜੰਸੀ ਵਾਲੇ ਘਰ ਨੂੰ ਭੇਜ ਦਿੱਤੇ ਹਨ ਤੇ ਸੱਤ ਪੱਕੇ ਕਾਮੇ ਸੋਮਵਾਰ ਨੂੰ ਸਵੇਰੇ ਦੀ ਸ਼ਿਫਟ ਵਿੱਚੋਂ ਤਬਦੀਲ ਹੋ ਕੇ ਆਪਣੀ ਸ਼ਿਫਟ ਵਿਚ ਆ ਰਹੇ ਹਨ।' ਮੈਂ ਪਰੇਸ਼ਾਨ ਹੋ ਉਠਿਆ। ਇਸਦਾ ਮਤਲਬ ਸਾਡੇ ਨਾਲ ਕੰਮ ਕਰਦੇ ਏਜੰਸੀ ਵਾਲੇ ਘਰ ਭੇਜ ਦਿੱਤੇ ਜਾਣਗੇ? ਇਕਦਮ ਇਹ ਖ਼ਬਰ ਸਾਰੀ ਕੰਪਨੀ ਵਿਚ ਫੈਲ ਗਈ। ਅੱਜ ਸਾਡੀ ਪ੍ਰੈਸ 'ਤੇ ਕੋਈ ਵੀ ਇਕ ਦੂਜੇ ਨਾਲ ਨਾ ਬੋਲਿਆ। ਕੁੱਝ ਸਮੇਂ ਪਿੱਛੋਂ ਸਾਦਿਕ ਕੰਮ ਰੋਕ ਕੇ ਮੇਰੇ ਵੱਲ ਵੇਖ ਕੇ ਫੁੱਟ ਪਿਆ ,'ਸਰ ਤੁਸੀਂ ਤਾਂ ਕਹਿੰਦੇ ਸੀ ਮੈਂ ਸਾਹੇ ਬੱਧਾ ਹਾਂ! ਇਹ ਕੀ ਹੋ ਗਿਆ?' ਉਹ ਰੋਣਹਾਕਾ ਹੋਇਆ ਪਿਆ ਸੀ। ਮੈਨੂੰ ਕੋਈ ਜਵਾਬ ਨਾ ਸੁਝਿਆ। ਮੈਂ ਫ਼ੌਜੀ ਵੱਲ ਦੇਖਿਆ। ਉਹ ਬਹੁਤ ਗੁੱਸੇ ਵਿਚ ਸੀ। ਅਸੀਂ ਨਾ ਚਾਹੁੰਦੇ ਹੋਏ ਵੀ ਮਸ਼ੀਨਾਂ ਚਲਾਉਂਦੇ ਰਹੇ। ਕੰਮ ਖ਼ਤਮ ਹੋਣ ਤੋਂ ਕੁਝ ਸਮਾਂ ਪਹਿਲਾਂ ਸੁਪਰਵਾਈਜ਼ਰ ਨੇ ਚਾਰਾਂ ਨੂੰ ਦਫ਼ਤਰ ਬੁਲਾ ਲਿਆ। ਕੰਪਨੀ 'ਚ ਚਾਰੇ ਪਾਸੇ ਉਦਾਸੀ ਸੀ। ਸਿਰਫ਼ ਚਲਦੀਆਂ ਮਸ਼ੀਨਾਂ ਦੀ ਠਾਹ-ਠਾਹ ਦੀ ਆਵਾਜ਼ ਹੋਰ ਉੱਚੀ ਹੋ ਗਈ ਲਗਦੀ ਸੀ। ਮੇਰੀ ਸੋਚ ਉਡਾਰੀ ਮੈਨੂੰ ਆਪਣੇ ਅਧਿਆਪਨ ਕਿੱਤੇ ਦੇ ਸ਼ੁਰੂਆਤੀ ਦੌਰ ਵਿਚ ਲੈ ਗਈ। ਬੀਐੱਡ ਕਰਦਿਆਂ ਹੀ ਵੀਹ ਇੱਕੀ ਸਾਲ ਦੀ ਉਮਰੇ ਮੈਨੂੰ ਰੁਜ਼ਗਾਰ ਦਫ਼ਤਰ ਰਾਹੀਂ ਛੇ ਮਹੀਨੇ ਦੇ ਆਧਾਰ 'ਤੇ ਰਸੂਲਪੁਰ ਹਾਈ ਸਕੂਲ ਵਿਚ ਕੱਚੇ ਅਧਿਆਪਕ ਦੀ ਨੌਕਰੀ ਮਿਲ ਗਈ। ਇਹ ਸਕੂਲ ਲੁਧਿਆਣੇ ਜ਼ਿਲ੍ਹੇ ਦੇ ਬਾਰਡਰ 'ਤੇ ਸੀ। ਉਨ੍ਹਾਂ ਸਮਿਆਂ ਵਿਚ ਦੂਰ ਦੁਰਾਡੇ ਵਾਲੇ ਅਜਿਹੇ ਸਕੂਲ ਕੱਚੇ ਅਧਿਆਪਕਾਂ ਦੀ ਪਹਿਲੀ ਪਸੰਦ ਹੁੰਦੇ ਸਨ ਜਿੱਥੇ ਰੈਗੂਲਰ ਅਧਿਆਪਕਾਂ ਦੁਆਰਾ ਬਦਲੀ ਕਰਵਾਉਣ ਦਾ ਖ਼ਤਰਾ ਘਟ ਹੁੰਦਾ ਸੀ। ਇਕ ਦਿਨ ਮੈਂ ਦਸਵੀਂ ਕਲਾਸ ਦਾ ਪੀਰੀਅਡ ਲਗਾਉਣ ਕਲਾਸ ਵਿਚ ਗਿਆ ਹੀ ਸੀ ਕਿ ਸਾਹਮਣੇ ਵਾਲੀ ਗਰਾਊਂਡ ਵਿੱਚੋਂ ਅਣਜਾਣ ਵਿਅਕਤੀ ਨੂੰ ਸਕੂਲ ਦੇ ਦਫ਼ਤਰ ਵਲ ਆਉਂਦਾ ਵੇਖਿਆ। ਉਸਦੇ ਹੱਥ ਵਿਚ ਛੋਟੇ ਜਿਹਾ ਬੈਗ ਤੇ ਸਾਫ਼ ਸੁਥਰੇ ਪਹਿਰਾਵੇ ਨੇ ਮੈਨੂੰ ਇਕਦਮ ਸਪਸ਼ਟ ਕਰ ਦਿੱਤਾ ਕਿ ਉਹ ਕੌਣ ਹੈ? ਹੁਣ ਮੇਰੇ ਜਾ ਹਰੀ ਸਿੰਘ ਵਿੱਚੋਂ ਇਕ ਦੀ ਘਰੇ ਜਾਣ ਦੀ ਵਾਰੀ ਸੀ। ਹੈੱਡਮਾਸਟਰ ਬਹੁਤ ਹੀ ਸੂਝਵਾਨ ਤੇ ਇਮਾਨਦਾਰ ਵਿਅਕਤੀ ਸੀ। ਅਸੀਂ ਦੋਵੇਂ ਬੇਹੱਦ ਮਿਹਨਤ ਨਾਲ ਦਿਲ ਲਾ ਕੇ ਪੜ੍ਹਾ ਰਹੇ ਸਾਂ ਤੇ ਸਾਡੀ ਸਕੂਲ ਵਿਚ ਹਾਜ਼ਰੀ ਵੀ ਇੱਕੋ ਦਿਨ ਦੀ ਸੀ। ਹਰੀ ਸਿੰਘ ਤੇ ਹੈਡਮਾਸਟਰ ਇਕੋ ਪਿੰਡ ਤੋਂ ਸਨ। ਸਾਨੂੰ ਦੋਵਾਂ ਨੂੰ ਦਫ਼ਤਰ ਵਿਚ ਬੁਲਾ ਕੇ ਸਥਿਤੀ ਸਪਸ਼ਟ ਕਰਦਿਆਂ ਦੱਸਿਆ ਗਿਆ ਕਿ ਸਾਡੇ ਦੋਵਾਂ ਵਿੱਚੋਂ ਇਕ ਨੂੰ ਫਾਰਗ ਹੋਣਾ ਪੈਣਾ ਹੈ ਤੇ ਆਪਸ ਵਿਚ ਫ਼ੈਸਲਾ ਕਰਨ ਦਾ ਸੁਝਾਅ ਦਿੱਤਾ ਗਿਆ। ਇੰਨੀ ਮੁਸ਼ਕਲ ਨਾਲ ਮਿਲੀ ਸਰਕਾਰੀ ਨੌਕਰੀ ਛੱਡ ਕੇ ਘਰੇ ਕੌਣ ਜਾਵੇ? ਸਾਰੇ ਸਟਾਫ ਦੀ ਮੀਟਿੰਗ ਬੁਲਾ ਲਈ ਗਈ। ਕੋਈ ਫ਼ੈਸਲਾ ਨਾ ਹੁੰਦਾ ਦੇਖ ਅਧਿਆਪਕ ਹਰਬੰਸ ਸਿੰਘ ਨੇ ਅਖੀਰ ਵਿਚ ਮਖੌਲ ਵਾਂਗੂ ਸੁਝਾਅ ਦਿੱਤਾ 'ਹੈਡਮਾਸਟਰ ਸਾਹਿਬ ਟਾਸ ਪਾ ਦਿਉ !! ਹੋਰ ਕੋਈ ਹਲ ਨੀਂ', ਇਕ ਵਾਰੀ ਤਾਂ ਸਾਰਾ ਸਟਾਫ ਹੱਸ ਪਿਆ। ਪਰ ਸਕੂਲ ਮੁਖੀ ਨੂੰ ਇਹ ਰਾਇ ਜਚ ਗਈ। ਦੋ ਪਰਚੀਆਂ ਤੇ ਸਕੂਲ ਕਲਰਕ ਨੇ ਮੇਰਾ ਤੇ ਹਰੀ ਸਿੰਘ ਦਾ ਨਾਂ ਲਿਖ ਲਿਆ। ਫ਼ੈਸਲਾ ਹੋਇਆ ਕਿ ਜਿਸਦੀ ਪਰਚੀ ਨਿਕਲ ਗਈ ਉਹ ਘਰੇ ਜਾਵੇਗਾ। ਹਰੀ ਸਿੰਘ ਹਾਰ ਗਿਆ ਤੇ ਮੈਂ ਬਚ ਗਿਆ। ਸਿਰਫ਼ ਇਕ ਹਫਤਾ ਲੰਘਿਆ ਸੀ ਕਿ ਇਕ ਹੋਰ ਅਧਿਆਪਕ ਦੀ ਕਿਸੇ ਸ਼ਿਕਾਇਤ ਦੇ ਅਧਾਰ 'ਤੇ ਇਸੇ ਸਕੂਲ ਵਿਚ ਬਦਲੀ ਹੋ ਗਈ। ਅਗਲੇ ਦਿਨ ਮੇਰਾ ਸਾਈਕਲ ਨਹਿਰ ਦੀ ਪਟੜੀ 'ਤੇ ਪਾਣੀ ਦੇ ਵਹਿਣ ਦੇ ਉਲਟ ਦਿਸ਼ਾ ਵਲ, ਪਿੰਡ ਨੂੰ ਜਾ ਰਿਹਾ ਸੀ। ਮੈਂ ਹੌਲੀ- ਹੌਲੀ ਸਾਈਕਲ ਦੇ ਪੈਡਲ ਮਾਰ ਰਿਹਾ ਸੀ ਤੇ ਦਿਲ ਨੂੰ ਧਰਵਾਸ ਦੇਣ ਦੀ ਕੋਸ਼ਿਸ਼ ਕਰ ਰਿਹਾ ਸੀ ਕਿ ਅੱਖਾਂ ਵਿਚ ਸਿਰਜੇ ਸੁਪਨੇ ਪੂਰੇ ਕਰਨ ਲਈ ਅਜੇ ਲੰਮੀਆਂ ਵਾਟਾਂ ਤਹਿ ਕਰਨੀਆਂ ਪੈਣੀਆਂ ਨੇ। ਨਹਿਰ ਦਾ ਸਫ਼ਰ ਮੁੱਕ ਜਾਣ 'ਤੇ ਮੈਂ ਸੁਧਾਰ ਕਾਲਜ ਦੇ ਸਾਹਮਣੇ ਲੰਘਦਿਆਂ ਐੱਮ ਏ ਦੀਆਂ ਕਲਾਸਾਂ ਸ਼ੁਰੂ ਹੋਣ ਦਾ ਇਸ਼ਤਿਹਾਰ ਪੜ੍ਹ ਕੇ ਤੁਰੰਤ ਪੋਲੀਟੀਕਲ ਸਾਇੰਸ ਦੀ ਕਲਾਸ ਦਾ ਦਾਖਲਾ ਫਾਰਮ ਲੈਣ ਤੇ ਕਾਲਜ ਵਿਦਿਆਰਥੀ ਬਣਨ ਦਾ ਫ਼ੈਸਲਾ ਕਰ ਲਿਆ।

ਅੱਜ ਕੱਚੇ ਪੱਕੇ ਦਾ ਇਤਿਹਾਸ ਫਿਰ ਹਜ਼ਾਰਾਂ ਕਿਲੋਮੀਟਰ ਦੂਰ ਕੈਨੇਡਾ ਵਿਚ ਮੇਰੇ ਸਾਹਮਣੇ ਦੁਹਰਾਇਆ ਜਾ ਰਿਹਾ ਸੀ। ਮੈਂ ਆਪਣੇ ਆਪ ਨੂੰ ਇਸ ਸਾਰੇ ਘਟਨਾਕ੍ਰਮ ਦਾ ਇਕ ਪਾਤਰ ਮਹਿਸੂਸ ਕਰ ਰਿਹਾ ਸੀ। ਇਨ੍ਹਾਂ ਸੁਪਨਿਆਂ ਵਿਚ ਗੁਆਚੇ ਨੂੰ ਪਤਾ ਹੀ ਨਾ ਲੱਗਾ ਕਦੋਂ ਸ਼ਿਫਟ ਖ਼ਤਮ ਹੋ ਗਈ ਤੇ ਰਾਤ ਦੀ ਸ਼ਿਫਟ ਵਾਲੇ ਕਾਮੇ ਸਾਡੇ ਪਿੱਛੇ ਆ ਖੜ੍ਹੇ ਹੋਏ। ਮੈਂ ਕੱਪੜੇ ਬਦਲਣ ਲਈ ਲਾਕਰ ਰੂਮ ਵੱਲ ਚਲ ਪਿਆ। ਫ਼ੌਜੀ, ਤਾਰ, ਚੀਨਾ ਤੇ ਸਾਦਿਕ ਦਫ਼ਤਰ ਦੇ ਬਾਹਰ ਖੜ੍ਹੇ ਸਨ। ਫ਼ੌਜੀ ਨੇ ਸਾਦਿਕ ਤੇ ਤਾਰ ਦਾ ਹੱਥ ਘੁੱਟ ਕੇ ਫੜਿਆ ਹੋਇਆ ਸੀ। ਤਾਰ ਵੀ ਚੀਨੇ ਦੀ ਬਾਂਹ ਖਿੱਚੀ ਖੜ੍ਹਾ ਸੀ। ਪ੍ਰਬੰਧਕਾਂ ਤੇ ਮਾਲਕਾਂ ਵੱਲੋਂ ਹਮੇਸ਼ਾ ਵਧ ਮੁਨਾਫੇ ਵਿਚ ਰਹਿਣ ਦੀ ਕੋਸ਼ਿਸ਼ ਕਰਕੇ ਸੁਪਰਵਾਈਜ਼ਰ ਵਲੋਂ ਸਿਖਲਾਈ ਪ੍ਰਾਪਤ ਏਜੰਸੀ ਵਾਲਿਆਂ ਨੂੰ ਘਰ ਜਾਣ ਦਾ ਹੁਕਮ ਸੁਣਾਉਣ ਲਈ ਮਜਬੂਰ ਹੋਣਾ ਪਿਆ ਸੀ। 'ਦਿਲ ਨੀ ਛੱਡਣਾ! ਇਥੇ ਨਹੀਂ ਤਾਂ ਹੋਰ ਥਾਂ ਸਹੀ! ਕੈਨੇਡਾ ਬਹੁਤ ਵੱਡਾ ਹੈ !' ਮੈਂ ਫ਼ੌਜੀ ਵਲੋਂ ਸਾਰਿਆਂ ਨੂੰ ਦਿਲਾਸਾ ਦਿੰਦੇ ਸੁਣਿਆ ਤੇ ਨਾਲ ਹੀ ਉਸਨੇ ਸਾਦਕ ਦਾ ਹੱਥ ਪੂਰੇ ਜ਼ੋਰ ਨਾਲ ਘੁੱਟ ਲਿਆ, ਜਿਸ ਨੇ ਉਸ ਦੇ ਬੁੱਲ੍ਹਾਂ 'ਤੇ ਵੀ ਮੁਸਕਰਾਹਟ ਲੈ ਆਂਦੀ, ਲਗਦਾ ਸੀ ਜਿਵੇਂ ਉਨ੍ਹਾਂ ਨੇ ਆਪਣੇ ਮੋਢਿਆਂ ਤੋਂ ਆਪਣੇ ਪਿਛਲੇ ਦੇਸ਼ਾਂ ਦੇ ਲੇਬਲ ਲਾਹ ਦਿੱਤੇ ਹੋਣ ਤੇ ਉਨ੍ਹਾਂ ਵਿਚ ਸਮੁੱਚੇ ਕਿਰਤੀ ਲੋਕਾਂ, ਖ਼ਾਸਕਰ ਏਜੰਸੀ ਰਾਹੀਂ ਕੰਮ ਕਰਨ ਵਾਲਿਆਂ ਦੀ ਇਕੋ ਜਿਹੀ ਹਾਲਤ ਬਾਰੇ ਜਮਾਤੀ ਸੂਝ ਆ ਗਈ ਹੋਵੇ। ਹੁਣ ਉਹ ਚੀਨੀ, ਭਾਰਤੀ, ਪਾਕਿਸਤਾਨੀ ਦੇ ਤੌਰ 'ਤੇ ਨਹੀਂ ਸੋਚ ਰਹੇ ਸਨ। •


# ਪੁਸਤਕ ਚਰਚਾ

ਪਵਨ ਗਿੱਲਾਂ ਵਾਲਾ ਪ੍ਰਤਿਭਾਸ਼ਾਲੀ ਪੰਜਾਬੀ ਲੇਖਕ ਹੈ ਜਿਹੜਾ ਅੱਧੀ ਦਰਜਨ ਤੋਂ ਉੱਤੇ ਸਾਹਿਤਕ ਪੁਸਤਕ ਪੰਜਾਬੀ ਸਾਹਿਤ ਦੀ ਝੋਲੀ ਪਾ ਚੁੱਕਾ ਹੈ। ਪਵਨ ਕੋਲ ਇਸ ਗੱਲ ਦੀ ਸੋਝੀ ਤੇ ਸੂਝ ਹੈ ਕਿ ਉਹ ਹਰੇਕ ਵਰਤਾਰੇ ਨੂੰ ਬੜੀ ਬਾਰੀਕਬੀਨੀ ਨਾਲ ਦੇਖਦਾ, ਘੋਖਦਾ ਅਤੇ ਫਿਰ ਉਸ ਨੂੰ ਸਿਰਜਣਾਤਮਕਤਾ ਵਿਚ ਢਾਲਦਾ ਹੈ। 'ਖਿੱਲਰੇ ਵਰਕੇ' ਪਵਨ ਗਿੱਲਾਂ ਵਾਲੇ ਦੀ ਨਵੀਂ ਕਾਵਿ-ਪੁਸਤਕ ਹੈ ਜਿਸ ਵਿਚ ਉਸ ਦੀਆਂ ਗੀਤਾਤਮਕ ਰਚਨਾਵਾਂ ਦੇ ਨਾਲ-ਨਾਲ ਦੋਹੇ, ਟੱਪੇ, ਮਾਹੀਆ, ਕੁੰਡਲੀਏ ਆਦਿ ਕਾਵਿ ਰੂਪਾਂ ਤੋਂ ਇਲਾਵਾ ਕੁਝ ਕਾਵਿ-ਟੁਕੜੀਆਂ ਵੀ ਸ਼ਾਮਿਲ ਕੀਤੀਆਂ ਹਨ।

ਇਨ੍ਹਾਂ ਗੀਤਾਤਮਕ ਰਚਨਾਵਾਂ ਵਿਚ ਕਵੀ ਨੇ ਤਕਰੀਬਨ ਆਪੇ ਨਾਲ ਸੰਵਾਦ ਰਚਾਇਆ ਹੈ ਜਿੱਥੇ ਕਿਤੇ ਉਸ ਦੇ ਪਿਆਰੇ ਦੀਆਂ ਯਾਦਾਂ ਸਮਾਈਆਂ ਹੋਈਆਂ ਹਨ ਪਰ ਨਾਲ ਦੀ ਨਾਲ ਜਿੱਥੇ ਪੰਜਾਬ ਦੀ ਧਰਤੀ ਦੀ ਯਾਦ ਅਤੇ ਪਰਵਾਸ ਦੀਆਂ ਪ੍ਰਸਥਿਤੀਆਂ ਉਸਦੀਆਂ ਰਚਨਾਵਾਂ ਵਿਚ ਪੇਸ਼ ਹੋਈਆਂ ਹਨ ਉੱਥੇ ਵੀ ਕਵੀ ਦੋਹਾਂ ਸਥਿਤੀਆਂ ਨੂੰ ਸਮਵਿਥ ਰੱਖ ਕੇ ਰਚਨਾ ਕਰਦਾ ਹੈ। ਇਸ ਦੇ ਨਾਲ ਹੀ ਸਾਹਿਤ ਦਾ ਉਹ ਕਰਤੱਵ ਜਿਸ ਨੂੰ ਅਸੀਂ ਸੁਹਜਮਈ ਅਤੇ ਕਲਿਆਣਕਾਰੀ ਕਹਿ ਕੇ ਸੰਬੋਧਨ ਕਰਦੇ ਹਾਂ ਉਸ ਦੀ ਥਹੁ ਵੀ ਉਸਦੀਆਂ ਰਚਨਾਵਾਂ ਵਿਚ ਵਿਦਮਾਨ ਹੈ। ਉਹ ਸਮਾਜ ਨੂੰ ਚੰਗਾ ਅਤੇ ਬੁਰਿਆਈ ਰਹਿਤ ਦੇਖਣਾ ਚਾਹੁੰਦਾ ਹੈ ਇਸ ਕਰ ਕੇ ਆਪਣੀ ਸਵੈ-ਪੜਚੋਲ ਲਈ ਤਿਆਰ ਰਹਿਣ ਲਈ ਕਵਿਤਾ ਵਿਚ ਤਾਗੀਦ ਕਰਦਾ ਹੈ।

ਕਵੀ ਨੇ ਜੱਗ ਜਣਨੀ ਔਰਤ ਦੇ ਹੱਕ ਵਿਚ ਵੀ ਆਵਾਜ਼ ਬੁਲੰਦ ਕੀਤੀ ਹੈ ਕਿ ਉਹ ਆਪਣੇ ਹੱਕਾਂ ਪ੍ਰਤੀ ਸੁਚੇਤ ਹੋ ਰਹੀ ਹੈ ਅਤੇ ਸਮਾਜਿਕ ਪਾੜਾ ਵੀ ਘੱਟ ਹੋ ਰਿਹਾ ਹੈ। ਕਵੀ ਜਦੋਂ ਰਿਸ਼ਤਿਆਂ ਦੀ ਗੱਲ ਕਰਦਾ ਹੈ ਤਾਂ ਇਥੇ ਉਸ ਦਾ ਮੱਤ ਹੈ ਜੇ ਵਿਸ਼ਵਾਸ ਕਾਇਮ ਹੈ ਤਾਂ ਰਿਸ਼ਤਾ ਕਾਇਮ ਹੈ। ਬਿਨ ਵਿਸ਼ਵਾਸ ਰਿਸ਼ਤੇ ਖੇਰੂੰ-ਖੇਰੂੰ ਹੋ ਜਾਂਦੇ ਹਨ। ਪਵਨ ਗਿੱਲਾਂ ਵਾਲੇ ਦੀ ਇਕ ਕਾਵਿ-ਪੁਸਤਕ 'ਖਿੱਲਰੇ ਵਰਕੇ' ਵਿਚ ਉਦਾਸੀ ਭਾਵੇਂ ਇਕ ਪ੍ਰਮੁੱਖ ਚਿਹਨ ਹੈ ਪਰ ਨਾਲ ਦੀ ਨਾਲ ਜ਼ਿੰਦਗੀ ਵਿਚ ਵਿਸ਼ਵਾਸ ਹੌਸਲਾ ਅਤੇ ਦ੍ਰਿੜਤਾ ਇਨਸਾਨ ਨੂੰ ਚੰਗੀਆਂ ਅਤੇ ਸੁਚੱਜੀਆਂ ਕਦਰਾਂ ਕੀਮਤਾਂ ਦੇ ਕੇ ਕਿਸੇ ਵੀ ਮੁਕਾਮ 'ਤੇ ਪਹੁੰਚਾ ਸਕਦੀਆਂ ਇਸ ਦਾ ਵੀ ਜ਼ਿਕਰ ਹੈ।


• ਸਰਦੂਲ ਸਿੰਘ ਔਜਲਾ




ਨਿਊਯਾਰਕ (ਯੂ ਐੱਸ ਏ) ਵਾਸੀ ਸ਼ਾਇਰ (ਮਲਕੀਤ ਸਿੰਘ ਮੀਤ ਮਹਿੰਦਪੁਰੀ) ਦੀ ਇਹ ਪੁਸਤਕ ਗੀਤਾਂ ਦੀ ਹੈ। ਜਿਸ ਵਿਚ ਕੁਲ 91 ਗੀਤ ਹਨ। ਇਨ੍ਹਾਂ ਵਿਚ 14 ਦੁਗਾਣੇ ਹਨ। ਪੰਜ ਪੰਨਿਆਂ (57-61) ਤੇ 17 ਬੈਂਤ ਛੰਦ ਹਨ। ਜਿਨ੍ਹਾਂ ਵਿਚ ਰੁੱਖਾਂ, ਪੰਛੀਆਂ, ਮਸ਼ੀਨੀ ਯੁਗ, ਮੌਸਮ, ਮਾਵਾਂ ਧੀਆਂ ਦਾ ਪਿਆਰ ਤੇ ਕੁਝ ਅਟੱਲ ਸਚਾਈਆਂ ਦੇ ਵਿਸ਼ੇ ਲਏ ਗਏ ਹਨ। ਇਹ ਸ਼ੇਅਰ ਸ਼ਾਹਮੁਖੀ ਪੈਂਤੀ ਅਧਾਰਤ ਹਨ। ਰੇ-ਰਿਸ਼ਤਿਆਂ ਦੀ ਜੇ ਗੱਲ ਤੋਰਾਂ/ ਰਿਸ਼ਤਾ ਪਾਲ ਹੁੰਦਾ ਭੈਣ ਤੇ ਭਾਈ ਦਾ। ਇਨ੍ਹਾਂ ਵਿਚ ਸਾਡੀਆਂ ਪ੍ਰੀਤ ਗਾਥਾਵਾਂ ਨੂੰ ਵੀ ਸ਼ਬਦੀ ਰੂਪ ਦਿੱਤਾ ਹੈ। ਉੱਘੇ ਗੀਤਕਾਰ ਦੇਵ ਥਰੀਕਿਆਂ ਵਾਲੇ ਨੇ ਪੁਸਤਕ ਦੇ ਗੀਤਾਂ ਦੀ ਮੌਲਿਕਤਾ, ਸ਼ਾਇਰ ਦੀ ਸੰਵੇਦਨਸ਼ੀਲਤਾ ਤੇ ਪੰਜਾਬੀ ਵਿਰਸੇ ਨਾਲ ਜੁੜੇ ਗੀਤਾਂ ਦੀ ਤਾਰੀਫ ਕੀਤੀ ਹੈ। ਪੰਜਾਬੀ ਗੀਤਕਾਰ ਸਭਾ ਦੇ ਪ੍ਰਧਾਨ ਸਰਬਜੀਤ ਸਿੰਘ ਵਿਰਦੀ ਨੇ ਗੀਤਕਾਰ ਨੂੰ ਪੰਜਾਬੀ ਮਾਂ ਬੋਲੀ ਦਾ ਲਾਡਲਾ ਪੁੱਤਰ ਕਿਹਾ ਹੈ।

ਪ੍ਰਿੰਸੀਪਲ ਬਲਦੇਵ ਸਿੰਘ (ਕਪੂਰਥਲਾ) ਨੇ ਲਿਖਿਆ ਹੈ ਕਿ ਮੀਤ ਦੇ ਗੀਤ ਲੋਕਾਂ ਦੇ ਦਿਲਾਂ ਦੀ ਤਰਜਮਾਨੀ ਕਰਦੇ ਹਨ। ਗਾਇਕ ਪਾਲੀ ਦੇਤਵਾਲੀਆ ਅਨੁਸਾਰ ਮੀਤ ਦੇ ਗੀਤਾਂ ਵਿਚ ਪੰਜਾਬੀਅਤ ਵਸਦੀ ਹੈ। ਇਸ ਸੰਗ੍ਰਹਿ ਤੋਂ ਪਹਿਲਾਂ ਲੇਖਕ ਮੀਤ ਦੀਆਂ ਪੰਜ ਪੁਸਤਕਾਂ ਛਪ ਚੁੱਕੀਆਂ ਹਨ। ਕੁਝ ਗੀਤ ਮਨੁੱਖੀ ਮਾਨਸਿਕਤਾ ਬਾਰੇ ਹਨ। ਦੁਗਾਨਿਆਂ ਵਿਚ ਮਰਦ ਔਰਤ ਦੀ ਰੁਮਾਂਟਿਕ ਕੁਦਰਤੀ ਬਿਰਤੀ ਦਾ ਖੁੱਲ੍ਹ ਕੇ ਪ੍ਰਗਟਾਵਾ ਹੈ। ਦੁਗਾਣੇ ਕਸ਼ਿਸ਼ ਭਰਪੂਰ ਹਨ-ਕਿਉਂ ਲਾ ਕੇ ਬੈਠ ਗਏ ਨਾਕਾ ਵੇ /ਨੱਢੀਆਂ ਦਾ ਲੈਣ ਨੂੰ ਝਾਕਾ ਵੇ। (ਪੰਨਾ 89) ਦੁਗਾਣਾ 'ਪੇਂਡੂ ਲੋਕ' ਵਿਚ ਪਿੰਡਾਂ ਦੇ ਖ਼ਾਸ ਪੰਜਾਬੀ ਸੱਭਿਆਚਾਰ ਤੇ ਸਾਦੀ ਰਹਿਣੀ ਬਹਿਣੀ ਨੂੰ ਚਿਤਰਿਆ ਹੈ। ਗੀਤ 'ਪੈਰਾਂ ਵਿਚ ਪੱਗ ਰੋਲਤੀ' ਆਪਹੁਦਰੀ ਧੀ ਦੀ ਕੀਤੀ ਮਨਮਰਜ਼ੀ ਕਾਰਨ ਮਾਪਿਆਂ ਦੀ ਰੁਲਦੀ ਪੱਗ ਦਾ ਹੇਰਵਾ ਹੈ। ਪੁਸਤਕ ਦੇ ਗੀਤ ਮਿੱਠੀਆਂ ਸੁਹਜਮਈ ਅਵਾਜ਼ਾਂ ਵਿਚ ਗਾਏ ਜਾ ਸਕਦੇ ਹਨ। ਸੰਗ੍ਰਹਿ ਦਾ ਸਵਾਗਤ ਹੈ।

• ਪ੍ਰਿੰ. ਗੁਰਮੀਤ ਸਿੰਘ ਫਾਜ਼ਿਲਕਾ




ਜਰਨੈਲ ਸਿੰਘ ਸੇਖਾ ਕੋਈ ਢਾਈ ਦਹਾਕੇ ਪਹਿਲਾਂ ਕੈਨੇਡਾ ਜਾ ਵੱਸਿਆ ਪਰਵਾਸੀ ਲੇਖਕ ਹੈ। ਉਹ ਹੁਣ ਤਕ ਦੋ ਕਹਾਣੀ ਸੰਗ੍ਰਹਿ, ਚਾਰ ਨਾਵਲ, ਇਕ ਸਫ਼ਰਨਾਮਾ ਤੇ ਇਕ ਸਵੈ-ਜੀਵਨੀ ਲਿਖ ਚੁੱਕਾ ਹੈ। ਉਸ ਦੇ ਲਿਖੇ ਜਿਗਰਪਾਰੇ, ਮੁਹਾਂਦਰਾ (ਬਰਨਾਲਾ) ਵਿਚ ਛਪਦੇ ਰਹੇ। ਪਰਵਾਸੀ ਜੀਵਨ ਦੀਆਂ ਦੁਸ਼ਵਾਰੀਆਂ ਅਤੇ ਪੰਜਾਬੀ ਕਿਸਾਨੀ ਦੇ ਸੰਕਟ ਬਾਰੇ ਉਸਦੀ ਗਲਪ ਰਚਨਾ ਕਾਫ਼ੀ ਚਰਚਿਤ ਹੈ। ਇਸੇ ਕਾਰਨ ਉਸ ਨੂੰ ਜਿੱਥੇ ਦਰਜਨ ਕੁ ਇਨਾਮ ਅਤੇ ਇਕ ਪੀਐੱਚਡੀ, 4 ਖੋਜ ਨਿੰਬਧ, ਮੁਲਾਕਾਤਾਂ, ਦਸਤਾਵੇਜ਼ੀ ਫ਼ਿਲਮ, ਕਈ ਖੋਜ ਪੇਪਰ ਤੇ ਇਕ ਆਲੋਚਨਾਤਮਿਕ ਪੁਸਤਕ ਲਿਖੇ ਜਾਣ ਦਾ ਸੁਭਾਗ ਪ੍ਰਾਪਤ ਹੋਇਆ ਹੈ।

ਹੱਥਲੀ ਪੁਸਤਕ ਪਰਵਾਸੀ ਗ਼ਲਪਕਾਰ ਜਰਨੈਲ ਸਿੰਘ ਸੇਖਾ-ਜੀਵਨ ਤੇ ਰਚਨਾ, ਤਾਜ਼ਾ ਲਿਖੀ ਗਈ ਸੁਖਪ੍ਰੀਤ ਕੌਰ ਦੀ ਬਹੁਤ ਹੀ ਮੁੱਲਵਾਨ ਪੁਸਤਕ ਹੈ ਜੋ ਸੇਖਾ ਦਾ ਜੀਵਨ ਤੇ ਉਸਦੀ ਸਮੁੱਚੀ ਰਚਨਾ ਦਾ ਡੂੰਘਾ ਅਧਿਐਨ ਹੈ। ਹਵਾਲਾ ਪੁਸਤਕ ਬਣਨ ਦੀ ਸਮਰੱਥਾ ਇਸ ਖੋਜ ਪੁਸਤਕ ਦੇ ਪੰਜ ਭਾਗ ਹਨ।

ਪਹਿਲੀ ਸਿਰਜਣ ਪ੍ਰਕਿਰਿਆ ਬਾਰੇ ਲੇਖਕ ਨਾਲ ਮੁਲਾਕਾਤ, ਦੂਜੀ ਰਚਨਾ ਤੇ ਹੋਇਆ ਖੋਜ ਕਾਰਜ ਤੇ ਤੀਜੀ ਸੇਖਾ ਦਾ ਸੰਖੇਪ ਜੀਵਨ ਵੇਰਵਾ ਹੈ। ਸਾਡੇ ਖੋਜ ਪੁਸਤਕ ਦੇ ਲੇਖਕ ਸੁਖਪ੍ਰੀਤ ਕੌਰ ਨੇ ਜਿੱਥੇ ਸਰਲਤਾ, ਸੰਖੇਪਤਾ ਨਾਲ ਕੁੱਜੇ ਵਿਚ ਸਮੁੰਦਰ ਸਮੋਇਆ ਹੈ ਉੱਥੇ ਸੇਖਾ ਦੁਆਰੇ ਵਰਤੇ ਮੁਹਾਵਰੇ ਤੇ ਅਖਾਣਾਂ ਸਮੇਤ ਪੰਜਾਬੀ ਸ਼ਬਦਾਵਲੀ ਦੇ ਵੀ ਦਰਸ਼ਨ ਕਰਾਏ ਹਨ।

ਵਿਸ਼ਾ-ਵਿਸ਼ੇਸ਼ ਕਰ ਕੇ ਕੈਨੇਡੀਅਨ ਪੰਜਾਬੀ ਭਾਈਚਾਰੇ ਦੇ ਸੇਖਾ ਦੀਆਂ ਕਿਰਤਾਂ ਵਿਚ ਕੀਤੇ ਹੋਏ ਜੀਵਨ ਦਰਸ਼ਨ ਤੇ ਉੱਥੇ ਪੇਸ਼ ਮੁਸ਼ਕਿਲਾਂ ਤੇ ਪਰਵਾਸੀ ਪੰਜਾਬੀਆਂ ਦੀ ਪ੍ਰਕਿਰਤੀ ਉਘਾੜ ਕੇ ਸਾਹਮਣੇ ਲਿਆਂਦੀ ਹੈ। ਪੁਸਤਕ ਸੇਖਾ ਬਾਰੇ ਪੂਰਨ ਗਿਆਨ ਭਰੀ ਕਿਰਤ ਹੈ। ਇਸ ਨੂੰ ਪੜ੍ਹਨ ਤੇ ਸਾਂਭਣ ਦੀ ਗੁਜ਼ਾਰਿਸ਼ ਹੈ ਅਤੇ ਸੁਖਪ੍ਰੀਤ ਕੌਰ ਦੀ ਕਲਮ ਨੂੰ ਜੀਉ ਆਇਆਂ ਵੀ ਕਹਿਣਾ ਬਣਦਾ ਹੈ। ਭਵਿੱਖ ਵਿਚ ਉਨ੍ਹਾਂ ਤੋਂ ਅਜਿਹੇ ਹੋਰ ਕਾਰਜ ਕੀਤੇ ਜਾਣ ਦੀ ਤਵੱਕੋ ਵੀ ਹੈ। ਪੁਸਤਕ ਪੜ੍ਹਨਯੋਗ ਹੈ।




ਦਰਜਨ ਦੇ ਲਗਭਗ ਕਹਾਣੀ ਸੰਗ੍ਰਹਿ, ਦੋ ਆਤਮ ਕਥਾ, ਇਕ ਚਰਚਿਤ ਨਾਵਲ 'ਦਸਤਾਵੇਜ਼' ਦੇ ਸਿਰਜਕ ਅਤੇ ਪੰਜਾਬੀ ਸਾਹਿੱਤਕ ਪਰਚੇ 'ਲਕੀਰ' ਦੇ ਮੋਢੀ ਸੰਪਾਦਕ ਪ੍ਰੇਮ ਪ੍ਰਕਾਸ਼ ਸਥਾਪਤ ਗ਼ਲਪ ਲੇਖਕ ਹਨ। ਆਜ਼ਾਦ ਸੋਚ ਦੇ ਧਾਰਨੀ ਉਹ ਆਪਣੀ ਰੋਟੀ-ਰੋਜ਼ੀ ਲਈ ਉਰਦੂ ਅਖ਼ਬਾਰਾਂ ਵਿਚ ਨੌਕਰੀ ਕਰਦੇ ਰਹੇ। ਜਲੰਧਰ ਦੇ ਮਿਲਾਪ ਵਿਚ 5 ਸਾਲ ਅਤੇ ਹਿੰਦ ਸਮਾਚਾਰ ਗਰੁੱਪ ਵਿਚ ਇੱਕੀ ਸਾਲ ਉਹ ਸੰਪਾਦਕੀ ਬੋਰਡ ਦਾ ਹਿੱਸਾ ਰਹੇ। ਇਹ ਸਮਾਂ 1964 ਤੋਂ 1990 ਦਾ ਹੈ। ਇਸ ਸਮੇਂ ਦੀਆਂ ਅਖ਼ਬਾਰ ਨਵੀਸੀ ਦੀਆਂ ਹੱਡ ਬੀਤੀਆਂ ਤੇ ਜੱਗ ਬੀਤੀਆਂ ਨੂੰ ਉਨ੍ਹਾਂ ਨੇ ਨੱਬੇ ਸਿਰਲੇਖਾਂ ਅਧੀਨ ਹੱਥਲੀ ਪੁਸਤਕ ਵਿਚ ਅੰਕਿਤ ਕੀਤਾ ਹੈ।

ਲੇਖਕ ਨੇ ਇਸ ਪੁਸਤਕ ਨੂੰ ਬਹੁਤ ਹੀ ਰੌਚਿਕ ਭਾਸ਼ਾ ਵਿਚ ਨਿੱਕੇ-ਨਿੱਕੇ ਟੋਟਿਆਂ ਰਾਹੀਂ ਸੁਆਦਲੀ ਅਤੇ ਜਾਣਕਾਰੀ ਭਰਪੂਰ ਬਣਾਇਆ ਹੈ। ਸ਼ੁਰੂਆਤ ਵਿਚ ਅਖ਼ਬਾਰ ਨਵੀਸੀ, ਉਰਦੂ ਦੇ ਪੰਜਾਬੀ ਅਖ਼ਬਾਰ, ਅਖ਼ਬਾਰੀ ਕਾਮੇ, ਮਾਲਕ, ਖ਼ਬਰਾਂ ਦੀ ਤਫ਼ਸੀਲ ਢੰਗ, ਮਾਲਕ, ਅਖ਼ਬਾਰ ਚਲਾਉਣ ਦੇ ਢੰਗ, ਪੈਸੇ ਕਮਾਊ ਪੱਤਰਕਾਰੀ ਤੇ ਪ੍ਰੈਸ, ਰੂਸੀ-ਅਮਰੀਕੀ ਗੁਪਤ-ਪ੍ਰਗਟ ਆਰਥਿਕ ਮਦਦ, ਸਰਕਾਰੀ ਖ਼ੁਫ਼ੀਆ ਤੰਤਰ ਦੇ ਜਾਲ ਵਿਚ ਫਸੇ ਅਖ਼ਬਾਰੀ ਕਾਮੇ ਤੇ ਪੱਤਰਕਾਰ ਆਦਿ ਦੀ ਇਤਿਹਾਸਕ ਜਾਣਕਾਰੀ ਹੈ। ਪੰਜਾਬੀ ਕਥਾਕਾਰ ਨੇ ਉਰਦੂ ਸ਼ਬਦ, ਪ੍ਰੈਸ ਤੇ ਅਖ਼ਬਾਰੀ ਭਾਸ਼ਾ ਤੇ ਚੱਲਦੇ ਮੁਹਾਵਰੇ ਤੇ ਅਖਾਣਾਂ ਖੁੱਲ੍ਹ ਕੇ ਵਰਤੇ ਹਨ ਤੇ ਸਮਝਾਏ ਵੀ ਹਨ। ਲ ਪੁਸਤਕ ਰੌਚਿਕ ਹੈ ਪਰੰਤੂ ਲੇਖਕ ਪੰਜਾਬ-ਦੁਖਾਂਤ ਦਾ ਜ਼ਿਕਰ ਕਰਦਿਆਂ ਉਲਾਰ ਤੇ ਇਕ ਪਾਸੜ ਰਿਹਾ ਹੈ। ਲੇਖਕ ਦੀ ਗੱਲ ਤੋਂ ਚਰਚਾ ਛਿੜਨੀ ਚਾਹੀਦੀ ਹੈ, ਸੰਵਾਦ ਹੋਣੇ ਚਾਹੀਦੇ ਹਨ। ਲੇਖਕ ਹਿੰਦ ਸਮਾਚਾਰ ਗਰੁੱਪ ਦੇ ਮੁੱਖ ਸੰਪਾਦਕ ਵੱਲੋਂ ਪੰਜਾਬੀ ਸੂਬੇ ਦੇ ਵਿਰੋਧ ਕਰਨ, 1961 ਈ. ਵਿਚ ਮਰਦਮਸ਼ੁਮਾਰੀ ਵਿਚ ਪੰਜਾਬੀ ਬੋਲਦੇ ਹਿੰਦੂਆਂ ਨੂੰ ਮਾਂ ਬੋਲੀ ਹਿੰਦੀ ਲਿਖਾਉਣ ਦੇ ਐਲਾਨ ਨਾਮਿਆਂ ਬਾਰੇ ਚੁੱਪ ਹੈ। ਪੁਲਿਸ ਵੱਲੋਂ ਦੁਖਾਂਤ ਦੇ ਵਰ੍ਹਿਆਂ 'ਚ ਲੋਕਾਂ 'ਤੇ ਢਾਹੇ ਕਹਿਰ ਦਾ ਕਿਧਰੇ ਵੀ ਭੋਰਾ ਜ਼ਿਕਰ ਨਹੀਂ ਹੈ। ਵਿਸਾਖੀ 1978 ਸਮੇਂ ਵਾਪਰੇ ਕਾਂਡ 'ਚ ਸਫ਼ਾ 130 ਤੇ 17 ਨਿਰੰਕਾਰੀ ਤੇ 4 ਭਿੰਡਰਾਂ ਵਾਲੇ ਦੇ ਬੰਦੇ ਮਰੇ ਲਿਖ ਦਿੱਤੇ ਹਨ ਜਦੋਂ ਕਿ ਇਹ ਪੂਰਾ ਗ਼ਲਤ ਹੈ। ਇਕ ਵੀ ਨਿਰੰਕਾਰੀ ਜਾਂ ਸੰਤਾਂ ਦਾ ਬੰਦਾ ਨਹੀਂ ਸੀ ਸਭ ਕੀਰਤਨੀ ਜੱਥੇ ਦੇ ਸਨ। ਇਸ ਕੇਸ ਵਿਚ ਲਾਲਾ ਜਗਤ ਨਰਾਇਣ ਵੱਲੋਂ ਕਰਨਾਲ ਅਦਾਲਤ 'ਚ ਦਿੱਤੀ ਗਵਾਹੀ ਦਾ ਜ਼ਿਕਰ ਕਰਨਾ ਬਣਦਾ ਸੀ। ਐਮਰਜੈਂਸੀ ਸਮੇਂ ਨਵਾਂ ਜ਼ਮਾਨਾ ਤੇ ਹਿੰਦ ਸਮਾਚਾਰ ਦੇ ਰੋਲ ਦਾ ਜ਼ਿਕਰ ਚਾਹੀਦਾ ਸੀ। ਸ਼ਬਦਾਂ ਦੀਆਂ ਗ਼ਲਤੀਆਂ (ਸੰਸਕਾਰ ਨਹੀਂ ਸਸਕਾਰ ਸਫ਼ਾ 141) ਬੇਸ਼ੁਮਾਰ ਹਨ। ਅਖਰੀਲੇ ਚੈਪਟਰਾਂ ਵਿੱਚ ਦੁਹਰਾਉ ਆ ਗਏ ਹਨ। ਇਨ੍ਹਾਂ ਸਭ ਦੇ ਬਾਵਜੂਦ ਦਸਤਾਵੇਜ਼ੀ ਪੁਸਤਕ ਵਜੋਂ ਪੜ੍ਹਨ, ਸੰਭਾਲਣ 'ਤੇ ਵਿਚਾਰ ਚਰਚਾ ਕਰਨ ਯੋਗ ਹੈ।

• ਤੇਜਾ ਸਿੰਘ ਤਿਲਕ

# ਵਿਸਾਖੀ ਮੇਲੇ ਨੂੰ ਵਾਤਾਵਰਣ ਪੱਖੋਂ ਟਿਕਾਊ ਅਤੇ ਸਾਫ਼-ਸੁਥਰਾ ਬਣਾਉਣ ਲਈ ਕੀਤਾ ਜਾ ਰਿਹੈ ਜਾਗਰੂਕ

**ਬਠਿੰਡਾ, 17 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ ਦੇ ਖੇਤਰੀ ਦਫ਼ਤਰ ਬਠਿੰਡਾ ਵੱਲੋਂ ਤਖ਼ਤ ਸ੍ਰੀ ਦਮਦਮਾ ਸਾਹਿਬ (ਤਲਵੰਡੀ ਸਾਬੋ) ਦੇ ਪ੍ਰਬੰਧਕਾਂ ਦੇ ਸਹਿਯੋਗ ਨਾਲ ਵਿਸਾਖੀ ਮੇਲੇ ਨੂੰ ਵਾਤਾਵਰਣ ਪੱਖੋਂ ਟਿਕਾਊ ਅਤੇ ਸਾਫ਼-ਸੁਥਰਾ ਬਣਾਉਣ ਲਈ ਵਿਸ਼ੇਸ਼ ਉਪਰਾਲੇ ਕੀਤੇ ਗਏ ਹਨ। ਇਸ ਦਾ ਮੁੱਖ ਮੰਤਵ ਇੱਕ ਵਾਰ ਵਰਤੋਂ ਵਾਲੇ ਪਲਾਸਟਿਕ 'ਤੇ ਰੋਕ ਲਗਾ ਕੇ ਲੋਕਾਂ ਵਿੱਚ ਵਾਤਾਵਰਣ ਪ੍ਰਤੀ ਜ਼ਿੰਮੇਵਾਰੀ ਦੀ ਭਾਵਨਾ ਪੈਦਾ ਕਰਨਾ ਹੈ।



ਇਸ ਸਬੰਧੀ 12 ਅਪ੍ਰੈਲ ਤੋਂ 14 ਅਪ੍ਰੈਲ ਤੱਕ ਤਖ਼ਤ ਸ਼੍ਰੀ ਦਮਦਮਾ ਸਾਹਿਬ ਦੇ ਮੁੱਖ ਗੇਟ 'ਤੇ ਇੱਕ ਵਿਸ਼ੇਸ਼ ਜਾਗਰੂਕਤਾ ਸਟਾਲ ਸਥਾਪਿਤ ਕੀਤਾ ਗਿਆ ਹੈ, ਜੋ ਸੂਚਨਾ ਅਤੇ ਪ੍ਰਚਾਰ ਕੇਂਦਰ ਵਜੋਂ ਕੰਮ ਕਰ ਰਿਹਾ ਹੈ। ਇੱਥੇ ਆਉਣ ਵਾਲੇ ਸ਼ਰਧਾਲੂਆਂ ਨੂੰ ਇੱਕ ਵਾਰ ਵਰਤੋਂ ਵਾਲੇ ਪਲਾਸਟਿਕ ਦੇ ਨੁਕਸਾਨ ਅਤੇ ਇਸ ਦੇ ਸੁਰੱਖਿਅਤ ਵਿਕਲਪਾਂ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ ਜਾ ਰਹੀ ਹੈ।

ਇਸ ਤੋਂ ਇਲਾਵਾ ਸਟਾਲ 'ਤੇ ਲੋਕਾਂ ਨੂੰ ਪਲਾਸਟਿਕ ਦੇ ਲਿਫ਼ਾਫਿਆਂ ਦੀ ਥਾਂ ਕੱਪੜੇ ਦੇ ਥੈਲੇ ਅਤੇ ਗਲਣਯੋਗ ਸਮੱਗਰੀ ਵੰਡ ਕੇ ਵਾਤਾਵਰਣ-ਮਿੱਤਰ ਵਿਕਲਪਾਂ ਨੂੰ ਅਪਣਾਉਣ ਲਈ ਪ੍ਰੇਰਿਤ ਕੀਤਾ ਜਾ ਰਿਹਾ ਹੈ।

ਇਹ ਕਦਮ ਨਾ ਸਿਰਫ਼ ਪਲਾਸਟਿਕ ਪ੍ਰਦੂਸ਼ਣ ਨੂੰ ਘਟਾਉਣ ਵਿੱਚ ਸਹਾਇਕ ਹੈ, ਸਗੋਂ ਲੋਕਾਂ ਨੂੰ ਜ਼ਿੰਮੇਵਾਰ ਨਾਗਰਿਕ ਬਣਨ ਵੱਲ ਵੀ ਪ੍ਰੇਰਿਤ ਕਰਦਾ ਹੈ।

ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ ਦੇ ਅਧਿਕਾਰੀ ਸਟਾਲ 'ਤੇ ਮੌਜੂਦ ਰਹਿ ਕੇ ਸ਼ਰਧਾਲੂਆਂ ਨਾਲ ਸਿੱਧਾ ਸੰਪਰਕ ਕਰ ਰਹੇ ਹਨ ਅਤੇ ਉਨ੍ਹਾਂ ਨੂੰ ਸਫ਼ਾਈ ਬਣਾਈ ਰੱਖਣ ਦੇ ਨਾਲ-ਨਾਲ 'ਗ੍ਰੀਨ ਮੇਲਾ' ਦੇ ਉਦੇਸ਼ ਨੂੰ ਸਫਲ ਬਣਾਉਣ ਲਈ ਸਹਿਯੋਗ ਦੇਣ ਦੀ ਅਪੀਲ ਕਰ ਰਹੇ ਹਨ।

ਅਧਿਕਾਰੀਆਂ ਨੇ ਕਿਹਾ ਕਿ ਇਸ ਤਰ੍ਹਾਂ ਦੀਆਂ ਪਹਿਲਕਦਮੀਆਂ ਨਾਲ ਨਾ ਸਿਰਫ਼ ਵਾਤਾਵਰਣ ਦੀ ਰੱਖਿਆ ਨੂੰ ਮਜ਼ਬੂਤੀ ਮਿਲਦੀ ਹੈ, ਸਗੋਂ ਸਮਾਜ ਵਿੱਚ ਵਾਤਾਵਰਣ-ਮਿੱਤਰ ਜੀਵਨ ਸ਼ੈਲੀ ਪ੍ਰਤੀ ਜਾਗਰੂਕਤਾ ਵੀ ਵਧਦੀ ਹੈ, ਜੋ ਭਵਿੱਖ ਲਈ ਇੱਕ ਸੁੰਦਰ ਅਤੇ ਸੁਰੱਖਿਅਤ ਵਾਤਾਵਰਣ ਦੀ ਨੀਂਹ ਰੱਖਦੀ ਹੈ।

# ਭੇਦਭਰੀ ਹਾਲਤ ਚ ਨੌਜਵਾਨ ਲਾਪਤਾ, ਮੋਟਰਸਾਈਕਲ ਭਾਖੜਾ ਤੋਂ ਬ੍ਰਾਮਦ

**ਸਮਾਣਾ, 17 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਬੀਤੀ ਰਾਤ ਇੱਕ ਸਮਾਗਮ - ਦੀ ਫੋਟੋਗ੍ਰਾਫੀ ਕਰਕੇ ਘਰ ਵਾਪਸ ਆ ਰਹੇ ਫੋਟੋਗ੍ਰਾਫਰ ਨੌਜਵਾਨ ਦੇ ਲਾਪਤਾ ਹੋਣ ਦਾ ਮਾਮਲਾ ਸਾਹਮਣੇ ਆਇਆ - ਹੈ। ਜਿਸ ਦੀ ਭਾਲ ਵਿੱਚ ਪਰਿਵਾਰਕ 1 ਮੈਂਬਰ ਅਤੇ ਸਿਟੀ ਪੁਲਿਸ ਜੁਟੀ ਹੋਈ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਸਤਨਾਮ ਸਿੰਘ (25) ਪੁੱਤਰ ਸਵ: ਨਿਵਾਸੀ ਨਵੀਂ ਸਰਾਂ ਪੱਤੀ ਸਮਾਣਾ, ਬੀਤੀ ਰਾਤ ਸ਼ਹਿਰ ਦੇ ਇੱਕ ਪੈਲੇਸ ਵਿੱਚ ਆਯੋਜਿਤ ਸਮਾਗਮ ਦੀ ਫੋਟੋਗ੍ਰਾਫੀ ਕਰਨ ਲਈ ਗਿਆ ਸੀ। ਮਾਤਾ-ਪਿਤਾ ਨਾ ਹੋਣ ਕਾਰਨ ਘਰ ਵਿੱਚ ਇਕੱਲੀ ਰਹਿ ਰਹੀ ਆਪਣੀ ਭੈਣ ਨੂੰ ਉਸ ਨੇ ਰਾਤ ਲਗਭਗ 1:30 ਵਜੇ ਫੋਨ ਕਰਕੇ ਤੁਰੰਤ ਘਰ ਆਉਣ ਬਾਰੇ ਦੱਸਿਆ ਅਤੇ ਦਰਵਾਜ਼ਾ ਖੋਲ੍ਹਣ ਲਈ ਕਿਹਾ। ਪਰ ਦੇਰ ਰਾਤ ਤੱਕ ਘਰ ਨਾ ਪਹੁੰਚਣ 'ਤੇ ਪਰਿਵਾਰਕ ਮੈਂਬਰਾਂ ਨੇ ਉਸ ਦੀ ਭਾਲ ਸ਼ੁਰੂ ਕਰ ਦਿੱਤੀ। ਇਸ ਦੌਰਾਨ ਉਸ ਦਾ ਮੋਟਰਸਾਈਕਲ ਭਾਖੜਾ ਨਹਿਰ ਦੇ ਚੀਕਾ ਰੋਡ ਪੁਲ ਨੇੜਿਓਂ ਬਰਾਮਦ ਹੋਇਆ। ਮਾਮਲੇ ਦੀ ਜਾਂਚ ਕਰ ਰਹੇ ਸਿਟੀ ਪੁਲਿਸ ਦੇ ਏ.ਐੱਸ.ਆਈ. ਸਿੰਦਰ ਸਿੰਘ ਨੇ ਦੱਸਿਆ ਕਿ ਪਰਿਵਾਰ ਵੱਲੋਂ ਸੂਚਨਾ ਮਿਲਣ 'ਤੇ ਸਿਟੀ ਪੁਲਿਸ ਨੇ ਮੌਕੇ 'ਤੇ ਪਹੁੰਚ ਕੇ ਸਥਿਤੀ ਦਾ ਜਾਇਜ਼ਾ ਲਿਆ। ਪੁਲਿਸ ਵੱਲੋਂ ਪੈਲੇਸ ਤੋਂ ਲੈ ਕੇ ਨਹਿਰ ਤੱਕ ਦੇ ਰਸਤੇ ਵਿੱਚ ਲੱਗੇ ਸੀਸੀਟੀਵੀ ਕੈਮਰਿਆਂ ਅਤੇ ਹੋਰ ਸਰੋਤਾਂ ਰਾਹੀਂ ਨੌਜਵਾਨ ਦੀ ਭਾਲ ਕੀਤੀ ਜਾ ਰਹੀ ਹੈ।

# ਨਗਰ ਨਿਗਮ, ਨਗਰ ਕੌਂਸਲ/ਨਗਰ ਪੰਚਾਇਤਾਂ ਦੀਆਂ ਚੋਣਾਂ ਲਈ ਵੋਟਰ ਸੂਚੀਆਂ ਦੀ ਸੁਧਾਈ ਦਾ ਸ਼ਡਿਊਲ ਜਾਰੀ

**ਬਠਿੰਡਾ, 17 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਰਾਜ ਚੋਣ ਕਮਿਸ਼ਨ ਵਲੋਂ ਨਗਰ ਨਿਗਮ, ਨਗਰ ਕੌਂਸਲ/ਨਗਰ ਪੰਚਾਇਤਾਂ ਦੀਆਂ ਆਮ /ਜ਼ਿਮਨੀ ਚੋਣਾਂ ਲਈ ਵੋਟਰ ਸੂਚੀਆਂ ਦੀ ਸੋਧ ਲਈ ਸਮਾਂ -ਸਾਰਣੀ ਸ਼ਡਿਊਲ ਜਾਰੀ ।



ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦੇ ਹੋਏ ਜ਼ਿਲ੍ਹਾ ਚੋਣਕਾਰ ਅਫਸਰ-ਕਮ- ਡਿਪਟੀ ਕਮਿਸ਼ਨਰ ਸ਼੍ਰੀ ਰਾਜੇਸ਼ ਧੀਮਾਨ ਨੇ ਦੱਸਿਆ ਕਿ ਜ਼ਿਲ੍ਹਾ ਬਠਿੰਡਾ ਚ ਨਗਰ ਨਿਗਮ ਬਠਿੰਡਾ ਦੇ ਨਾਲ ਨਾਲ 6 ਨਗਰ ਕੌਂਸਲਾਂ ਕੌਂਸਲਾਂ ਦੀ ਚੋਣ, ਇਕ ਨਗਰ ਕਾਉਂਸਿਲ ਦੀ ਉਪ ਚੋਣ ਅਤੇ 8 ਨਗਰ ਪੰਚਾਇਤਾਂ ਦੀ ਚੋਣ ਹੋਣੀ ਹੈ।

ਇਨ੍ਹਾਂ ਚੋਣਾਂ ਲਈ ਵੋਟਰ ਸੂਚੀਆਂ ਦੇ ਖਰੜੇ ਦੀ ਪ੍ਰਕਾਸ਼ਨਾ ਚੋਣਕਾਰ ਰਜਿਸਟ੍ਰੇਸ਼ਨ ਅਫ਼ਸਰਾਂ ਵੱਲੋਂ 15 ਅਪ੍ਰੈਲ 2026 ਨੂੰ ਕੀਤੀ ਜਾਵੇਗੀ ਅਤੇ 17 ਅਪ੍ਰੈਲ 2026 ਤੋਂ 23 ਅਪ੍ਰੈਲ 2026 ਤੱਕ ਦਾਅਵੇ ਅਤੇ ਇਤਰਾਜ਼ ਦਰਜ ਕੀਤੇ ਜਾਣਗੇ। ਦਾਅਵਿਆਂ ਅਤੇ ਇਤਰਾਜ਼ਾਂ ਦਾ ਨਿਪਟਾਰਾ ਮਿਤੀ 30 ਅਪ੍ਰੈਲ 2026 ਤੱਕ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਵੋਟਰ ਸੂਚੀ ਦੀ ਅੰਤਿਮ ਪ੍ਰਕਾਸ਼ਨਾ 05 ਮਈ 2026 ਨੂੰ ਕੀਤੀ ਜਾਵੇਗੀ।

ਉਨ੍ਹਾਂ ਦੱਸਿਆ ਕਿ ਸੋਧ ਸਬੰਧੀ ਅਨੁਸੂਚੀ ਮੁਤਾਬਿਕ, ਪੰਜਾਬ ਮਿਊਂਸਪਲ ਚੋਣ ਨਿਯਮ, 1994 ਦੇ ਨਿਯਮ 14 ਵਿੱਚ ਦਰਸਾਏ ਅਨੁਸਾਰ ਕੋਈ ਵੀ ਯੋਗ ਵਿਅਕਤੀ ਫਾਰਮ ਨੰ. 7 (ਨਾਮ ਸ਼ਾਮਲ ਕਰਨ ਸਬੰਧੀ ਦਾਅਵੇ ਦੀ ਅਰਜ਼ੀ ਲਈ), ਫਾਰਮ 8 (ਨਾਮ ਸ਼ਾਮਲ ਕਰਨ ਸਬੰਧੀ ਇਤਰਾਜ਼ ਲਈ) ਅਤੇ ਫਾਰਮ 9 (ਇੱਕ ਐਂਟਰੀ ਵਿੱਚ ਵੇਰਵਿਆਂ ਬਾਰੇ ਇਤਰਾਜ਼ ਲਈ) ਰਾਹੀਂ ਬਿਨੈ ਕਰ ਸਕਦਾ ਹੈ। ਉਨ੍ਹਾਂ ਅੱਗੇ ਕਿਹਾ ਕਿ ਆਮ ਲੋਕਾਂ ਦੀ ਸਹੂਲਤ ਲਈ ਫਾਰਮ ਨੰ: 7, 8 ਅਤੇ 9 ਨੂੰ ਕਮਿਸ਼ਨ ਦੀ ਵੈੱਬਸਾਈਟ (https://sec.punjab.gov.in) ਤੋਂ ਡਾਊਨਲੋਡ ਕੀਤਾ ਜਾ ਸਕਦਾ ਹੈ।

ਹੋਰ ਜਾਣਕਾਰੀ ਦਿੰਦਿਆਂ ਉਨ੍ਹਾਂ ਕਿਹਾ ਕਿ ਬਿਨੈਕਾਰ ਵੱਲੋਂ ਆਪਣਾ ਨਾਮ ਵੋਟਰ ਵਜੋਂ ਰਜਿਸਟਰ ਕਰਵਾਉਣ ਲਈ ਯੋਗ ਹੋਣ ਦੀ ਯੋਗਤਾ ਮਿਤੀ 23.4.2026 ਨਿਰਧਾਰਤ ਕੀਤੀ ਗਈ ਹੈ। ਵੋਟਰ ਵਜੋਂ ਰਜਿਸਟਰ ਹੋਣ ਦੇ ਯੋਗ ਹੋਣ ਲਈ, ਬਿਨੈਕਾਰ ਦੀ ਉਮਰ ਯੋਗਤਾ ਮਿਤੀ ਨੂੰ 18 ਸਾਲ ਪੂਰੀ ਹੋਣੀ ਚਾਹੀਦੀ ਹੈ ਅਤੇ ਉਹ ਆਮ ਤੌਰ 'ਤੇ ਉਸ ਇਲਾਕੇ ਦਾ ਨਿਵਾਸੀ ਹੋਣਾ ਚਾਹੀਦਾ ਹੈ ਜਿਸ ਇਲਾਕੇ ਵਿੱਚ ਉਹ ਰਹਿੰਦਾ ਹੈ।

ਜ਼ਿਲ੍ਹਾ ਚੋਣ ਅਫਸਰ ਨੇ ਦੱਸਿਆ ਕਿ ਨਗਰ ਨਿਗਮ ਬਠਿੰਡਾ, ਨਗਰ ਕਾਉਂਸਿਲ ਭੁੱਚੋ ਮੰਡੀ, ਨਗਰ ਕਾਉਂਸਿਲ ਗੋਨਿਆਣਾ, ਨਗਰ ਕਾਉਂਸਿਲ ਕੋਟਫੱਤਾ, ਨਗਰ ਕਾਉਂਸਿਲ ਮੌੜ, ਨਗਰ ਕਾਉਂਸਿਲ ਰਾਮਾਂ ਅਤੇ ਨਗਰ ਕਾਉਂਸਿਲ ਸੰਗਤ ਦੀਆਂ ਚੋਣਾਂ ਹੋਣੀਆਂ ਹਨ । ਨਾਲ ਹੀ ਨਗਰ ਕਾਉਂਸਿਲ ਤਾਲਵਾਨੀ ਸਾਬੋ ਵਿਖੇ ਉਪ ਚੋਣ ਕਾਰਵਾਈ ਜਾਵੇਗੀ । ਇਸ ਤੋਂ ਇਲਾਵਾ ਜਿਹੜੇ ਨਗਰ ਪੰਚਾਇਤਾਂ ਦੀਆਂ ਚੋਣਾਂ ਹੋਣੀਆਂ ਹਨ ਉਹ ਇਸ ਪ੍ਰਕਾਰ ਹਨ - ਭਗਤਾ ਭਾਈ ਕਾ, ਕੋਟਸ਼ਮੀਰ, ਨਥਾਣਾ, ਭਾਈ ਰੂਪ, ਮਹਿਰਾਜ, ਕੋਠਾ ਗੁਰੂ ਅਤੇ ਮਲੂਕਾ।

# ਪ੍ਰਧਾਨ ਮੰਤਰੀ ਇੰਟਰਨਸ਼ਿਪ ਸਕੀਮ ਪੜਾਅ-3 ਸ਼ੁਰੂ

**ਗੁਰਦਾਸਪੁਰ , 17 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤ ਸਰਕਾਰ ਵਲੋਂ ਪ੍ਰਧਾਨ ਮੰਤਰੀ ਇੰਟਰਨਸ਼ਿਪ ਸਕੀਮ ਪੜਾਅ-3 ਸ਼ੁਰੂ ਕੀਤਾ ਹੈ। ਵਧੀਕ ਡਿਪਟੀ ਕਮਿਸ਼ਨਰ(ਜ)-ਕਮ-ਸੀ.ਈ.ਓ. ਡੀ.ਬੀ.ਈ.ਈ ਗੁਰਦਾਸਪੁਰ ਸ੍ਰੀ ਗੁਰਸਿਮਰਨ ਸਿੰਘ ਢਿਲੋ ਨੇ ਦੱਸਿਆ ਕਿ ਨੌਜਵਾਨ ਜੋ ਰੋਜ਼ਗਾਰ ਦੇ ਮੌਕੇ ਪ੍ਰਾਪਤ ਕਰਨਾ ਚਾਹੁੰਦੇ ਹਨ, ਉਹ https:/ pminternship.mca.gov.in/ ਵੈਬਸਾਈਟ ਤੇ ਜਾ ਕੇ ਪ੍ਰਧਾਨ ਮੰਤਰੀ ਇੰਟਰਨਸ਼ਿਪ ਸਕੀਮ ਪੜਾਅ 3 ਦੇ ਤਹਿਤ ਚੋਟੀ ਦੀਆਂ ਕੰਪਨੀਆਂ ਵਿੱਚ ਕੰਮ ਕਰਨ ਦਾ ਤਜਰਬਾ ਅਤੇ ਹੁਨਰ ਪ੍ਰਾਪਤ ਕਰਨ ਲਈ ਅਰਜੀ ਫਾਰਮ ਅਪਲਾਈ ਕਰ ਸਕਦੇ ਹਨ।

ਇਸ ਸਕੀਮ ਦਾ ਉਦੇਸ਼ ਨੌਜਵਾਨਾਂ ਨੂੰ ਅਸਲ ਕਾਰੋਬਾਰੀ ਮਾਹੌਲ ਵਿੱਚ ਸਿਖਲਾਈ ਦੇ ਕੇ ਉਨ੍ਹਾਂ ਦੀ ਰੁਜ਼ਗਾਰ ਯੋਗਤਾ ਨੂੰ ਵਧਾਉਣਾ ਹੈ ।

ਉਨ੍ਹਾਂ ਅੱਗੇ ਦੱਸਿਆ ਚੁਣੇ ਗਏ ਇੰਟਰਨਜ਼ ਨੂੰ ਪੂਰੀ ਇੰਟਰਨਸ਼ਿਪ ਦੌਰਾਨ 9,000 ਰੁਪਏ ਪ੍ਰਤੀ ਮਹੀਨਾ ਵਿੱਤੀ ਸਹਾਇਤਾ ਦਿੱਤੀ ਜਾਵੇਗੀ । ਜੋ ਸਿੱਖਿਆਰਥੀ/ਨੌਜਵਾਨ ਇਸ ਇੰਟਰਨਸ਼ਿਪ ਨੂੰ ਪੂਰਾ ਕਰੇਗਾ, ਉਸਨੂੰ ਸਰਕਾਰ ਵਲੋਂ ਪ੍ਰਧਾਨ ਮੰਤਰੀ ਜੀਵਨ ਜੋਯਤੀ ਬੀਮਾ ਯੋਜਨਾ ਅਤੇ ਪ੍ਰਧਾਨ ਮੰਤਰੀ ਸੁਰੱਖਿਆ ਬੀਮਾ ਤਹਿਤ ਬੀਮਾ ਕਰਵਰੇਜ ਵੀ ਪ੍ਰਦਾਨ ਕੀਤਾ ਜਾਵੇਗਾ।

ਜ਼ਿਲ੍ਹਾ ਰੋਜਗਾਰ ਅਫਸਰ ਤੇਜਵਿੰਦਰ ਸਿੰਘ ਨੇ ਦੱਸਿਆ ਕਿ ਇਸ ਸਕੀਮ ਤਹਿਤ ਰਜਿਸਟਰੇਸ਼ਨ ਕਰਨ ਲਈ ਉਮੀਦਵਾਰ ਦੀ ਉਮਰ 18 ਤੋਂ 25 ਸਾਲ ਦੇ ਵਿਚਕਾਰ ਹੋਣੀ ਚਾਹੀਦੀ ਹੈ । ਵਿਦਿਅਕ ਯੋਗਤਾ ਵਿੱਚ ਹਾਈ ਸਕੂਲ, ਹਾਇਰ ਸੈਕੰਡਰੀ, ਆਈ.ਟੀ.ਆਈ ਸਰਟੀਫਿਕੇਟ, ਪੋਲੀਟੈਕਨਿਕ ਡਿਪਲੋਮਾ, ਜਾਂ BA, B.Sc, B.Com, B.E/B.Tech ਵਰਗੀਆਂ ਡਿਗਰੀਆਂ ਸ਼ਾਮਲ ਹਨ।

ਉਨ੍ਹਾਂ ਅੱਗੇ ਦੱਸਿਆ ਕਿ ਗ੍ਰੈਜੂਏਸ਼ਨ/ਪੋਸਟ-ਗ੍ਰੈਜੂਏਸ਼ਨ ਦੇ ਆਖਰੀ ਸਾਲ ਵਾਲੇ ਵਿਦਿਆਰਥੀ ਵੀ ਇੰਟਰਨਸ਼ਿਪ ਲਈ ਅਪਲਾਈ ਕਰ ਸਕਦੇ ਹਨ। IIT, IIM, IISER, NLU ਵਰਗੇ ਸੰਸਥਾਨਾਂ ਤੋਂ ਪਾਸ ਉਮੀਦਵਾਰ ਜਾਂ CA, CS, MBBS, MBA, PhD ਵਰਗੀ ਯੋਗਤਾ ਵਾਲੇ ਵਿਅਕਤੀ ਇਸ ਸਕੀਮ ਲਈ ਯੋਗ ਨਹੀਂ ਹਨ। ਜੇਕਰ ਪਰਿਵਾਰ ਦੀ ਸਾਲਾਨਾ ਆਮਦਨ 12 ਲੱਖ ਤੋਂ ਵੱਧ ਹੈ ਜਾਂ ਪਰਿਵਾਰ ਦਾ ਕੋਈ ਮੈਂਬਰ ਪੱਕਾ ਸਰਕਾਰੀ ਕਰਮਚਾਰੀ ਹੈ, ਤਾਂ ਉਹ ਅਪਲਾਈ ਨਹੀਂ ਕਰ ਸਕਦੇ । ਯੋਗ ਉਮੀਦਵਾਰ ਸਕੀਮ ਦੇ ਅਧਿਕਾਰਤ ਪੋਰਟਲ www.pminternship.mca.gov.in Óਤੇ ਜਾ ਕੇ ਆਪਣੀ ਰਜਿਸਟ੍ਰੇਸ਼ਨ ਕਰ ਸਕਦੇ ਹਨ । ਇਹ ਰਜਿਸਟਰੇਸ਼ਨ ਬਿਲਕੁੱਲ ਮੁਫਤ ਹੈ । ਰਜਿਸਟ੍ਰੇਸ਼ਨ ਲਈ ਆਧਾਰ ਅਧਾਰਤ ਈ-ਕੇ.ਵਾਈ.ਸੀ (e-KYC) ਲਾਜ਼ਮੀ ਹੈ । ਉਮੀਦਵਾਰ ਆਪਣੀ ਪਸੰਦ ਦੇ ਸੈਕਟਰ, ਭੂਮਿਕਾ ਅਤੇ ਸਥਾਨ ਅਨੁਸਾਰ ਇੰਟਰਨਸ਼ਿਪ ਲਈ ਅਰਜ਼ੀ ਦੇ ਸਕਦੇ ਹਨ ।ਵਧੇਰੇ ਜਾਣਕਾਰੀ ਲਈ ਪ੍ਰਾਰਥੀ ਇਸ ਦਫਤਰ ਦੇ ਹੈਲਪ ਲਾਈਨ ਨੰਬਰ 9478727217 ਤੇ ਸੰਪਰਕ ਕਰ ਸਕਦੇ ਹਨ ਜਾਂ ਜਿਲ੍ਹਾ ਰੋਜਗਾਰ ਅਤੇ ਕਾਰੋਬਾਰ ਬਿਊਰੋ ਕਮਰਾ ਨੰ:217, ਬਲਾਕ -ਬੀ, ਜਿਲ੍ਹਾ ਪ੍ਰਬੰਧਕੀ ਕੰਪਲੈਕਸ ਗੁਰਦਾਸਪੁਰ ਵਿਖੇ ਨਿੱਜੀ ਤੌਰ ਤੇ ਆ ਕੇ ਜਾਣਕਾਰੀ ਹਾਸਲ ਕਰ ਸਕਦੇ ਹਨ।

# ਡਾ. ਹਰਪ੍ਰਿਤਪਾਲ ਕੋਰ ਨੇ ਮੁੱਖ ਖੇਤੀਬਾੜੀ ਅ.ਫਸਰ, ਬਠਿੰਡਾ ਵਜੋਂ ਸੰਭਾਲਿਆ ਅਹੁਦਾ



**ਬਠਿੰਡਾ, 17 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਦੇ ਹੁਕਮਾਂ ਅਨੁਸਾਰ ਡਾ. ਹਰਪ੍ਰਿਤਪਾਲ ਕੌਰ ਨੇ ਜ਼ਿਲ੍ਹਾ ਬਠਿੰਡਾ ਦੇ ਮੁੱਖ ਖੇਤੀਬਾੜੀ ਅਫ਼ਸਰ ਵਜੋਂ ਅਹੁਦਾ ਸੰਭਾਲ ਲਿਆ ਹੈ। ਅਹੁਦਾ ਸੰਭਾਲਣ ਮੌਕੇ ਦਫ਼ਤਰ ਦੇ ਸਮੂਹ ਅਧਿਕਾਰੀਆਂ ਅਤੇ ਕਰਮਚਾਰੀਆਂ ਵੱਲੋਂ ਉਨ੍ਹਾਂ ਦਾ ਸਵਾਗਤ ਕੀਤਾ ਗਿਆ। ਇਸ ਤੋਂ ਪਹਿਲਾਂ ਉਹ ਜ਼ਿਲ੍ਹਾ ਫਾਜ਼ਿਲਕਾ ਵਿਖੇ ਮੁੱਖ ਖੇਤੀਬਾੜੀ ਅਫ਼ਸਰ ਵਜੋਂ ਆਪਣੀਆਂ ਸੇਵਾਵਾਂ ਨਿਭਾ ਰਹੇ ਸਨ।

ਡਾ. ਹਰਪ੍ਰਿਤਪਾਲ ਕੌਰ ਨੇ ਅਹੁਦਾ ਸੰਭਾਲਣ ਮੌਕੇ ਕਿਹਾ ਕਿ ਉਹ ਆਪਣੀ ਜ਼ਿੰਮੇਵਾਰੀ ਨੂੰ ਪੂਰੀ ਇਮਾਨਦਾਰੀ, ਲਗਨ ਅਤੇ ਨਿਭਰਤਾ ਨਾਲ ਨਿਭਾਉਣ ਲਈ ਵਚਨਬੱਧ ਹਨ। ਉਨ੍ਹਾਂ ਨੇ ਦੱਸਿਆ ਕਿ ਖੇਤੀਬਾੜੀ ਵਿਭਾਗ ਦੀਆਂ ਯੋਜਨਾਵਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨਾ ਅਤੇ ਕਿਸਾਨਾਂ ਤੱਕ ਲਾਭ ਪਹੁੰਚਾਉਣਾ ਉਨ੍ਹਾਂ ਦੀ ਪਹਿਲੀ ਤਰਜੀਹ ਹੋਵੇਗੀ।

ਉਨ੍ਹਾਂ ਨੇ ਸਮੂਹ ਸਟਾਫ਼ ਨੂੰ ਨਿਰਦੇਸ਼ ਦਿੱਤੇ ਕਿ ਡਾਇਰੈਕਟਰ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਪੰਜਾਬ ਡਾ. ਗੁਰਜੀਤ ਸਿੰਘ ਬਰਾੜ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਸਰਕਾਰੀ ਸਕੀਮਾਂ ਨੂੰ ਪਿੰਡ ਪੱਧਰ ਤੱਕ ਪਹੁੰਚਾਇਆ ਜਾਵੇ।

ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਕਿਸਾਨਾਂ ਨੂੰ ਆਧੁਨਿਕ ਖੇਤੀ ਤਕਨੀਕਾਂ ਅਤੇ ਸਰਕਾਰੀ ਸਹੂਲਤਾਂ ਬਾਰੇ ਸਮੇਂ-ਸਿਰ ਜਾਣਕਾਰੀ ਮਿਲਣੀ ਬਹੁਤ ਜ਼ਰੂਰੀ ਹੈ।

ਇਸ ਦੇ ਨਾਲ ਹੀ ਉਨ੍ਹਾਂ ਨੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਆਪਣੀਆਂ ਫ਼ਸਲਾਂ ਸਬੰਧੀ ਸਹੀ ਅਤੇ ਸੰਪੂਰਨ ਜਾਣਕਾਰੀ ਲਈ ਨਜ਼ਦੀਕੀ ਬਲਾਕ ਦਫ਼ਤਰਾਂ ਨਾਲ ਸੰਪਰਕ ਵਿੱਚ ਰਹਿਣ।

ਉਨ੍ਹਾਂ ਕਿਹਾ ਕਿ ਪਿੰਡ ਪੱਧਰ ਦੇ ਅਧਿਕਾਰੀਆਂ ਅਤੇ ਕਰਮਚਾਰੀਆਂ ਨਾਲ ਸਾਂਝ ਬਣਾਈ ਰੱਖਣ ਨਾਲ ਕਿਸਾਨਾਂ ਨੂੰ ਵਧੀਆ ਸਲਾਹ ਅਤੇ ਮਦਦ ਮਿਲ ਸਕਦੀ ਹੈ, ਜਿਸ ਨਾਲ ਖੇਤੀਬਾੜੀ ਖੇਤਰ ਨੂੰ ਹੋਰ ਮਜ਼ਬੂਤੀ ਮਿਲੇਗੀ।

# ਜਲਾਲਾਬਾਦ ਹਲਕੇ 'ਚ ਸੜਕਾਂ ਦੇ ਵਿਕਾਸ ਲਈ ਕਰੋੜਾਂ ਦੇ ਪ੍ਰੋਜੈਕਟ ਦੀ ਵਿਧਾਇਕ ਜਗਦੀਪ ਕੰਬੋਜ ਗੋਲਡੀ ਵੱਲੋਂ ਵਿਸਥਾਰ ਪੂਰਵਕ ਦਿੱਤੀ ਜਾਣਕਾਰੀ



**ਜਲਾਲਾਬਾਦ, 17 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਸਰਕਾਰ ਦੇ ਯਤਨਾ ਸਦਕਾ ਹਲਕੇ ਦੇ ਪਿੰਡਾਂ ਵਿੱਚ ਸੜਕਾਂ ਦੇ ਵਿਆਪਕ ਵਿਕਾਸ ਲਈ ਵੱਖ-ਵੱਖ ਗਰੁੱਪਾਂ ਹੇਠ ਕਰੋੜਾਂ ਰੁਪਏ ਦੇ ਪ੍ਰੋਜੈਕਟਾਂ 'ਚ ਲਗਭਗ 220 ਕਿਲੋਮੀਟਰ ਨਵੀਨੀਕਰਨ ਤੇ ਰਿਪੇਅਰ ਸੜਕਾਂ ਦੇ ਬਾਰੇ ਵਿਸਥਾਰਪੂਰਵਕ ਜਾਣਕਾਰੀ ਵਿਧਾਇਕ ਜਗਦੀਪ ਕੰਬੋਜ ਗੋਲਡੀ ਦੇ ਵੱਲੋਂ ਜਲਾਲਾਬਾਦ ਦੀ ਮਾਰਕੀਟ ਕਮੇਟੀ ਦੇ ਦਫ਼ਤਰ ਵਿਖੇ ਪ੍ਰੈੱਸ ਕਾਨਫਰਸੰ ਕਰਕੇ ਸਾਂਝੀ ਕੀਤੀ। ਇਨ੍ਹਾਂ ਪ੍ਰੋਜੈਕਟਾਂ ਵਿੱਚ ਕਈ ਲਿੰਕ ਰੋਡ, ਪਿੰਡਾਂ ਦੇ ਰਸਤੇ ਅਤੇ ਨਹਿਰਾਂ ਦੇ ਨਾਲ ਲੱਗਦੀਆਂ ਸੜਕਾਂ ਦੀ ਮੁਰੰਮਤ ਅਤੇ ਨਵੀਨੀਕਰਨ ਸ਼ਾਮਲ ਹਨ।ਵਿਧਾਇਕ ਜਗਦੀਪ ਕੰਬੋਜ ਗੋਲਡੀ ਨੇ ਆਖਿਆ ਕਿ ਐਮ.ਐਫ ਰੋਡ ਤੋਂ ਹੌਜ ਖਾਸ ਲਗਭਗ ਲਗਭਗ 26 ਕਿਮੀ ਲੰਬਾਈ, ਕੁੱਲ ਲਾਗਤ ਕਰੀਬ 511.81 ਲੱਖ ਰੁਪਏ, ਜੰਡ ਵਾਲਾ ਭੀਮੇਸ਼ਾਹ ਰੋਡ ਕਰੀਬ 232.49 ਲੱਖ ਰੁਪਏ,ਐਮ.ਐਫ ਰੋਡ ਤੋਂ ਡੀ.ਐਚ ਐਸ.ਰੋਡ (ਸਦਰਾਨਾ ਨਹਿਰ ) ਕਰੀਬ 427.5 ਲੱਖ ਰੁਪਏ ਨਾਲ ਕਈ ਸੜਕਾਂ ਪਿੰਡਾਂ ਨੂੰ ਮੰਡੀਆਂ, ਢਾਣੀਆਂ ਅਤੇ ਮੁੱਖ ਸੜਕਾਂ ਨਾਲ ਜੋੜਨ ਲਈ ਬਣਾਈਆਂ ਜਾਣਗੀਆਂ ਅਤੇ ਨਹਿਰਾਂ ਦੇ ਨਾਲ ਲੱਗਦੀਆਂ ਸੜਕਾਂ ਨੂੰ ਵੀ ਅਪਗ੍ਰੇਡ ਕੀਤਾ ਜਾ ਰਿਹਾ ਹੈ, ਜਿਸ ਨਾਲ ਆਵਾਜਾਈ ਸੁਵਿਧਾ ਵਧੇਗੀ। ਵਿਧਾਇਕ ਨੇ ਕਿਹਾ ਕਿ ਇਹ ਸਾਰੇ ਪ੍ਰੋਜੈਕਟ ਹਲਕੇ ਦੇ ਵਿਕਾਸ ਨੂੰ ਨਵੀਂ ਰਫ਼ਤਾਰ ਦੇਣਗੇ ਅਤੇ ਪਿੰਡਾਂ ਦੀ ਕਨੈਕਟਿਵਿਟੀ ਮਜ਼ਬੂਤ ਹੋਵੇਗੀ। ਉਨ੍ਹਾਂ ਦੱਸਿਆ ਕਿ ਕੰਮ ਤਹਿ ਸ਼ੁਦਾ ਯੋਜਨਾ ਅਨੁਸਾਰ ਸ਼ੁਰੂ ਕੀਤਾ ਜਾਵੇਗਾ ਅਤੇ ਲੋਕਾਂ ਨੂੰ ਬਿਹਤਰ ਸੜਕ ਸਹੂਲਤਾਂ ਦਿੱਤੀਆਂ ਜਾਣਗੀਆਂ। ਵਿਧਾਇਕ ਗੋਲਡੀ ਨੇ ਆਖਿਆ ਕਿ ਕੁੱਲ ਮਿਲਾ ਕੇ ਇਹ ਪ੍ਰੋਜੈਕਟ ਜਲਾਲਾਬਾਦ ਹਲਕੇ ਲਈ ਇੱਕ ਵੱਡਾ ਇਨਫਰਾਸਟਰਕਚਰ ਬੂਸਟ ਮੰਨਿਆ ਜਾ ਰਿਹਾ ਹੈ।ਵਿਧਾਇਕ ਨੇ ਆਖਿਆ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਪਿੰਡਾਂ ਦੇ ਵਿਕਾਸ ਵਿੱਚ ਵੱਡਾ ਦਾਅਵਾ ਕੀਤਾ ਗਿਆ ਹੈ।

ਉਨ੍ਹਾਂ ਕਿਹਾ ਕਿ ਸਾਲ 1995 ਤੋਂ 2025 ਤੱਕ ਇੰਨੀਆਂ ਸੜਕਾਂ ਨਹੀਂ ਬਣ ਸਕੀਆਂ ਉਸ ਤੋਂ ਵੀ ਵੱਧ ਕੰਮ ਸਿਰਫ਼ ਚਾਰ ਸਾਲਾਂ ਦੇ ਕਾਰਜਕਾਲ ਦੌਰਾਨ ਕੀਤਾ ਗਿਆ ਹੈ। ਵਿਧਾਨ ਸਭਾ ਹਲਕਾ ਜਲਾਲਾਬਾਦ ਅਤੇ ਅਰਨੀਵਾਲਾ ਵਿੱਚ ਪਿੰਡਾਂ ਦੀਆਂ ਢਾਣੀਆਂ, ਨਹਿਰਾਂ ਦੇ ਨਾਲ-ਨਾਲ ਅਤੇ ਅੰਦਰੂਨੀ ਲਿੰਕ ਰੋਡਾਂ ਦਾ ਵਿਆਪਕ ਜਾਲ ਤਿਆਰ ਕੀਤਾ ਗਿਆ ਹੈ ਇਸ ਨਾਲ ਦੂਰਦਰਾਜ਼ ਪਿੰਡਾਂ ਨੂੰ ਮੁੱਖ ਸੜਕਾਂ ਨਾਲ ਜੋੜਨ ਵਿੱਚ ਵੱਡੀ ਸਹੂਲਤ ਮਿਲੀ ਹੈ। ਵਿਧਾਇਕ ਜਗਦੀਪ ਕੰਬੋਜ ਗੋਲਡੀ ਨੇ ਆਖਿਆ ਕਿ ਪਿੰਡਾਂ ਦੀਆਂ ਢਾਣੀਆਂ ਅਤੇ ਨਹਿਰਾਂ ਦੇ ਨਾਲ ਸੜਕਾਂ ਦਾ ਨਿਰਮਾਣ ਕਿਸਾਨਾਂ ਲਈ ਖੇਤਾਂ ਤੱਕ ਆਸਾਨ ਪਹੁੰਚ, ਆਵਾਜਾਈ ਪ੍ਰਣਾਲੀ ਵਿੱਚ ਵੱਡਾ ਸੁਧਾਰ ਅਤੇ ਪਿੰਡਾਂ ਦੀ ਕਨੈਕਟਿਵਿਟੀ ਪਹਿਲਾਂ ਨਾਲੋਂ ਕਈ ਗੁਣਾ ਮਜ਼ਬੂਤ ਹੋਵੇਗਾ ਇਹ ਸੜਕਾਂ ਸਿਰਫ਼ ਆਵਾਜਾਈ ਲਈ ਹੀ ਨਹੀਂ, ਸਗੋਂ ਪਿੰਡਾਂ ਦੀ ਆਰਥਿਕ ਤਰੱਕੀ ਲਈ ਵੀ ਮਹੱਤਵਪੂਰਨ ਸਾਬਤ ਹੋ ਰਹੀਆਂ ਹਨ। ਉਨ੍ਹਾਂ ਆਖਿਆ ਕਿ ਕੁੱਲ ਮਿਲਾ ਕੇ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਚਲਾਇਆ ਗਿਆ ਇਹ ਸੜਕ ਨਵੀਨੀਕਰਨ ਮੁਹਿੰਮ ਪਿੰਡਾਂ ਦੀ ਤਸਵੀਰ ਬਦਲਣ ਵੱਲ ਇੱਕ ਵੱਡਾ ਕੱਦਮ ਮੰਨਿਆ ਜਾ ਰਿਹਾ ਹੈ।

ਹਲਕੇ ਵਿੱਚ ਵਿਕਾਸ ਕਾਰਜਾਂ ਨੂੰ ਲੈ ਕੇ ਹੋ ਰਹੀ ਗੱਲਬਾਤ ਦੌਰਾਨ ਜਦੋਂ ਬਾਈਪਾਸ ਪ੍ਰੋਜੈਕਟ ਬਾਰੇ ਵਿਧਾਇਕ ਜਗਦੀਪ ਕੰਬੋਜ ਗੋਲਡੀ ਨੂੰ ਪੁੱਛਿਆ ਗਿਆ ਤਾਂ ਉਨ੍ਹਾਂ ਦੱਸਿਆ ਕਿ ਜਲਾਲਾਬਾਦ ਬਾਈਪਾਸ ਦਾ ਨਿਰਮਾਣ ਕੰਮ ਜਲਦੀ ਹੀ ਸ਼ੁਰੂ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਬਾਈਪਾਸ ਬਣਨ ਨਾਲ ਸ਼ਹਿਰ ਦੇ ਅੰਦਰ ਟ੍ਰੈਫਿਕ ਘੱਟੇਗਾ ਅਤੇ ਬਾਹਰੀ ਵਾਹਨਾਂ ਨੂੰ ਸਿੱਧਾ ਰਸਤਾ ਮਿਲੇਗਾ, ਜਿਸ ਨਾਲ ਲੋਕਾਂ ਨੂੰ ਵੱਡੀ ਰਾਹਤ ਮਿਲੇਗੀ।

# ਧੂਰੀ ਸ਼ਹਿਰ ਚ 2.28 ਕਰੋੜ ਰੁਪਏ ਦੇ ਸੁੰਦਰੀਕਰਨ ਤੇ ਵਿਕਾਸ ਕਾਰਜਾਂ ਦੀ ਹੋਈ ਸ਼ੁਰੂਆਤ

**ਧੂਰੀ, 17 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਧੂਰੀ ਸ਼ਹਿਰ ਨੂੰ ਸੁੰਦਰ, ਸਾਫ-ਸੁਥਰਾ ਅਤੇ ਆਧੁਨਿਕ ਸ਼ਹਿਰ ਬਣਾਉਣ ਦੇ ਮੰਤਵ ਨਾਲ ਅੱਜ ਲਗਭਗ 2.28 ਕਰੋੜ ਰੁਪਏ ਦੇ ਸੁੰਦਰੀਕਰਨ ਅਤੇ ਵੱਖ-ਵੱਖ ਵਿਕਾਸ ਕਾਰਜਾਂ ਦੀ ਸ਼ੁਰੂਆਤ ਕੀਤੀ ਗਈ। ਇਸ ਮੌਕੇ ਪੰਜਾਬ ਲਘੂ ਉਦਯੋਗ ਤੇ ਨਿਰਯਾਤ ਨਿਗਮ ਦੇ ਚੇਅਰਮੈਨ ਦਲਬੀਰ ਸਿੰਘ ਢਿੱਲੋਂ, ਮਾਰਕਿਟ ਕਮੇਟੀ ਧੂਰੀ ਦੇ ਚੇਅਰਮੈਨ ਰਾਜਵੰਤ ਸਿੰਘ ਘੁੱਲੀ ਅਤੇ ਮੈਂਬਰ ਵਕਫ਼ ਬੋਰਡ ਡਾ. ਅਨਵਰ ਭਸੌੜ ਵੱਲੋਂ ਵਿਸ਼ੇਸ਼ ਤੌਰ 'ਤੇ ਹਾਜ਼ਰੀ ਭਰਦੇ ਹੋਏ ਇਨ੍ਹਾਂ ਪ੍ਰੋਜੈਕਟਾਂ ਦੀ ਸ਼ੁਰੂਆਤ ਕਰਵਾਈ ਗਈ।ਇਸ ਮੌਕੇ ਗੱਲਬਾਤ ਕਰਦਿਆਂ ਚੇਅਰਮੈਨ ਦਲਬੀਰ ਸਿੰਘ ਢਿੱਲੋਂ ਤੇ ਰਾਜਵੰਤ ਸਿੰਘ ਘੁੱਲੀ ਨੇ ਦੱਸਿਆ ਕਿ ਸ਼ਹਿਰ ਦੇ ਵਾਰਡ ਨੰਬਰ 1 ਵਿੱਚ ਲਗਭਗ 1.34 ਕਰੋੜ ਰੁਪਏ ਦੀ ਲਾਗਤ ਨਾਲ ਇੱਕ ਆਧੁਨਿਕ ਸਹੂਲਤਾਂ ਨਾਲ ਲੈਸ ਨੇਚਰ ਪਾਰਕ ਬਣਾਇਆ ਜਾ ਰਿਹਾ ਹੈ। ਇਸ ਪਾਰਕ ਵਿੱਚ ਗਰੀਨ ਏਰੀਆ, ਵਾਕਿੰਗ ਟ੍ਰੈਕ, ਬੱਚਿਆਂ ਲਈ ਖੇਡਣ ਵਾਲੇ ਝੂਲੇ, ਬੈਠਣ ਲਈ ਬੈਂਚਾਂ ਅਤੇ ਸੁੰਦਰ ਲਾਈਟਿੰਗ ਕੀਤੀ ਜਾਵੇਗੀ, ਜਿਸ ਨਾਲ ਇਹ ਥਾਂ ਸਵੇਰੇ-ਸ਼ਾਮ ਸੈਰ ਕਰਨ ਵਾਲਿਆਂ ਅਤੇ ਪਰਿਵਾਰਾਂ ਲਈ ਖਾਸ ਖਿੱਚ ਦਾ ਕੇਂਦਰ ਬਣੇਗੀ।ਉਨ੍ਹਾਂ ਦੱਸਿਆ ਕਿ ਇਸ ਤੋਂ ਇਲਾਵਾ ਧੂਰੀ ਸ਼ਹਿਰ ਦੇ ਵਾਰਡ ਨੰਬਰ 21 ਵਿੱਚ 90 ਲੱਖ ਰੁਪਏ ਦੀ ਲਾਗਤ ਨਾਲ ਇੰਟਰਲਾਕ ਟਾਈਲਾਂ ਲਗਾਉਣ ਸਮੇਤ ਹੋਰ ਬੁਨਿਆਦੀ ਢਾਂਚੇ ਨਾਲ ਸੰਬੰਧਤ ਕਾਰਜ ਵੀ ਸ਼ੁਰੂ ਕੀਤੇ ਗਏ ਹਨ।



ਚੇਅਰਮੈਨ ਦਲਬੀਰ ਸਿੰਘ ਢਿੱਲੋਂ ਅਤੇ ਰਾਜਵੰਤ ਸਿੰਘ ਘੁੱਲੀ ਨੇ ਕਿਹਾ ਕਿ ਧੂਰੀ ਸ਼ਹਿਰ ਨੂੰ ਇੱਕ ਨਮੂਨੇ ਦੇ ਸ਼ਹਿਰ ਵਜੋਂ ਵਿਕਸਤ ਕਰਨ ਲਈ ਸਰਕਾਰ ਵੱਲੋਂ ਜੰਗੀ ਪੱਧਰ 'ਤੇ ਕੰਮ ਜਾਰੀ ਹੈ। ਉਨ੍ਹਾਂ ਕਿਹਾ ਕਿ ਲੋਕਾਂ ਦੀਆਂ ਜ਼ਰੂਰਤਾਂ ਨੂੰ ਧਿਆਨ ਵਿੱਚ ਰੱਖਦਿਆਂ ਵਿਕਾਸ ਕਾਰਜਾਂ ਨੂੰ ਤਰਜੀਹ ਦਿੱਤੀ ਜਾ ਰਹੀ ਹੈ ਅਤੇ ਹਰ ਪ੍ਰੋਜੈਕਟ ਨੂੰ ਸਮੇਂ ਸਿਰ ਅਤੇ ਉੱਚ ਗੁਣਵੱਤਾ ਨਾਲ ਪੂਰਾ ਕਰਨ ਲਈ ਪੰਜਾਬ ਸਰਕਾਰ ਵਚਨਬੱਧ ਹੈ।

ਉਨ੍ਹਾਂ ਇਹ ਵੀ ਕਿਹਾ ਕਿ ਸ਼ਹਿਰ ਦੇ ਵਿਕਾਸ ਲਈ ਆਉਣ ਵਾਲੇ ਸਮੇਂ ਵਿੱਚ ਹੋਰ ਵੀ ਵੱਡੇ ਪ੍ਰੋਜੈਕਟ ਲਿਆਂਦੇ ਜਾਣਗੇ, ਤਾਂ ਜੋ ਧੂਰੀ ਨੂੰ ਆਧੁਨਿਕ ਸਹੂਲਤਾਂ ਨਾਲ ਲੈਸ ਬਣਾਇਆ ਜਾ ਸਕੇ। ਉਨ੍ਹਾਂ ਨੇ ਸ਼ਹਿਰ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਵੀ ਇਨ੍ਹਾਂ ਵਿਕਾਸ ਕਾਰਜਾਂ ਵਿੱਚ ਸਹਿਯੋਗ ਦੇਣ ਅਤੇ ਸ਼ਹਿਰ ਦੀ ਸਫ਼ਾਈ ਅਤੇ ਸੁੰਦਰਤਾ ਨੂੰ ਬਣਾਈ ਰੱਖਣ ਵਿੱਚ ਆਪਣਾ ਯੋਗਦਾਨ ਪਾਉਣ।ਇਸ ਮੌਕੇ ਡਾਇਰੈਕਟਰ ਲਘੂ ਉਦਯੋਗ ਅਨਿਲ ਮਿੱਤਲ, ਡਾਇਰੈਕਟਰ ਜਸਪਾਲ ਸਿੰਘ ਭੁੱਲਰ, ਬਲਾਕ ਧੂਰੀ ਦੇ ਚੇਅਰਮੈਨ ਰਣਜੋਧ ਸਿੰਘ, ਪੁਸ਼ਪਿੰਦਰ ਸ਼ਰਮਾ, ਨਵਰਾਜ ਮੌਜੂਦ ਸਨ।

# ਜ਼ਿਲ੍ਹਾ ਨਸ਼ਾ ਮੁਕਤੀ ਮੁੜ ਵਸੇਬਾ ਕੇਂਦਰ 'ਚ ਕਰਾਈਆਂ ਸਾਲਾਨਾ ਖੇਡਾਂ

**ਹੁਸ਼ਿਆਰਪੁਰ, 17 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਸਾਲਾਨਾ ਖੇਡਾਂ ਮੌਕੇ ਮੁੱਖ ਮਹਿਮਾਨ ਵਜੋਂ ਪਹੁੰਚੇ ਡਿਪਟੀ ਮੈਡੀਕਲ ਕਮਿਸ਼ਨਰ ਡਾ. ਸਵਾਤੀ ਸ਼ੀਮਾਰ ਨੇ ਸਭ ਨੂੰ ਵਿਸਾਖੀ ਦੀਆਂ ਮੁਬਾਰਕਾਂ ਦਿੰਦਿਆਂ ਕਿਹਾ ਕਿ ਨਸ਼ਾ ਮੁਕਤ ਸਮਾਜ ਦੀ ਸਿਰਜਣਾ ਲਈ ਨੌਜਵਾਨਾਂ ਨੂੰ ਜਾਗਰੂਕ ਕਰਨਾ ਸਮੇਂ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਖੇਡਾਂ ਸਾਨੂੰ ਮਾਨਸਿਕ ਅਤੇ ਸਰੀਰਕ ਤੌਰ 'ਤੇ ਤੰਦਰੁਸਤ ਰੱਖਦੀਆਂ ਹਨ ਜਿਸ ਲਈ ਆਪਣੇ ਜੀਵਨ ਵਿਚ ਖੇਡਾਂ ਨੂੰ ਅਪਣਾਉਣਾ ਬਹੁਤ ਲਾਜ਼ਮੀ ਹੈ। ਡਾ. ਜਸਲੀਨ ਕੌਰ ਦੀ ਪ੍ਰਧਾਨਗੀ ਹੇਠ ਕਰਵਾਏ ਇਸ ਪ੍ਰੋਗਰਾਮ ਦੌਰਾਨ ਕੇਂਦਰ ਦੇ ਇਨਮੇਟਸ ਅਤੇ ਸਟਾਫ ਦੀਆਂ ਇੰਡੋਰ ਅਤੇ ਵਿਰਾਸਤੀ ਖੇਡਾਂ ਕਰਵਾਈਆਂ ਗਈਆ।

# ਸਾਰੇ ਬਲਾਕਾਂ ਦੇ ਗਿਆ ਅਰਲੀ ਚਾਈਲਡਹੁੱਡ ਕੇਅਰ ਐਂਡ ਐਜੂਕੇਸ਼ਨ' ਡ

**ਗੁਰਦਾਸਪੁਰ, 17 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਗੁਰਦਾਸਪੁਰ ਦੇ ਵੱਖ-ਵੱਖ ਬਲਾਕਾਂ ਦੇ ਸਾਰੇ ਆਂਗਣਵਾੜੀ ਕੇਂਦਰਾਂ ਵਿੱਚ ਅਪ੍ਰੈਲ ਮਹੀਨੇ ਵਿੱਚ ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ ਪੰਜਾਬ ਦੀਆ ਹਦਾਇਤਾ ਅਤੇ ਜ਼ਿਲ੍ਹਾ ਪ੍ਰੋਗਰਾਮ ਅਫਸਰ ਜਸਮੀਤ ਕੌਰ ਦੀ ਅਗਵਾਈ ਹੇਠ ਆਂਗਣਵਾੜੀ ਸੈਂਟਰਾ ਵਿੱਚ 'ਅਰਲੀ ਚਾਈਲਡਹੁੱਡ ਕੇਅਰ ਐਂਡ ਐਜੂਕੇਸ਼ਨ' ਦਿਵਸ ਮਨਾਇਆ ਗਿਆ।

ਇਸ ਮੌਕੇ ਬੱਚਿਆਂ ਲਈ ਵੱਖ-ਵੱਖ ਸਿਖਿਆਤਮਕ ਤੇ ਮਨੋਰੰਜਨ, ਗਤੀਵਿਧੀਆ ਜਿਵੇ ਚਿੱਤਰਕਾਰੀ ਮੁਕਾਬਲੇ, ਕਵਿਤਾ ਪਾਠ, ਕਹਾਣੀਆ ਸੁਣਾਉਣ, ਖੇਡਾ ਅਤੇ ਮਾਵਾਂ ਨੂੰ ਬੱਚਿਆ ਦੀ ਸਿਹਤ, ਪੋਸ਼ਣਣ ਸਫਾਈ ਅਤੇ ਟੀਕਕਰਣ ਬਾਰੇ ਵੀ ਵਿਸਥਾਰ ਨਾਲ ਜਾਣਕਾਰੀ ਦਿੱਤੀ ਗਈ।

ਆਂਗਣਵਾੜੀ ਵਰਕਰਾਂ ਵੱਲੋ ਮਾਵਾਂ ਨੂੰ ਗਰਭਵਸਥਾ ਦੌਰਾਨ ਸਹੀ ਖੁਰਾਕ, ਸਿਹਤ ਜਾਂਚ, ਆਇਰਨ ਅਤੇ ਫੋਲਿਕ ਐਸਿਡ ਦੀ ਮਹੱਤਤਾ ਬਾਰੇ ਜਾਣਕਾਰੀ ਸਾਝੀ ਕੀਤੀ ਗਈ

ਇਸ ਮੌਕੇ ਗਤੀਵਿਧੀਆ ਦੌਰਾਨ ਕਲਾਸਰੂਮ ਸੈਸ਼ਨਾਂ ਰਾਹੀ ਸਫਾਈ, ਅਨੁਸਾਸਨ, ਆਪਸੀ ਸਹਿਯੋਗ ਅਤੇ ਨੈਤਿਕ ਮੁੱਲਾ ਬਾਰੇ ਜਾਣਕਾਰੀ ਦਿੱਤੀ ਗਈ। ਆਂਗਣਵਾੜੀ ਵਰਕਰਾ ਵੱਲੋ ਬੱਚਿਆ ਨੂੰ ਪਿਆਰ ਭਰੇ ਢੰਗ ਨਾਲ ਸਿੱਖਣ ਅਤੇ ਚੰਗੀਆ ਆਦਤਾਂ ਅਪਣਾਉਣ ਲਈ ਪ੍ਰੇਰਿਤ ਕੀਤਾ ਗਿਆ।

ਇਸ ਮੌਕੇ ਬੱਚਿਆਂ ਨੂੰ ਆਪਣੇ ਮਾਨਸਿਕ ਸਰੀਰਕ ਵਿਕਾਸ ਉੱਤੇ ਖਾਸ ਧਿਆਨ ਦੇਣ ਲਈ ਜਾਗੂਰਕ ਕੀਤਾ ਗਿਆ ਅਤੇ ਇਸ ਤਰ੍ਹਾ ਦੀਆ ਗਤੀਵਿਧੀਆ ਬੱਚਿਆਂ ਦੇ ਸਮੁੱਚੇ ਵਿਕਾਸ ਬੋਧਿਕ, ਭਾਵਨਾਤਮਕ ਤੇ ਸਮਾਜਿਕ ਪੱਖਾਂ ਨੂੰ ਮਜ਼ਬੂਤ ਕਰਨ ਵਿੱਚ ਮਦਦਗਾਰ ਸਾਬਤ ਹੁੰਦੀਆ ਹਨ ।

# ਸਾਜ਼ ਔਰ ਆਵਾਜ਼ ਕਲੱਬ ਪਟਿਆਲਾ ਨੇ ਕਰਵਾਇਆ ਇੱਕ ਹੋਰ ਸੰਗੀਤ ਭਰਿਆ ਸ਼ਾਨਦਾਰ ਪ੍ਰੋਗਰਾਮ

**ਪਟਿਆਲਾ, 17 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼ਾਹੀ ਸ਼ਹਿਰ ਪਟਿਆਲਾ ਇੱਕ ਵਾਰ ਫਿਰ ਸੰਗੀਤ ਦੇ ਰੰਗਾਂ ਵਿੱਚ ਰੰਗਿਆ ਨਜ਼ਰ ਆਇਆ, ਜਦੋਂ ਸਾਜ਼ ਔਰ ਆਵਾਜ਼ ਕਲੱਬ ਵੱਲੋਂ ਮੋਦੀ ਕਾਲਜ ਆਡੀਟੋਰੀਅਮ ਵਿੱਚ ਸੁਰੋਂ ਕਾ ਸੰਗਮ ਸਿਰਲੇਖ ਅਧੀਨ ਸ਼ਾਨਦਾਰ ਸੰਗੀਤਕ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ। ਕਰਾਓਕੇ ਅਧਾਰਤ ਇਸ ਸਮਾਗਮ ਨੇ ਲਗਾਤਾਰ ਕਰੀਬ ਪੰਜ ਘੰਟਿਆਂ ਤੱਕ ਦਰਸ਼ਕਾਂ ਨੂੰ ਸੁਰ, ਤਾਲ ਅਤੇ ਭਾਵਨਾ ਦੇ ਸੁੰਦਰ ਮਿਲਾਪ ਨਾਲ ਮੋਹਿਤ ਰੱਖਿਆ।




ਪ੍ਰੋਗਰਾਮ ਦੀ ਸ਼ੁਰੂਆਤ ਤੋਂ ਅੰਤ ਤੱਕ ਮੰਚ 'ਤੇ ਇਕ ਤੋਂ ਵੱਧ ਕੇ ਇਕ ਵਧੀਆ ਪ੍ਰਦਰਸ਼ਨ ਪੇਸ਼ ਕੀਤਾ ਗਿਆ। ਪ੍ਰਤਿਭਾਸ਼ਾਲੀ ਤੇ ਨਵੇਂ ਗਾਇਕਾਂ ਨੇ ਪੁਰਾਣੇ ਤੇ ਨਵੇਂ ਗੀਤਾਂ ਨੂੰ ਆਪਣੀ ਸੁਰੀਲੀ ਆਵਾਜ਼ ਨਾਲ ਇੰਨਾ ਖ਼ੂਬਸੂਰਤ ਢੰਗ ਨਾਲ ਪੇਸ਼ ਕੀਤਾ ਕਿ ਹਾਲ ਵਾਰ ਵਾਰ ਤਾੜੀਆਂ ਨਾਲ ਗੂੰਜ ਉਠਿਆ। ਸੰਗੀਤ ਪ੍ਰੇਮੀਆਂ ਅਤੇ ਮਹਿਮਾਨਾਂ ਨੇ ਵੀ ਇਸ ਰੰਗਾਰੰਗ ਮਹਿਫ਼ਲ ਦਾ ਪੂਰਾ ਆਨੰਦ ਮਾਣਿਆ।

ਇਸ ਸਮਾਗਮ ਦੀ ਖਾਸ ਗੱਲ ਇਹ ਰਹੀ ਕਿ ਤਜ਼ਰਬੇਕਾਰ ਕਲਾਕਾਰਾਂ ਦੇ ਨਾਲ-ਨਾਲ ਨੌਜਵਾਨ ਵਿਦਿਆਰਥੀ ਗਾਇਕਾਂ ਨੇ ਵੀ ਆਪਣੇ ਹੁਨਰ ਦਾ ਸ਼ਾਨਦਾਰ ਪ੍ਰਦਰਸ਼ਨ ਕੀਤਾ। ਉਨ੍ਹਾਂ ਦੀਆਂ ਤਾਜ਼ਗੀ ਭਰੀਆਂ ਪੇਸ਼ਕਾਰੀਆਂ ਨੇ ਪ੍ਰੋਗਰਾਮ ਵਿੱਚ ਨਵੀਂ ਊਰਜਾ ਭਰ ਦਿੱਤੀ ਅਤੇ ਦਰਸ਼ਕਾਂ ਦਾ ਖਾਸ ਧਿਆਨ ਖਿੱਚਿਆ।

ਸਮਾਗਮ ਦੀ ਸਫਲਤਾ ਵਿੱਚ ਮੁਲਤਾਨੀ ਮੱਲ ਮੋਦੀ ਕਾਲਜ ਦੇ ਪ੍ਰਿੰਸੀਪਲ ਨੀਰਜ ਗੋਇਲ, ਡਾ. ਹਬੀਬ ਅਤੇ ਪ੍ਰੋਫੈਸਰ ਹਰਮੋਹਨ ਸ਼ਰਮਾ ਦੇ ਵਿਸ਼ੇਸ਼ ਸਹਿਯੋਗ ਦੀ ਵੀ ਸ਼ਲਾਘਾ ਕੀਤੀ। ਕਲੱਬ ਵੱਲੋਂ ਵੀ ਸਾਰੇ ਸਹਿਯੋਗੀਆਂ ਦਾ ਦਿਲੋਂ ਧੰਨਵਾਦ ਕੀਤਾ ਗਿਆ।

ਇਸ ਮੌਕੇ 'ਤੇ ਰੇਲ ਮੰਤਰਾਲੇ ਦੇ ਸੱਭਿਆਚਾਰਕ ਸਕੱਤਰ ਮਨੋਜ ਕੁਮਾਰ ਆਪਣੀ ਪਤਨੀ ਸ਼੍ਰੀਮਤੀ ਬਬੀਤਾ ਦੇ ਨਾਲ ਮੁੱਖ ਮਹਿਮਾਨ ਵਜੋਂ ਹਾਜ਼ਰ ਸਨ। ਉਨ੍ਹਾਂ ਨੇ ਕਲਾਕਾਰਾਂ ਦੀ ਹੌਸਲਾ ਅਫਜ਼ਾਈ ਕਰਦਿਆਂ ਕਿਹਾ ਕਿ ਅਜਿਹੇ ਸਮਾਗਮ ਸਮਾਜ ਵਿੱਚ ਸਕਾਰਾਤਮਕ ਊਰਜਾ ਫੈਲਾਉਂਦੇ ਹਨ ਅਤੇ ਨੌਜਵਾਨਾਂ ਨੂੰ ਆਪਣੀ ਪ੍ਰਤਿਭਾ ਨਿਖਾਰਨ ਲਈ ਮੰਚ ਪ੍ਰਦਾਨ ਕਰਦੇ ਹਨ।

ਇਸ ਤੋਂ ਇਲਾਵਾ, ਰਾਸ਼ਟਰੀ ਪੁਰਸਕਾਰ ਨਾਲ ਸਨਮਾਨਤ ਪੱਤਰਕਾਰ ਤੇ ਨਿਊਜ਼ਲਾਈਨ ਐਕਸਪ੍ਰੈਸ ਅਖਬਾਰ ਸਮੂਹ ਦੇ ਸੰਪਾਦਕ ਅਸ਼ੋਕ ਵਰਮਾ ਵੀ ਵਿਸ਼ੇਸ਼ ਤੌਰ 'ਤੇ ਮੌਜੂਦ ਰਹੇ।

ਪੂਰੇ ਪ੍ਰੋਗਰਾਮ ਦੌਰਾਨ ਮਹਿਮਾਨਾਂ ਦੇ ਸਵਾਗਤ ਤੋਂ ਲੈ ਕੇ ਚਾਹ-ਪਾਣੀ ਅਤੇ ਰਿਫਰੈਸ਼ਮੈਂਟ ਤੱਕ ਹਰ ਇਕ ਪ੍ਰਬੰਧ ਸੁਚੱਜੇ ਢੰਗ ਨਾਲ ਕੀਤਾ ਗਿਆ, ਜਿਸ ਨਾਲ ਹਾਜ਼ਰੀਨਾਂ ਨੂੰ ਕਿਸੇ ਵੀ ਤਰ੍ਹਾਂ ਦੀ ਅਸੁਵਿਧਾ ਦਾ ਸਾਹਮਣਾ ਨਹੀਂ ਕਰਨਾ ਪਿਆ। ਕਲੱਬ ਦੇ ਜਨਰਲ ਸਕੱਤਰ ਰਾਜ ਕੁਮਾਰ ਨੇ ਆਪਣੇ ਸੰਬੋਧਨ ਵਿੱਚ ਸਾਰੇ ਕਲਾਕਾਰਾਂ, ਮਹਿਮਾਨਾਂ ਅਤੇ ਸੰਗੀਤ ਪ੍ਰੇਮੀਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਪਟਿਆਲਾ ਵਿੱਚ ਸੰਗੀਤ ਸਿਰਫ਼ ਮਨੋਰੰਜਨ ਨਹੀਂ, ਸਗੋਂ ਲੋਕਾਂ ਦੇ ਦਿਲਾਂ ਨਾਲ ਜੁੜਿਆ ਇੱਕ ਜਜ਼ਬਾ ਹੈ। ਉਨ੍ਹਾਂ ਨੇ ਨੌਜਵਾਨ ਪ੍ਰਤਿਭਾਵਾਂ ਦੀ ਖ਼ੂਬ ਪ੍ਰਸ਼ੰਸਾ ਕਰਦਿਆਂ ਕਿਹਾ ਕਿ ਭਵਿੱਖ ਇਨ੍ਹਾਂ ਸੰਗੀਤਕ ਸਿਤਾਰਿਆਂ ਦਾ ਹੈ।

ਅੰਤ ਵਿੱਚ ਸਾਜ਼ ਔਰ ਆਵਾਜ਼ ਕਲੱਬ ਦੇ ਮੈਂਬਰਾਂ ਨੇ ਸਾਰੇ ਕਲਾਕਾਰਾਂ ਦੀ ਪ੍ਰਸ਼ੰਸਾ ਕਰਦਿਆਂ ਭਵਿੱਖ ਵਿੱਚ ਹੋਰ ਵੀ ਅਜਿਹੇ ਯਾਦਗਾਰੀ ਅਤੇ ਉੱਚ-ਪੱਧਰੀ ਦੇ ਸਮਾਗਮ ਕਰਵਾਉਣ ਦਾ ਸੰਕਲਪ ਦੁਹਰਾਇਆ।

ਇਹ ਸਮਾਗਮ ਸਿਰਫ਼ ਇੱਕ ਪ੍ਰੋਗਰਾਮ ਨਹੀਂ, ਸਗੋਂ ਸੰਗੀਤ ਦੀ ਇੱਕ ਦਿਲਕਸ਼ ਯਾਤਰਾ ਸਾਬਤ ਹੋਇਆ, ਜਿਸਦੀ ਗੂੰਜ ਲੰਮੇ ਸਮੇਂ ਤੱਕ ਦਿਲਾਂ ਵਿੱਚ ਰਹੇਗੀ।

# ਝਾੜ ਸਾਹਿਬ ਕਾਲਜ ਵਿਖੇ 'ਮਾਨਸਿਕ ਸਿਹਤ' ਤੇ ਵਰਕਸ਼ਾਪ ਕਰਵਾਈ




**ਮਾਛੀਵਾੜਾ ਸਾਹਿਬ, 17 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਪ੍ਰਬੰਧ ਅਧੀਨ ਚੱਲ ਰਹੀ ਇਲਾਕੇ ਦੀ ਸਿਰਮੌਰ ਸੰਸਥਾ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਫ਼ਾਰ ਵਿਮੈਨ ਝਾੜ ਸਾਹਿਬ ਦੇ ਪ੍ਰਿੰਸੀਪਲ ਡਾ.ਰਜਿੰਦਰ ਕੌਰ ਦੀ ਯੋਗ ਅਗਵਾਈ ਹੇਠ ਕਾਲਜ ਦੇ ਪਲੇਸਮੈਂਟ ਸੈੱਲ ਵੱਲੋਂ ਕਾਲਜ ਵਿਖੇ 'ਵਰਲਡ ਹੈਲਥ ਡੇ' ਨੂੰ ਸਮਰਪਿਤ 'ਮਾਨਸਿਕ ਸਿਹਤ' ਵਿਸ਼ੇ ਤਹਿਤ ਐਕਸਟੈਂਸ਼ਨ ਲੈਕਚਰ ਅਤੇ ਵਰਕਸ਼ਾਪ ਲਗਾਈ ਗਈ ।ਇਸ ਮੌਕੇ ਰਿਸੋਰਸ ਪਰਸਨ ਡਾ.ਰਜੇਸ਼ ਮਹਿਰਾ ਪ੍ਰੋਫੈਸਰ ਸਾਈਕੋਲੋਜੀ, ਪੰਡਿਤ ਚਿਰੰਜੀ ਲਾਲ ਸ਼ਰਮਾ ਗੌਰਮਿੰਟ ਕਾਲਜ, ਕਰਨਾਲ (ਹਰਿਆਣਾ) ਦਾ ਕਾਲਜ ਪਹੁੰਚਣ 'ਤੇ ਪ੍ਰਿੰਸੀਪਲ ਡਾ.ਰਜਿੰਦਰ ਕੌਰ, ਡਾ. ਸੁਨੀਤਾ ਕੌਸ਼ਲ ਅਤੇ ਸਟਾਫ ਮੈਂਬਰਜ ਵੱਲੋਂ ਨਿੱਘਾ ਸਵਾਗਤ ਕੀਤਾ ਗਿਆ। ਕਾਲਜ ਦੇ ਫੈਸ਼ਨ ਡਿਜ਼ਾਈਨਿੰਗ ਵਿਭਾਗ ਦੇ ਮੁੱਖੀ ਸ੍ਰੀਮਤੀ ਹਰਪ੍ਰੀਤ ਕੌਰ ਵੱਲੋਂ ਰਿਸੋਰਸ ਪਰਸਨ ਦੀ ਸਖਸ਼ੀਅਤ ਸਬੰਧੀ ਵਿਸਥਾਰ ਨਾਲ ਰੌਸ਼ਨੀ ਪਾਈ ਗਈ। ਉਪਰੰਤ ਡਾ.ਰਜੇਸ਼ ਮਹਿਰਾ ਵੱਲੋਂ ਮਾਨਸਿਕ ਸਿਹਤ ਦੀ ਪਰਿਭਾਸ਼ਾ ਦਿੰਦਿਆ, ਇਸਦੇ ਲੱਛਣਾ,ਕਾਰਨਾਂ ਅਤੇ ਇਲਾਜ ਸਬੰਧੀ ਪੀ.ਪੀ.ਟੀ ਰਾਹੀਂ ਵਿਦਿਆਰਥਣਾਂ ਨੂੰ ਜਾਣਕਾਰੀ ਦਿੰਦਿਆ ਕਿਹਾ ਕਿ ਸਾਨੂੰ ਜਿੰਦਗੀ ਵਿੱਚ ਸਾਕਾਰਾਤਮਕ ਸੋਚ ਦੇ ਧਾਰਨੀ ਹੋਣਾ ਚਾਹੀਦਾ ਹੈ।ਇਸ ਨਾਲ ਹੀ ਡਿਪਰੈਸ਼ਨ, ਚਿੰਤਾ ਅਤੇ ਸਟਰੈਸ ਤੋਂ ਬਚਿਆ ਜਾ ਸਕਦਾ ਹੈ। ਉਨ੍ਹਾਂ ਨੇ ਇਹ ਵੀ ਦੱਸਿਆ ਕਿ ਡਬਲਯੂ,ਐੱਚ.ਓ ਦੇ ਰਿਕਾਰਡ ਅਨੁਸਾਰ 13 ਸਾਲ ਤੋਂ 19 ਸਾਲ ਉਮਰ ਤੱਕ ਲੜਕਿਆਂ ਵਿੱਚ ਡਿਪਰੈਸ਼ਨ ਲੜਕੀਆਂ ਨਾਲੋਂ ਜਿਆਦਾ ਹੁੰਦਾ ਹੈ।ਡਿਪਰੈਸ਼ਨ ਤੋਂ ਬਚਣ ਲਈ ਵੱਖ-ਵੱਖ ਯੋਗ ਆਸਣ ਕਰਵਾ ਕੇ ਉਨ੍ਹਾਂ ਦੀ ਜੀਵਨ ਵਿੱਚ ਸਾਰਥਿਕਤਾ ਵੀ ਦੱਸੀ ਗਈ ਹੈ।


ਇਸ ਤੋਂ ਇਲਾਵਾ ਉਨ੍ਹਾਂ ਨੇ ਅਪਣੇ ਵੱਲੋਂ ਤਿਆਰ ਕੀਤੀ ਸਰਵੇ ਰਿਪੋਰਟ ਬਾਰੇ ਵੀ ਵਿਦਿਆਰਥਣਾਂ ਨਾਲ ਵਿਚਾਰ ਸਾਂਝੇ ਕੀਤੇ। ਕਾਲਜ ਪ੍ਰਿੰਸੀਪਲ ਨੇ ਪਲੇਸਮੈਂਟ ਸੈੱਲ ਵੱਲੋਂ ਕੀਤੇ ਇਸ ਉਪਰਾਲੇ ਦੀ ਸ਼ਲਾਘਾ ਕੀਤੀ ਅਤੇ ਕਿਹਾ ਕਿ ਵਿਦਿਆਰਥਣਾਂ ਨੂੰ ਸਰੀਰਕ ਸਿਹਤ ਦੀ ਸੰਭਾਲ ਦੇ ਨਾਲ ਨਾਲ ਮਾਨਸਿਕ ਸਿਹਤ ਦੀ ਤੰਦਰੁਸਤੀ ਬਾਰੇ ਵੀ ਜਾਗਰੂਕ ਕਰਨਾ ਸਮੇਂ ਦੀ ਲੋੜ ਹੈ। ਹਰੇਕ ਵਿਆਕਤੀ ਕਿਸੇ ਨਾ ਕਿਸੇ ਪੱਖੋਂ ਇਸ ਬਿਮਾਰੀ ਨਾਲ ਜੂਝ ਰਿਹਾ ਹੈ । ਸਾਨੂੰ ਆਪਣੀ ਜਿੰਦਗੀ ਵਿੱਚ ਦ੍ਰਿੜ ਅਤੇ ਮਜਬੂਤ ਬਣਨਾ ਚਾਹੀਦਾ ਹੈ।

ਆਪਣੀ ਕਮਜੋਰ ਭਾਵਨਾ ਨਾ ਦਿਖਾ ਕੇ ਆਪਣੀਆਂ ਸਮੱਸਿਆਵਾਂ ਨੂੰ ਖ਼ੁੱਦ ਹੱਲ ਕਰਨਾ ਚਾਹੀਦਾ ਹੈ। ਉਨ੍ਹਾਂ ਨੇ ਇਹ ਵੀ ਦੱਸਿਆਂ ਕਿ ਸੰਸਥਾ ਵਿੱਚ ਵਿਦਿਆਰਥਣਾਂ ਦੇ ਸਰਵਪੱਖੀ ਵਿਕਾਸ ਲਈ ਸਮੇਂ-ਸਮੇਂ ਤੇ ਅਜਿਹੇ ਲੈਕਚਰ, ਵਰਕਸ਼ਾਪ ਅਤੇ ਸੈਮੀਨਾਰ ਵੀ ਕਰਵਾਏ ਜਾਂਦੇ ਹਨ। ਪ੍ਰੋਗਰਾਮ ਦੇ ਅੰਤ ਵਿੱਚ ਪ੍ਰੋ. ਜਸਵੀਰ ਕੌਰ ਵੱਲੋਂ ਧੰਨਵਾਦ ਕੀਤਾ ਗਿਆ। ਇਸ ਮੌਕੇ ਪਲੇਸਮੈਂਟ ਸੈੱਲ ਦੇ ਮੈਂਬਰ ਅਸਿ.ਪ੍ਰੋ. ਆਰਤੀ ਰਾਣੀ, ਅਸਿ.ਪ੍ਰੋ. ਸੁਖਦੀਪ ਕੌਰ ਵੀ ਮੌਜੂਦ ਸਨ।

# ਪੰਜਾਬ 'ਚ ਬਿਜਲੀ ਵਾਲੇ ਬਿੱਲਾਂ ਨੂੰ ਲੈ ਕੇ ਪਿਆ ਪੰਗਾ, ਪਾਵਰਕਾਮ ਦੇ ਫੈਸਲੇ ਨੇ ਵਧਾਈ ਚਿੰਤਾ

**ਕੌਮੀ ਪਤ੍ਰਿਕਾ**

ਮਲੋਟ 17 ਅਪ੍ਰੈਲ। ਪਾਵਰਕਾਮ ਵਿਭਾਗ ਵੱਲੋਂ 4 ਮਹੀਨਿਆਂ ਦੇ ਇਕੱਠੇ ਬਿੱਲ ਵਸੂਲਣ ਦੀ ਆੜ 'ਚ ਸਿੱਧੇ ਅਸਿੱਧੇ ਤੌਰ 'ਤੇ ਆਮ ਲੋਕਾਂ 'ਤੇ ਖਾਸ ਕਰਕੇ ਸ਼ਹਿਰ ਦੇ ਮੱਧ ਵਰਗੀ ਦੁਕਾਨਦਾਰਾਂ 'ਤੇ ਬੋਝ ਪਾਇਆ ਜਾ ਰਿਹਾ ਹੈ। ਇਸ ਸਬੰਧੀ ਜਿੱਥੇ ਸਰਕਾਰ ਵੱਲੋਂ 600 ਯੂਨਿਟ ਮਾਫ਼ ਦਾ ਗਣਿਤ ਗੜਬੜਾ ਗਿਆ ਅਤੇ ਕਈ ਲੋਕਾਂ ਨੂੰ ਇਸ ਦਾ ਸ਼ਿਕਾਰ ਹੋਣਾ ਪਿਆ ਹੈ। ਉੱਥੇ ਹੀ ਖਪਤਕਾਰਾਂ ਵੱਲੋਂ ਮੀਟਰ ਦੀ ਰੀਡਿੰਗ ਤੋਂ ਬਿਨਾਂ ਯੂਨਿਟ ਨੋਟ ਕਰਕੇ ਘਪਲਾ ਕਰਨ ਦਾ ਦੋਸ਼ ਲਾਇਆ ਹੈ, ਜਿਸ ਨੂੰ ਲੈ ਕੇ ਲੋਕਾਂ 'ਚ ਭਾਰੀ ਰੋਸ ਹੈ। ਇਸ ਸਬੰਧੀ ਬਲਾਕ ਕਾਂਗਰਸ ਮਲੋਟ ਦੇ ਪ੍ਰਧਾਨ ਸ਼ਿਵ ਕੁਮਾਰ ਸ਼ਿਵਾ ਨੇ ਕਿਹਾ ਹੈ, ਇਸ ਵਾਰ ਪੰਜਾਬ ਸਰਕਾਰ ਦੇ ਬਿਜਲੀ ਵਿਭਾਗ ਦੀ ਅਣਗਹਿਲੀ ਕਾਰਨ ਦੁਕਾਨਦਾਰਾਂ ਨੂੰ ਵੱਡੇ ਬਿੱਲ ਭੇਜੇ ਗਏ ਹਨ, ਜਿਸ ਨਾਲ ਖਪਤਕਾਰ ਦੁਕਾਨਦਾਰਾਂ ਨੂੰ ਬਹੁਤ ਨੁਕਸਾਨ ਹੋਇਆ ਹੈ। ਖਪਤਕਾਰਾਂ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਬਹੁਤ ਹੀ ਵੱਧ ਬਿਜਲੀ ਦੇ ਬਿੱਲ ਆਏ ਹਨ। ਇਸ ਸਬੰਧੀ ਰੌਕੀ ਕੁਮਾਰ ਪੁੱਤਰ ਓਮ ਪ੍ਰਕਾਸ਼ ਮਿੱਡਾ ਸਮੇਤ ਖਪਤਕਾਰਾਂ ਨੇ ਕਿਹਾ ਕਿ ਇੰਝ ਜਾਪਦਾ ਹੈ ਕਿ ਬਿਜਲੀ ਵਿਭਾਗ ਵੱਲੋਂ ਅੰਦਾਜ਼ਨ ਹੀ ਚਾਰ ਮਹੀਨਿਆਂ ਦੇ ਖ਼ਰਚੇ ਪਾ ਕੇ ਖਪਤਕਾਰਾਂ ਨੂੰ ਇਹ ਬਿੱਲ ਭੇਜੇ ਗਏ ਹਨ। ਇਸ ਤੋਂ ਇਹ ਵੀ ਸਾਫ਼ ਨਹੀਂ ਕਿ ਸਰਕਾਰ ਵੱਲੋਂ ਯੂਨਿਟਾਂ ਦੇ ਵੱਖ-ਵੱਖ ਸਲੈਬ ਬਣਾ ਕੇ ਬਿਜਲੀ ਰੇਟਾਂ ਦੀ ਦਰ ਸਬੰਧੀ ਸਪਸ਼ਟ



ਨਹੀਂ। ਇਸ ਤੋਂ ਇਲਾਵਾ ਕਈ ਘਰੇਲੂ ਖਪਤਕਾਰਾਂ ਦਾ ਕਹਿਣਾ ਹੈ ਕਿ ਇਸ ਵਾਰ ਮਾਰਚ ਮਹੀਨੇ 'ਚ ਗਰਮੀ ਸ਼ੁਰੂ ਹੋ ਗਈ, ਜਿਸ ਕਰ ਕੇ ਪੱਖੇ ਆਦਿ ਚਲ ਗਏ ਸਨ। ਜੇ ਜਨਵਰੀ-ਫਰਵਰੀ ਮਹੀਨੇ 'ਚ ਉਨ੍ਹਾਂ ਦੇ 600 ਯੂਨਿਟ ਤੋਂ ਘੱਟ ਬਿਜਲੀ ਚੱਲੀ ਤਾਂ ਘੱਟ ਘੱਟ ਇਕ ਬਿੱਲ ਤਾਂ ਮੁਆਫ਼ ਹੁੰਦਾ। ਉਨ੍ਹਾਂ ਦੀ ਪਹਿਲੀ ਖਪਤ 500-550 ਯੂਨਿਟ ਹੁੰਦੀ ਪਰ ਫਰਵਰੀ-ਮਾਰਚ ਦੇ ਯੂਨਿਟ 650-700 ਚਲੀ ਗਈ ਤਾਂ ਚਾਰ ਮਹੀਨਿਆਂ ਦਾ ਸਾਰਾ ਬਿੱਲ ਉਨ੍ਹਾਂ ਨੂੰ ਭਰਨਾ ਪਵੇਗਾ। ਜੇ 2 ਮਹੀਨਿਆਂ ਦਾ ਬਿੱਲ ਨਹੀਂ ਲਿਆ ਤਾਂ ਸਰਕਾਰ ਦੀ ਗਲਤੀ ਹੈ ਲੋਕਾਂ 'ਤੇ ਬੋਝ ਕਿਉਂ ਪਾਇਆ ਜਾ ਰਿਹਾ ਹੈ। ਇਸ ਸਬੰਧੀ ਕਾਂਗਰਸ ਆਗੂ ਸ਼ਿਵ ਕੁਮਾਰ ਸ਼ਿਵਾ ਨੇ ਕਿਹਾ ਕਿ ਲੱਗਦਾ ਹੈ ਕਿ ਜੋ ਸਰਕਾਰ ਨੇ ਬੀਬੀਆਂ ਭੈਣਾਂ ਨੂੰ ਪੰਜ ਸਾਲਾਂ ਦੇ ਕਾਰਜਕਾਲ 'ਚ ਅਖੀਰਲੇ ਮਹੀਨਿਆਂ 'ਚ ਹਜ਼ਾਰ-ਹਜ਼ਾਰ ਰੁਪਏ ਦੇਣੇ ਹਨ ਪਰ ਇਹ ਪੈਸੇ ਉਹ ਹੁਣ ਦੁਕਾਨਦਾਰ ਵੀਰਾਂ ਤੋਂ ਇਨ੍ਹਾਂ ਨਾਜਾਇਜ਼ ਬਿਜਲੀ ਬਿੱਲਾਂ ਤੋਂ ਵਸੂਲ ਕਰਨਗੇ। ਸਰਕਾਰ ਨੂੰ ਚਾਹੀਦਾ ਹੈ ਕਿ ਉਹ ਬਿੱਲਾਂ 'ਚੋਂ ਘੱਟੋ ਘੱਟ ਪਹਿਲੇ 600 ਯੂਨਿਟ ਦੇ ਪੈਸੇ ਕੱਟ ਕੇ ਬਿੱਲ ਭਰਵਾਵੇ, ਕਿਉਂਕਿ ਇਸ ਹਿਸਾਬ ਨਾਲ ਤਾਂ ਲੋਕਾਂ ਨੂੰ 10 ਰੁਪਏ ਯੂਨਿਟ ਤੋਂ ਵੱਧ ਬਿੱਲ ਭਰਨਾ ਪੈ ਰਿਹਾ ਹੈ, ਜਿਸ ਕਰ ਕੇ ਲੋਕਾਂ ਵਿਚ ਹਾਹਾਕਾਰ ਹੈ। ਇਸ ਤੋਂ ਇਲਾਵਾ ਜਿਹਦੀ ਰੀਡਿੰਗ ਅੰਦਾਜੇ ਨਾਲ ਲਿਖੀ ਹੈ, ਉਸ ਸਬੰਧੀ ਚੈਕਿੰਗ ਕੀਤੀ ਜਾਵੇ। ਉਨ੍ਹਾਂ ਕਿਹਾ ਹੈ ਕਿ ਬਿਜਲੀ ਬੋਰਡ ਦੀ ਅਣਗਹਿਲੀ ਕਾਰਨ ਇਸ ਵਾਰ ਦੁਕਾਨਦਾਰਾਂ ਨੂੰ ਬਹੁਤ ਨਾਜਾਇਜ਼ ਵੱਧ ਬਿਜਲੀ ਦੇ ਬਿੱਲ ਭੇਜੇ ਗਏ ਹਨ।

## ਫ਼ਸਲ ਨੁਕਸਾਨ ਦਾ ਅੰਦਾਜ਼ਾ ਲਗਾਉਣ ਲਈ ਭਾਜਪਾ ਪੰਜਾਬ ਵੱਲੋਂ ਟੀਮਾਂ ਦਾ ਗਠਨ

ਚੰਡੀਗੜ੍ਹ/ਜਲੰਧਰ 17 ਅਪ੍ਰੈਲ। ਪੰਜਾਬ ਦੇ ਮੀਂਹ ਨਾਲ ਪ੍ਰਭਾਵਿਤ ਇਲਾਕਿਆਂ 'ਚ ਫ਼ਸਲਾਂ ਦੇ ਨੁਕਸਾਨ ਦਾ ਅੰਦਾਜ਼ਾ ਲਗਾਉਣ ਤੇ ਕਿਸਾਨਾਂ ਤੋਂ ਸਿੱਧਾ ਫੀਡਬੈਕ ਪ੍ਰਾਪਤ ਕਰਨ ਲਈ ਭਾਜਪਾ ਨੇ ਆਪਣੇ ਸੀਨੀਅਰ ਆਗੂਆਂ ਨੂੰ ਪ੍ਰਭਾਵਿਤ ਖੇਤਰਾਂ ਦਾ ਦੌਰਾ ਕਰਨ ਅਤੇ ਸਥਿਤੀ ਦਾ ਜਾਇਜ਼ਾ ਲੈਣ ਲਈ ਨਿਯੁਕਤ ਕੀਤਾ ਹੈ। ਸੂਬਾ ਜਨਰਲ ਸਕੱਤਰ ਅਨਿਲ ਸਰਿਨ ਵੱਲੋਂ ਜਾਰੀ ਕੀਤੀ ਸੂਚੀ ਅਨੁਸਾਰ ਪਾਰਟੀ ਨੇ ਸੂਬੇ ਦੇ ਦਸ ਪ੍ਰਭਾਵਿਤ ਜ਼ਿਲ੍ਹਿਆਂ ਨੂੰ ਕਵਰ ਕਰਨ ਲਈ 5 ਟੀਮਾਂ ਦਾ ਗਠਨ ਕੀਤਾ ਹੈ। ਫਾਜ਼ਿਲਕਾ ਅਤੇ ਸ੍ਰੀ ਮੁਕਤਸਰ ਸਾਹਿਬ ਲਈ ਨਿਯੁਕਤ ਟੀਮ 'ਚ ਮਨਪ੍ਰੀਤ ਸਿੰਘ ਬਾਦਲ, ਦਿਆਲ ਸਿੰਘ ਸੋਢੀ, ਸੁਜੀਤ ਜਿਆਣੀ, ਅਸ਼ਵਨੀ ਸੇਖੜੀ, ਵੰਦਨਾ ਸਾਂਗਵਾਨ ਅਤੇ ਲਖਬੀਰ ਸਿੰਘ ਸ਼ਾਮਲ ਹਨ। ਫਿਰੋਜ਼ਪੁਰ ਅਤੇ ਬਠਿੰਡਾ ਲਈ ਟੀਮ 'ਚ ਜਗਮੀਤ ਸਿੰਘ ਬਰਾੜ, ਸੁਸ਼ੀਲ ਰਿੰਕੂ, ਹਰਮਿੰਦਰ ਜੱਸੀ, ਜਗਦੀਪ ਸਿੰਘ ਨਕਈ, ਸਰਬਜੀਤ ਸਿੰਘ ਮੱਕੜ ਤੇ ਦਰਸ਼ਨ ਸਿੰਘ ਨੈਨੇਵਾਲ ਸ਼ਾਮਲ ਹਨ। ਬਰਨਾਲਾ ਤੇ ਸੰਗਰੂਰ ਲਈ ਟੀਮ 'ਚ ਸੋਮ ਪ੍ਰਕਾਸ਼, ਕੇਵਲ ਸਿੰਘ ਢਿੱਲੋਂ, ਪਰਨੀਤ ਕੌਰ, ਹਰਬੰਸ ਲਾਲ, ਮੰਗਤ ਰਾਇ ਬੰਸਲ, ਰਣਜੀਤ ਸਿੰਘ ਗਿੱਲ ਤੇ ਜਗਦੀਪ ਸਿੰਘ ਚੀਮਾ ਸ਼ਾਮਲ ਹਨ। ਅੰਮ੍ਰਿਤਸਰ ਅਤੇ ਪਠਾਨਕੋਟ ਲਈ ਟੀਮ 'ਚ ਸ਼ਵੇਤ ਮਲਿਕ, ਤੀਕਸ਼ਣ ਸੂਦ, ਦਿਨੇਸ਼ ਸਿੰਘ ਬੱਬੂ, ਫ਼ਤਹਿ ਜੰਗ ਸਿੰਘ ਬਾਜਵਾ, ਮਨਜੀਤ ਸਿੰਘ ਮੰਨਾ ਤੇ ਬਲਵਿੰਦਰ ਸਿੰਘ ਲਾਡੀ ਸ਼ਾਮਲ ਹਨ। ਹੁਸ਼ਿਆਰਪੁਰ ਤੇ ਕਪੂਰਥਲਾ ਲਈ ਟੀਮ 'ਚ ਮਨੋਰੰਜਨ ਕਾਲੀਆ, ਅਵਿਨਾਸ਼ ਖੰਨਾ, ਜੰਗੀ ਲਾਲ ਮਹਾਜਨ, ਸ਼ੀਤਲ ਅੰਗੁਰਾਲ, ਕੇ. ਡੀ. ਭੰਡਾਰੀ ਤੇ ਜਗਬੀਰ ਸਿੰਘ ਬਰਾੜ ਸ਼ਾਮਲ ਹਨ।

## ਬੀਬੀ ਜਗੀਰ ਕੌਰ ਦੇ ਇਸਤਰੀ ਵਿੰਗ ਪੰਜਾਬ ਪ੍ਰਧਾਨ ਬਣਨ ਦਾ ਮਨਜੀਤ ਸਿੰਘ ਦਸੂਹਾ ਨੇ ਕੀਤਾ ਸਵਾਗਤ

ਟਾਂਡਾ 17 ਅਪ੍ਰੈਲ। ਸ਼੍ਰੋਮਣੀ ਅਕਾਲੀ ਦਲ ਪੁਨਰ ਸੁਰਜੀਤ ਇਸਤਰੀ ਵਿੰਗ ਪੰਜਾਬ ਦੇ ਪ੍ਰਧਾਨ ਨਿਯੁਕਤ ਹੋਣ 'ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ ਦਾ ਜ਼ਿਲ੍ਹਾ ਹੁਸ਼ਿਆਰਪੁਰ ਵੱਲੋਂ ਸਵਾਗਤ ਕਰਦਿਆਂ ਮਨਜੀਤ ਸਿੰਘ ਦਸੂਹਾ ਜ਼ਿਲ੍ਹਾ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਪੁਨਰ ਸੁਰਜੀਤ ਹੁਸ਼ਿਆਰਪੁਰ ਨੇ ਕਿਹਾ ਕਿ, ਇਸ ਨਿਯੁਕਤੀ ਨਾਲ ਸ਼੍ਰੋਮਣੀ ਅਕਾਲੀ ਦਲ ਪੁਨਰ ਸੁਰਜੀਤ ਨੂੰ ਵੱਡੀ ਮਜ਼ਬੂਤੀ ਮਿਲੇਗੀ ਅਤੇ ਇਸ ਨਾਲ ਪਾਰਟੀ ਦਾ ਇਸਤਰੀ ਵਿੰਗ ਮਜ਼ਬੂਤ ਹੋਵੇਗਾ। ਉਨ੍ਹਾਂ ਕਿਹਾ



ਕਿ ਬੀਬੀ ਜਗੀਰ ਕੌਰ ਨੂੰ ਬਹੁਤ ਤਜ਼ਰਬਾ ਹੈ, ਤੇ ਪੰਥਕ ਰਵਾਇਤਾਂ ਮੁਤਾਬਕ ਬੀਬੀਆਂ ਦੀ ਅਗਵਾਈ ਕਰਨ ਦਾ ਪੰਥਕ ਜਜ਼ਬਾ ਹੈ। ਉਨ੍ਹਾਂ ਪਾਰਟੀ ਦੇ ਪ੍ਰਧਾਨ ਜਥੇਦਾਰ ਹਰਪ੍ਰੀਤ ਸਿੰਘ ਜੀ, ਪਾਰਟੀ ਦੇ ਸਕੱਤਰ ਜਨਰਲ ਗੁਰ ਪ੍ਰਤਾਪ ਸਿੰਘ ਵਡਾਲਾ, ਸਾਬਕਾ ਮੰਤਰੀ ਪਰਮਿੰਦਰ ਸਿੰਘ ਢੀਂਡਸਾ, ਸਾਬਕਾ ਮੰਤਰੀ ਸੁਰਜੀਤ ਸਿੰਘ ਰੱਖੜਾ, ਵਿਧਾਇਕ ਮਨਪ੍ਰੀਤ ਸਿੰਘ ਇਆਲੀ ਅਤੇ ਸੀਨੀਅਰ ਲੀਡਰਸ਼ਿਪ ਦਾ ਧੰਨਵਾਦ ਕੀਤਾ ਜਿਨ੍ਹਾਂ ਨੇ ਅਹਿਮ ਫ਼ੈਸਲਾ ਕਰਕੇ ਬੀਬੀ ਜਗੀਰ ਕੌਰ ਨੂੰ ਸੇਵਾ ਦਿੱਤੀ ਹੈ। ਇਸ ਮੌਕੇ ਬੀਬੀ ਜਗੀਰ ਕੌਰ ਨੂੰ ਮਨਜੀਤ ਸਿੰਘ ਦਸੂਹਾ ਜ਼ਿਲਾ ਪ੍ਰਧਾਨ ਹੁਸ਼ਿਆਰਪੁਰ, ਕੌਮੀ ਜਨਰਲ ਸਕੱਤਰ ਅਵਤਾਰ ਸਿੰਘ ਜੌਹਲ, ਕੌਮੀ ਮੀਤ ਪ੍ਰਧਾਨ ਕੁਲਵਿੰਦਰ ਸਿੰਘ ਜੰਡਾ, ਸਾਬਕਾ ਮੈਂਬਰ ਸ਼੍ਰੋਮਣੀ ਕਮੇਟੀ ਜਥੇਦਾਰ ਹਰਬੰਸ ਸਿੰਘ ਮੰਝਪੁਰ, ਸਾਬਕਾ ਜ਼ਿਲ੍ਹਾ ਪ੍ਰੀਸ਼ਦ ਮੈਂਬਰ ਹੁਸ਼ਿਆਰਪੁਰ ਸੁਖਵਿੰਦਰ ਸਿੰਘ ਮੂਨਕ ਆਦਿ ਨੇ ਵਧਾਈਆਂ ਦਿੱਤੀਆਂ ਅਤੇ ਕਿਹਾ ਕਿ ਮਨਜੀਤ ਸਿੰਘ ਦਸੂਹਾ ਦੀ ਅਗਵਾਈ 'ਚ ਜ਼ਿਲਾ ਹੁਸਿਆਰਪੁਰ ਵੱਲੋਂ ਬੀਬੀ ਜਗੀਰ ਕੌਰ ਦਾ ਜਲਦੀ ਸਨਮਾਨ ਕੀਤਾ ਜਾਵੇਗਾ।

## ਸ਼ਰਾਬ ਦੀ ਬੋਤਲ ਵਾਲਾ ਰਾਸ਼ਨ ਕਾਰਡ ਵਾਇਰਲ, ਅਜੀਬ ਘਟਨਾ ਨੇ ਉਡਾਏ ਹੋਸ਼

ਨੈਸ਼ਨਲ ਡੈਸਕ 17 ਅਪ੍ਰੈਲ। ਤਾਮਿਲਨਾਡੂ ਦੇ ਮਦੁਰਈ ਤੋਂ ਇਕ ਅਜੀਬ ਅਤੇ ਹੈਰਾਨ ਕਰਨ ਵਾਲੀ ਘਟਨਾ ਸਾਹਮਣੇ ਆਈ ਹੈ। ਚਿਨਾਪੂਲਮਬੱਟੀ ਇਲਾਕੇ ਦੇ ਰਹਿਣ ਵਾਲੇ ਥੰਗਾਵੇਲੁ (56) ਨੇ ਜਦੋਂ ਆਪਣੀ ਪਤਨੀ ਦਾ ਨਾਮ ਰਾਸ਼ਨ ਕਾਰਡ 'ਚ ਜੋੜਨ ਲਈ ਈ-ਰਾਸ਼ਨ ਕਾਰਡ ਡਾਊਨਲੋਡ ਕੀਤਾ, ਤਾਂ ਉਹ ਹੈਰਾਨ ਰਹਿ ਗਏ। ਕਾਰਡ 'ਤੇ ਪਤਨੀ ਦੀ ਫੋਟੋ ਦੀ ਥਾਂ ਸ਼ਰਾਬ ਦੀ ਬੋਤਲ ਦੀ ਤਸਵੀਰ ਲੱਗੀ ਹੋਈ ਸੀ। ਥੰਗਾਵੇਲੁ ਨੇ ਦੱਸਿਆ ਕਿ ਉਸ ਨੇ ਆਪਣੀ ਵਿਆਹੁਤਾ ਧੀ ਦਾ ਨਾਮ ਕਾਰਡ ਤੋਂ ਹਟਵਾ ਕੇ ਪਤਨੀ ਨੂੰ ਤਮਿਲਨਾਡੂ ਨਿਰਮਾਣ ਸ਼?ਰਮਿਕ ਕਲਿਆਣ ਬੋਰਡ ਯੋਜਨਾ ਦੇ ਤਹਿਤ ਲਾਭਪਾਤਰੀ ਬਣਵਾਇਆ ਸੀ। ਪਰ ਜਦੋਂ ਨਵਾਂ ਈ-ਰਾਸ਼ਨ ਕਾਰਡ ਡਾਊਨਲੋਡ ਕੀਤਾ ਗਿਆ ਤਾਂ ਉਸ 'ਤੇ ਪਤਨੀ ਦੀ ਫੋਟੋ ਦੀ ਥਾਂ ਸ਼ਰਾਬ ਦੀ ਬੋਤਲ ਨਜ਼ਰ ਆਈ। ਇਹ ਦੇਖ ਕੇ ਸਾਰੇ ਪਰਿਵਾਰ ਵਾਲੇ ਹੱਕੇ-ਬੱਕੇ ਰਹਿ ਗਏ। ਤੁਰੰਤ ਹੀ ਉਨ੍ਹਾਂ ਨੇ ਇਸ ਦੀ ਸ਼ਿਕਾਇਤ ਸਥਾਨਕ ਨਾਗਰਿਕ ਸਪਲਾਈ ਵਿਭਾਗ 'ਚ ਦਰਜ ਕਰਾਈ। ਵਿਭਾਗ ਦੇ ਅਧਿਕਾਰੀਆਂ ਨੇ ਕਿਹਾ ਕਿ ਇਹ ਸਮੱਸਿਆ ਸਿਰਫ਼ ਈ-ਰਾਸ਼ਨ ਕਾਰਡ 'ਚ ਹੀ ਆ ਰਹੀ ਹੈ, ਜਦਕਿ ਹਾਰਡ ਕਾਪੀ 'ਚ ਸਹੀ ਤਸਵੀਰ ਹੀ ਮੌਜੂਦ ਹੈ। ਉਨ੍ਹਾਂ ਨੇ ਇਸ ਨੂੰ ਤਕਨੀਕੀ ਗੜਬੜ ਦੱਸਦਿਆਂ ਕਿਹਾ ਕਿ ਜਾਂਚ ਸ਼ੁਰੂ ਹੋ ਚੁੱਕੀ ਹੈ ਤੇ ਜਲਦੀ ਹੀ ਇਸ ਨੂੰ ਠੀਕ ਕਰ ਦਿੱਤਾ ਜਾਵੇਗਾ। ਇਸ ਈ-ਰਾਸ਼ਨ ਕਾਰਡ ਦੀ ਤਸਵੀਰ ਸੋਸ਼ਲ ਮੀਡੀਆ 'ਤੇ ਤੇਜ਼ੀ ਨਾਲ ਵਾਇਰਲ ਹੋ ਰਹੀ ਹੈ। ਲੋਕ ਇਸ 'ਤੇ ਵੱਖ-ਵੱਖ ਤਰ੍ਹਾਂ ਦੀਆਂ ਟਿੱਪਣੀਆਂ ਕਰ ਰਹੇ ਹਨ। ਕਿਸੇ ਨੇ ਇਸ ਨੂੰ ਪ੍ਰਸ਼ਾਸਨਿਕ ਲਾਪਰਵਾਹੀ ਕਿਹਾ, ਤਾਂ ਕਿਸੇ ਨੇ ਇਸ ਨੂੰ ਸਿਸਟਮ ਦੀ ਵੱਡੀ ਖਾਮੀ ਕਰਾਰ ਦਿੱਤਾ। ਜਾਂਚ ਦੌਰਾਨ ਇਹ ਵੀ ਸਾਹਮਣੇ ਆਇਆ ਕਿ 2018 'ਚ ਵੀ ਕੁਝ ਈ-ਰਾਸ਼ਨ ਕਾਰਡਾਂ 'ਤੇ ਗਲਤ ਤਸਵੀਰਾਂ, ਖ਼ਾਸ ਕਰਕੇ ਸ਼ਰਾਬ ਦੀਆਂ ਬੋਤਲਾਂ ਦੀਆਂ ਫੋਟੋਆਂ ਲੱਗੀਆਂ ਸਨ। ਇਸ ਤੋਂ ਪਤਾ ਲੱਗਦਾ ਹੈ ਕਿ ਇਹ ਸਮੱਸਿਆ ਪੁਰਾਣੀ ਹੈ ਅਤੇ ਇਸ ਦਾ ਹਾਲੇ ਤੱਕ ਪੂਰਾ ਹੱਲ ਨਹੀਂ ਹੋ ਸਕਿਆ। ਰਾਸ਼ਨ ਕਾਰਡ ਦੇਸ਼ 'ਚ ਗਰੀਬ ਪਰਿਵਾਰਾਂ ਲਈ ਸਬਸਿਡੀ ਅਤੇ ਸਰਕਾਰੀ ਯੋਜਨਾਵਾਂ ਦਾ ਇਕ ਬਹੁਤ ਮਹੱਤਵਪੂਰਨ ਦਸਤਾਵੇਜ਼ ਹੈ। ਅਜਿਹੀਆਂ ਗਲਤੀਆਂ ਲੋਕਾਂ ਲਈ ਪਰੇਸ਼ਾਨੀ ਦਾ ਕਾਰਨ ਬਣ ਸਕਦੀਆਂ ਹਨ ਅਤੇ ਸਰਕਾਰੀ ਲਾਭਾਂ ਤੋਂ ਵੀ ਵਾਂਝਾ ਕਰ ਸਕਦੀਆਂ ਹਨ। ਮਾਹਿਰਾਂ ਦਾ ਕਹਿਣਾ ਹੈ ਕਿ ਡਿਜ਼ੀਟਲ ਦਸਤਾਵੇਜ਼ਾਂ 'ਚ ਅਜਿਹੀਆਂ ਗੜਬੜਾਂ ਤੋਂ ਬਚਣ ਲਈ ਵਧੀਆ ਤਕਨੀਕੀ ਨਿਗਰਾਨੀ ਅਤੇ ਸਮੇਂ-ਸਮੇਂ 'ਤੇ ਸਿਸਟਮ ਦੀ ਸਮੀਖਿਆ ਬਹੁਤ ਜ਼ਰੂਰੀ ਹੈ।

## ਪੈਨਸ਼ਨ ਦੇ ਕੰਮ ਲਈ ਦਫ਼ਤਰ ਆਏ ਸੇਵਾਮੁਕਤ ਕਰਮਚਾਰੀ ਦੀ ਅਚਾਨਕ ਮੌਤ, ਮਚੀ ਹਫ਼ੜਾ-ਦਫੜੀ

ਹਮੀਰਪੁਰ 17 ਅਪ੍ਰੈਲ। ਸਥਾਨਕ ਜ਼ਿਲ੍ਹੇ ਵਿਚ ਪਸ਼ੂ ਪਾਲਣ ਵਿਭਾਗ ਦੇ ਦਫ਼ਤਰ ਵਿਚ ਇਕ ਦਿਲ ਦਹਿਲਾ ਦੇਣ ਵਾਲੀ ਘਟਨਾ ਸਾਹਮਣੇ ਆਈ ਹੈ। ਇਥੇ ਪੈਨਸ਼ਨ ਨਾਲ ਜੁੜੇ ਆਪਣੇ ਕੰਮਾਂ ਦੇ ਸਿਲਸਿਲੇ ਵਿਚ ਆਏ ਇਕ ਸੇਵਾਮੁਕਤ ਕਰਮਚਾਰੀ ਦੀ ਅਚਾਨਕ ਸਿਹਤ ਖ਼ਰਾਬ ਹੋਣ ਕਾਰਨ ਅਚਾਨਕ ਮੌਤ ਹੋ ਗਈ। ਸ਼ੁਰੂਆਤੀ ਤੌਰ 'ਤੇ ਇਸ ਮੌਤ ਦਾ ਕਾਰਨ ਦਿਲ ਦਾ ਦੌਰਾ (ਹਾਰਟ ਅਟੈਕ) ਮੰਨਿਆ ਜਾ ਰਿਹਾ ਹੈ। ਹਾਲਾਂਕਿ ਮੌਤ ਦੇ ਸਹੀ ਕਾਰਨ ਦਾ ਖੁਲਾਸਾ ਪੋਸਟਮਾਰਟਮ ਰਿਪਰੋਟ ਆਉਣ ਤੋਂ ਬਾਅਦ ਹੀ ਹੋਵੇਗਾ। ਮ੍ਰਿਤਕ ਵਿਅਕਤੀ ਦੀ ਪਛਾਣ ਪੁਰਸ਼ੋਤਮ ਲਾਲ ਵਾਸੀ ਖਤਰਵਾੜ ਦੇ ਰੂਪ ਵਿਚ ਹੋਈ ਹੈ। ਉਹ ਆਯੁਰਵੈਦਿਕ ਡਿਸਪੈਂਸਰੀ ਕਡੋਹਟਾ ਵਿਚ ਚੌਥੇ ਦਰਜੇ ਦੇ ਅਹੁਦੇ 'ਤੇ ਸਨ ਅਤੇ 31 ਮਾਰਚ ਨੂੰ ਹੀ ਸੇਵਾਮੁਕਤ ਹੋਏ ਸਨ। ਦੱਸਿਆ ਜਾ ਰਿਹਾ ਹੈ ਕਿ ਸ਼ੁੱਕਰਵਾਰ ਨੂੰ ਪੁਰਸ਼ੋਤਮ ਲਾਲ ਪੈਨਸ਼ਨ ਸਬੰਧੀ ਕੰਮਾਂ ਲਈ ਪਸ਼ੂਪਾਲਣ ਵਿਭਾਗ ਦੇ ਦਫ਼ਤਰ ਹਮੀਰਪੁਰ ਪਹੁੰਚੇ ਸਨ। ਇਸ ਦੌਰਾਨ ਕੁਝ ਦੇਰ ਤੱਕ ਦਫ਼ਤਰ ਵਿਚ ਬੈਠਣ ਅਤੇ ਪਾਣੀ ਪੀਣ ਤੋਂ ਬਾਅਦ ਉਨ੍ਹਾਂ ਦੀ ਸਿਹਤ ਅਚਾਨਕ ਖਰਾਬ ਹੋਣੀ ਸ਼ੁਰੂ ਹੋ ਗਈ। ਜਿਸ ਕਾਰਨ ਉਨ੍ਹਾਂ ਦੀ ਮੌਤ ਹੋ ਗਈ। ਇਸ ਘਟਨਾ ਦੌਰਾਨ ਦਫ਼ਤਰ ਵਿਚ ਮੌਜੂਦ ਕਰਮਚਾਰੀਆਂ ਨੇ ਤੁਰੰਤ ਇਲਾਜ ਲਈ ਉਨ੍ਹਾਂ ਨੂੰ ਹਸਪਤਾਲ ਦਾਖਲ ਕਰਵਾਇਆ ਪਰ ਉਥੇ ਜਾ ਕੇ ਡਾਕਟਰਾਂ ਨੇ ਉਨ੍ਹਾਂ ਨੂੰ ਮ੍ਰਿਤਕ ਐਲਾਨ ਦਿੱਤਾ। ਸੂਚਨਾ ਮਿਲਣ 'ਤੇ ਉਨ੍ਹਾਂ ਦੇ ਪਰਿਵਾਰ ਨੂੰ ਬਹੁਤ ਦੁੱਖ ਹੋਇਆ। ਇਸ ਦੌਰਾਨ ਮਾਮਲੇ ਦੀ ਪੁਸ਼ਟੀ ਕਰਦਿਆਂ ਬਲਵੀਰ ਸਿੰਘ ਨੇ ਕਿਹਾ ਕਿ ਘਟਨਾ ਦੀ ਜਾਂਚ ਕੀਤੀ ਜਾ ਰਹੀ ਹੈ ਅਤੇ ਪੋਸਟਮਾਰਟਮ ਰਿਪੋਰਟ ਦੇ ਆਧਾਰ 'ਤੇ ਅਗਲੇਰੀ ਕਾਰਵਾਈ ਕੀਤੀ ਜਾਵੇਗੀ। ਇਸ ਘਟਨਾ ਦੀ ਸੂਚਨਾ ਪੁਲਸ ਨੂੰ ਦਿੱਤੀ ਗਈ। ਦੂਜੇ ਪਾਸੇ ਪਰਿਵਾਰ ਵਿਚ ਚੀਕ ਚਿਹਾੜਾ ਮਚ ਗਿਆ।

## ਤਹਿਬਾਜ਼ਾਰੀ ਬ੍ਰਾਂਚ 'ਚ ਭ੍ਰਿਸ਼ਟਾਚਾਰ 'ਤੇ ਸਖ਼ਤ ਹੋਏ ਸੀਨੀਅਰ ਡਿਪਟੀ ਮੇਅਰ, ਜੁਆਇੰਟ ਕਮਿਸ਼ਨਰ ਤੋਂ ਮੰਗਿਆ ਪੂਰਾ ਰਿਕਾਰਡ

**ਕੌਮੀ ਪਤ੍ਰਿਕਾ**

ਜਲੰਧਰ 17 ਅਪ੍ਰੈਲ। ਨਗਰ ਨਿਗਮ ਦੀ ਤਹਿਬਾਜ਼ਾਰੀ ਬ੍ਰਾਂਚ ਵਿਚ ਕਥਿਤ ਭ੍ਰਿਸ਼ਟਾਚਾਰ ਨੂੰ ਲੈ ਕੇ ਹੁਣ ਸੀਨੀਅਰ ਡਿਪਟੀ ਮੇਅਰ ਵੀ ਗੰਭੀਰ ਹੋ ਗਏ ਹਨ। ਉਨ੍ਹਾਂ ਇਸ ਮਾਮਲੇ ਵਿਚ ਸਖ਼ਤੀ ਵਿਖਾਉਂਦੇ ਹੋਏ ਜੁਆਇੰਟ ਕਮਿਸ਼ਨਰ ਨੂੰ ਚਿੱਠੀ ਲਿਖ ਕੇ ਵਿਸਤ੍ਰਿਤ ਜਾਣਕਾਰੀ ਤਲਬ ਕੀਤੀ ਹੈ। ਜ਼ਿਕਰਯੋਗ ਹੈ ਕਿ ਕੁਝ ਦਿਨ ਪਹਿਲਾਂ ਮੇਅਰ ਵੱਲੋਂ ਤਹਿਬਾਜ਼ਾਰੀ ਬ੍ਰਾਂਚ ਦੇ ਨਾਲ ਮੀਟਿੰਗ ਕਰਕੇ ਇਸ ਵਿਭਾਗ ਵਿਚ ਫੈਲੇ ਭ੍ਰਿਸ਼ਟਾਚਾਰ 'ਤੇ ਡੂੰਘੀ ਨਾਰਾਜ਼ਗੀ ਪ੍ਰਗਟਾਈ ਗਈ ਸੀ ਅਤੇ ਹੁਣ ਸੀਨੀਅਰ ਡਿਪਟੀ ਮੇਅਰ ਨੇ ਵੀ ਇਸ ਬ੍ਰਾਂਚ ਨੂੰ ਆਪਣੇ ਨਿਸ਼ਾਨੇ 'ਤੇ ਲੈਂਦੇ ਹੋਏ ਕਈ ਅਹਿਮ ਜਾਣਕਾਰੀਆਂ ਮੰਗੀਆਂ ਹਨ। ਆਪਣੀ ਚਿੱਠੀ ਵਿਚ ਉਨ੍ਹਾਂ ਪੁੱਛਿਆ ਹੈ ਕਿ ਸ਼ਹਿਰ ਵਿਚ ਕੁੱਲ੍ਹ ਕਿੰਨੀਆਂ ਜਾਇਜ਼ ਅਤੇ ਨਾਜਾਇਜ਼ ਪਾਰਕਿੰਗ ਚੱਲ ਰਹੀਆਂ ਹਨ। ਵਿਸ਼ੇਸ਼ ਰੂਪ ਨਾਲ ਰੰਗਲਾ ਵਿਹੜਾ ਇਲਾਕੇ ਦੇ ਆਲੇ-ਦੁਆਲੇ ਲੰਮੇ ਸਮੇਂ ਤੋਂ ਚੱਲ ਰਹੀ ਨਾਜਾਇਜ਼ ਪਾਰਕਿੰਗ ਅਤੇ ਉਥੇ ਖੁੱਲ੍ਹੇਆਮ ਕੀਤੀ ਜਾ ਰਹੀ ਪਰਚੀ ਦੇ ਨਾਂ 'ਤੇ ਵਸੂਲੀ ਨੂੰ ਲੈ ਕੇ ਚਿੰਤਾ ਪ੍ਰਗਟਾਈ ਗਈ ਹੈ। ਦੱਸਿਆ ਜਾ ਰਿਹਾ ਹੈ ਕਿ ਨਿਗਮ ਅਧਿਕਾਰੀਆਂ ਵੱਲੋਂ ਐੱਫ. ਆਈ. ਆਰ. ਦਰਜ ਕਰਵਾਉਣ ਦੀ ਚਿਤਾਵਨੀ ਦੇ ਬਾਵਜੂਦ ਉਥੇ ਨਾਜਾਇਜ਼ ਵਸੂਲੀ ਦਾ ਸਿਲਸਿਲਾ ਲਗਾਤਾਰ ਜਾਰੀ ਹੈ। ਇਸ ਦੇ ਇਲਾਵਾ ਸੀਨੀਅਰ ਡਿਪਟੀ ਮੇਅਰ ਨੇ ਇਹ ਵੀ ਜਾਣਕਾਰੀ ਮੰਗੀ ਹੈ ਕਿ ਨਗਰ ਨਿਗਮ ਦੀ ਹੱਦ ਅੰਦਰ ਕਿੰਨੀਆਂ ਮੰਡੀਆਂ ਲੱਗਦੀਆਂ ਹਨ, ਉਨ੍ਹਾਂ ਦਾ ਸਰੂਪ ਕੀ ਹੈ ਅਤੇ ਉਨ੍ਹਾਂ ਵਿਚ ਕਿੰਨੀਆਂ ਛੋਟੀਆਂ ਦੁਕਾਨਾਂ ਸੰਚਾਲਿਤ ਹੁੰਦੀਆਂ ਹਨ। ਨਾਲ ਹੀ ਇਹ ਵੀ ਪੁੱਛਿਆ ਗਿਆ ਹੈ ਕਿ ਤਹਿਬਾਜ਼ਾਰੀ ਵਿਭਾਗ ਇਨ੍ਹਾਂ ਤੋਂ ਕਿੰਨੀ ਵਸੂਲੀ ਕਰਦਾ ਹੈ। ਉਨ੍ਹਾਂ ਸ਼ਹਿਰ ਵਿਚ ਚੱਲ ਰਹੀਆਂ ਰੇਹੜੀਆਂ, ਖੋਖਿਆਂ ਅਤੇ ਫੜ੍ਹੀਆਂ ਦੀ ਕੁੱਲ੍ਹ ਗਿਣਤੀ, ਉਨ੍ਹਾਂ ਵਿਚੋਂ ਕਿੰਨਿਆਂ ਨੂੰ ਨਿਗਮ ਵੱਲੋਂ ਪਰਚੀਆਂ ਜਾਰੀ ਕੀਤੀਆਂ ਜਾਂਦੀਆਂ ਹਨ ਅਤੇ ਕਿੰਨਿਆਂ 'ਤੇ ਨੰਬਰ ਪਲੇਟ ਲਾਈ ਗਈ ਹੈ, ਇਸ ਦੀ ਵੀ ਵਿਸਤ੍ਰਿਤ ਰਿਪੋਰਟ ਮੰਗੀ ਹੈ। ਸੀਨੀਅਰ ਡਿਪਟੀ ਮੇਅਰ ਦੀ ਇਸ ਕਾਰਵਾਈ ਤੋਂ ਸਾਫ਼ ਹੈ ਕਿ ਤਹਿਬਾਜ਼ਾਰੀ ਬ੍ਰਾਂਚ ਵਿਚ ਪਾਰਦਰਸ਼ਿਤਾ ਲਿਆਉਣ ਅਤੇ ਭ੍ਰਿਸ਼ਟਾਚਾਰ 'ਤੇ ਰੋਕ ਲਾਉਣ ਲਈ ਹੁਣ ਸਖ਼ਤ ਕਦਮ ਚੁੱਕੇ ਜਾ ਸਕਦੇ ਹਨ। ਆਉਣ ਵਾਲੇ ਦਿਨਾਂ ਵਿਚ ਇਸ ਮਾਮਲੇ ਵਿਚ ਵੱਡੀ ਕਾਰਵਾਈ ਦੀ ਸੰਭਾਵਨਾ ਪ੍ਰਗਟਾਈ ਜਾ ਰਹੀ ਹੈ।

## ਜੰਮੂ-ਕਸ਼ਮੀਰ ਨਹੀਂ, ਹੁਣ ਲਿਖਿਆ ਜਾਵੇਗਾ 'ਲੱਦਾਖ' ! 'ਆਧਾਰ' 'ਚ ਮਿਲੀ ਵੱਖਰੀ ਪਛਾਣ

**ਕੌਮੀ ਪਤ੍ਰਿਕਾ**

ਲੇਹ 17 ਅਪ੍ਰੈਲ। ਕੇਂਦਰ ਸ਼ਾਸਿਤ ਪ੍ਰਦੇਸ਼ ਲੱਦਾਖ ਨੂੰ ਆਖਰਕਾਰ ਆਧਾਰ ਰਿਕਾਰਡ 'ਚ ਵੱਖਰੀ ਪਛਾਣ ਮਿਲ ਗਈ ਹੈ। ਹੁਣ ਆਧਾਰ ਕਾਰਡ ਦੇ 'ਸਟੇਟ' ਫੀਲਡ 'ਚ 'ਜੰਮੂ ਕਸ਼ਮੀਰ' ਦੀ ਜਗ?ਹਾ ਸਿੱਧੇ 'ਲੱਦਾਖ' ਦਰਜ ਕੀਤਾ ਜਾ ਰਿਹਾ ਹੈ। ਦੱਸਣਯੋਗ ਹੈ ਕਿ 2019 'ਚ ਜੰਮੂ ਅਤੇ ਕਸ਼ਮੀਰ ਤੋਂ ਵੱਖ ਹੋ ਕੇ ਲੱਦਾਖ ਨੂੰ ਕੇਂਦਰ ਸ਼ਾਸਿਤ ਪ੍ਰਦੇਸ਼ ਬਣਾਇਆ ਗਿਆ ਸੀ ਪਰ ਇਸ ਦੇ ਬਾਵਜੂਦ ਲੰਬੇ ਸਮੇਂ ਤੱਕ ਆਧਾਰ ਰਿਕਾਰਡ 'ਚ ਪੁਰਾਣਾ ਨਾਮ ਹੀ ਬਣਿਆ ਰਿਹਾ, ਜਿਸ ਨਾਲ ਲੋਕਾਂ ਨੂੰ ਕਈ ਤਰ੍ਹਾਂ ਦੀਆਂ ਪਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਸੀ। ਇਸ ਮੁੱਦੇ ਨੂੰ ਗੰਭੀਰਤਾ ਨਾਲ ਲੈਂਦੇ ਹੋਏ ਲੱਦਾਖ ਦੇ ਉੱਪ ਰਾਜਪਾਲ ਵਿਨੇ ਕੁਮਾਰ ਸਕਸੈਨਾ ਨੇ ਪ੍ਰਸ਼ਾਸਨ ਨੂੰਜ ਲਦ ਹੱਲ ਦੇ ਨਿਰਦੇਸ਼ ਦਿੱਤੇ। ਇਸ ਤੋਂ ਬਾਅਦ ਯੂਟੀ ਪ੍ਰਸ਼ਾਸਨ ਨੇ ਭਾਰਤੀ ਵਿਸ਼ੇਸ਼ ਪਛਾਣ ਅਥਾਰਟੀ (ਯੂਆਈਡੀਏਆਈ) ਨਾਲ ਉੱਚ ਪੱਧਰ 'ਤੇ ਮਾਮਲਾ ਚੁੱਕਿਆ। ਪ੍ਰਸ਼ਾਸਨ ਅਤੇ ਯੂਆਈਡੀਏਆਈ ਦੇ ਤਾਲਮੇਲ ਨਾਲ ਇਹ ਸੁਧਾਰ ਹੁਣ ਸਫਲਤਾਪੂਰਵਕ ਲਾਗੂ ਕਰ ਦਿੱਤਾ ਗਿਆ ਹੈ, ਜਿਸ ਦੇ ਆਧਾਰ 'ਚ ਲੱਦਾਖ ਦੀ ਵੱਖਰੀ ਖੇਤਰੀ ਪਛਾਣ ਯਕੀਨੀ ਹੋ ਗਈ ਹੈ। ਇਸ ਸਮੱਸਿਆ ਦੇ ਹੱਲ ਲਈ ਇਕ ਖਾਸ ਵਿਵਸਥਾ ਬਣਾਈ ਗਈ, ਜਿਸ ਦੇ ਅਧੀਨ ਹਰੇਕ ਨਿਵਾਸੀ ਨੂੰ ਆਧਾਰ ਕੇਂਦਰ ਜਾ ਕੇ ਸੁਧਾਰ ਕਰਵਾਉਣ ਦੀ ਲੋੜ ਨਹੀਂ ਪਈ। ਇਸ ਦੇ




ਬਜਾਏ ਲੱਦਾਖ ਦੇ ਪਿਨ ਕੋਡ ਦੇ ਆਧਾਰ 'ਤੇ ਸਾਰੇ ਰਿਕਾਰਡ ਕੇਂਦਰੀ ਪੱਧਰ 'ਤੇ ਅਪਡੇਟ ਕਰ ਦਿੱਤੇ ਗਏ। ਇਨ੍ਹਾਂ ਪਿਨ ਕੋਡ ਦਾ ਵੈਰੀਫਿਕੇਸ਼ਨ ਡਾਕ ਵਿਭਾਗ ਨਾਲ ਮਿਲ ਕੀਤਾ ਗਿਆ। ਹੁਣ ਤੱਕ ਆਧਾਰ 'ਚ 'ਜੰਮੂ ਕਸ਼ਮੀਰ' ਦਰਜ ਹੋਣ ਕਾਰਨ ਲੱਦਾਖ ਦੇ ਲੋਕਾਂ ਨੂੰ ਪਛਾਣ ਅਤੇ ਪਤੇ ਦੇ ਪ੍ਰਮਾਣ ਵਜੋਂ ਆਧਾਰ ਇਸਤੇਮਾਲ ਕਰਨ 'ਚ ਪਰੇਸ਼ਾਨੀ ਆਉਂਦੀ ਸੀ। ਇਸ ਨਾਲ ਸਰਕਾਰੀ ਸੇਵਾਵਾਂ ਦਾ ਲਾਭ ਲੈਣ 'ਚ ਵੀ ਪਰੇਸ਼ਾਨੀ ਹੁੰਦੀ ਸੀ ਅਤੇ ਰਿਕਾਰਡ 'ਚ ਸਹੀ ਪ੍ਰਤੀਨਿਧੀਤੱਵ ਨਹੀਂ ਹੋ ਪਾ ਰਿਹਾ ਸੀ। ਉੱਪ ਰਾਜਪਾਲ ਸਕਸੈਨਾ ਨੇ ਕਿਹਾ ਕਿ ਇਸ ਫੈਸਲੇ ਨਾਲ ਲੋਕਾਂ ਨੂੰ ਵੱਡੀ ਰਾਹਤ ਮਿਲੇਗੀ ਅਤੇ ਸੇਵਾਵਾਂ ਤੱਕ ਆਸਾਨ ਪਹੁੰਚ ਯਕੀਨੀ ਹੋਵੇਗੀ। ਉਨ੍ਹਾਂ ਕਿਹਾ ਕਿ ਲੱਦਾਖ ਨੂੰ ਸਹੀ ਪਛਾਣ ਦਾ ਅਧਿਕਾਰਤ ਰਿਕਾਰਡ 'ਚ ਹੋਣਾ ਪ੍ਰਸ਼ਾਸਨਿਕ ਜ਼ਰੂਰਤ ਦੇ ਨਾਲ-ਨਾਲ ਲੋਕਾਂ ਦੀ ਸਹੂਲਤ ਦਾ ਅਹਿਮ ਹਿੱਸਾ ਹੈ। ਹੁਣ ਲੱਦਾਖ ਦੇ ਵਾਸੀ ਬਿਨਾਂ ਕਿਸੇ ਝੰਜਟ ਦੇ ਯੂਆਈਈਏਆਈ ਦੀ ਅਧਿਕਾਰਤ ਵੈੱਬਸਾਈਟ ਤੋਂ ਆਪਣਾ ਅਪਡੇਟਡ ਈ-ਆਧਾਰ ਡਾਊਨਲੋਡ ਕਰ ਸਕਦੇ ਹਨ। ਉੱਥੇ ਹੀ ਜੋ ਲੋਕ ਪੀਵੀਸੀ ਆਧਾਰ ਕਾਰਡ ਬਣਵਾਉਣਾ ਚਾਹੁੰਦੇ ਹਨ, ਉਹ ਮਾਮੂਲੀ ਫੀਸ ਦੇ ਕੇ ਇਸ ਨੂੰ ਆਨਲਾਈਨ ਆਰਡਰ ਕਰ ਸਕਦੇ ਹਨ। ਇਸ ਕਦਮ ਨਾਲ ਲੱਦਾਖ ਦੇ ਲੋਕਾਂ ਨੂੰ ਵੱਡੀ ਰਾਹਤ ਮਿਲੀ ਹੈ ਅਤੇ ਲੰਬੇ ਸਮੇਂ ਤੋਂ ਪੈਂਡਿੰਗ ਇਹ ਮੁੱਦਾ ਆਖਰਕਾਰ ਸੁਲਝ ਗਿਆ ਹੈ।

## ਦੋਸਤ ਦੇ ਵਿਆਹ 'ਤੇ ਗਏ ਨੌਜਵਾਨਾਂ ਨਾਲ ਵਾਪਰ ਗਈ ਅਣਹੋਣੀ !

ਨੈਸ਼ਨਲ ਡੈਸਕ 17 ਅਪ੍ਰੈਲ। ਰਾਜਸਥਾਨ ਦੇ ਝੁੰਝੁਨੂ ਜ਼ਿਲ੍ਹੇ ਵਿੱਚ ਸੋਮਵਾਰ ਦੇਰ ਰਾਤ ਇੱਕ ਭਿਆਨਕ ਸੜਕ ਹਾਦਸਾ ਵਾਪਰਿਆ। ਭੈਸਾਵਤਾ ਪਿੰਡ ਦੇ ਨੇੜੇ ਇੱਕ ਤੇਜ਼ ਰਫ਼ਤਾਰ ਫਾਰਚੂਨਰ ਬੇਕਾਬੂ ਹੋ ਕੇ ਪਲਟ ਗਈ ਅਤੇ ਸੜਕ ਤੋਂ ਕਈ ਫੁੱਟ ਦੂਰ ਇੱਕ ਖੇਤ ਵਿੱਚ ਜਾ ਡਿੱਗੀ। ਇਸ ਹਾਦਸੇ ਵਿੱਚ ਤਿੰਨ ਲੋਕਾਂ ਦੀ ਜਾਨ ਚਲੀ ਗਈ ਅਤੇ ਇੱਕ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਿਆ। ਪੁਲਸ ਅਨੁਸਾਰ ਇਹ ਨੌਜਵਾਨ ਮੋਈ ਪਿੰਡ ਵਿੱਚ ਆਪਣੇ ਇੱਕ ਦੋਸਤ ਦੇ ਵਿਆਹ ਵਿੱਚ ਸ਼ਾਮਲ ਹੋਣ ਆਏ ਸਨ। ਦੇਰ ਰਾਤ ਉਹ ਕਿਸੇ ਕੰਮ ਲਈ ਲਾੜੇ ਦੀ ਗੱਡੀ ਲੈ ਕੇ ਨਿਕਲੇ ਸਨ। ਰਸਤੇ ਵਿੱਚ ਗੱਡੀ ਬੇਕਾਬੂ ਹੋ ਕੇ ਕਈ ਵਾਰ ਪਲਟੀ ਅਤੇ ਪੂਰੀ ਤਰ੍ਹਾਂ ਚਕਨਾਚੂਰ ਹੋ ਗਈ। ਮਰਨ ਵਾਲਿਆਂ ਦੀ ਪਛਾਣ ਸੰਦੀਪ ਕਡਵਾਸਰਾ, ਤਨਿਸ਼ਕ ਸ਼ੇਖਾਵਤ ਅਤੇ ਧਰਮਿੰਦਰ ਵਜੋਂ ਹੋਈ ਹੈ। ਇਹ ਤਿੰਨੋਂ ਉਦੈਵਾਸ ਪਿੰਡ ਦੇ ਰਹਿਣ ਵਾਲੇ ਸਨ। ਹਾਦਸੇ ਵਿੱਚ ਅਜੇ ਨਾਂ ਦਾ ਇੱਕ ਹੋਰ ਨੌਜਵਾਨ ਗੰਭੀਰ ਰੂਪ ਵਿੱਚ ਜ਼ਖ਼ਮੀ ਹੋਇਆ ਹੈ। ਉਸ ਨੂੰ ਮੁੱਢਲੀ ਸਹਾਇਤਾ ਤੋਂ ਬਾਅਦ ਰੈਫਰ ਕਰ ਦਿੱਤਾ ਗਿਆ ਹੈ। ਹਾਦਸੇ ਦੀ ਸੂਚਨਾ ਮਿਲਦਿਆਂ ਹੀ ਚਿੜਾਵਾ ਅਤੇ ਸਿੰਘਾਣਾ ਥਾਣੇ ਦੀਆਂ ਪੁਲਸ ਟੀਮਾਂ ਮੌਕੇ 'ਤੇ ਪਹੁੰਚੀਆਂ। ਥਾਣਾ ਇੰਚਾਰਜ ਸੁਗਨ ਸਿੰਘ ਨੇ ਦੱਸਿਆ ਕਿ ਲਾਸ਼ਾਂ ਨੂੰ ਕਬਜ਼ੇ ਵਿੱਚ ਲੈ ਕੇ ਚਿੜਾਵਾ ਦੇ ਉਪ-ਜ਼ਿਲ੍ਹਾ ਹਸਪਤਾਲ ਦੀ ਮੋਰਚਰੀ ਵਿੱਚ ਰਖਵਾਇਆ ਗਿਆ ਹੈ।

## ਗੱਡੀ ਦਾ ਸ਼ੀਸ਼ਾ ਤੋੜ ਕੇ ਲੈ ਗਏ ਪੈਸਿਆਂ ਨਾਲ ਭਰਿਆ ਬੈਗ, ਦਿਨ-ਦਿਹਾੜੇ ਕੀਤੀ 97 ਹਜ਼ਾਰ ਦੀ ਚੋਰੀ

ਲੁਧਿਆਣਾ 17 ਅਪ੍ਰੈਲ। ਦੁੱਗਰੀ ਫੇਜ਼-1 ਇਲਾਕੇ ਵਿਚ ਐਤਵਾਰ ਦੁਪਹਿਰ ਸ਼ਰੇਆਮ ਹੋਈ ਇਕ ਵਾਰਦਾਤ ਨੇ ਪੁਲਸ ਗਸ਼ਤ ਅਤੇ ਸੁਰੱਖਿਆ ਦੇ ਦਾਵਿਆਂ ਦੀ ਹਵਾ ਕੱਢ ਕੇ ਰੱਖ ਦਿੱਤੀ ਹੈ। ਬੇਖੌਫ ਲੁਟੇਰਿਆਂ ਨੇ ਦਿਨ-ਦਿਹਾੜੇ ਇਕ ਲਗਜ਼ਰੀ ਕਾਰ ਨੂੰ ਆਪਣਾ ਨਿਸ਼ਾਨਾ ਬਣਾਇਆ ਅਤੇ ਸ਼ੀਸ਼ਾ ਤੋੜ ਕੇ ਅੰਦਰ ਰੱਖਿਆ ਨਕਦੀ ਨਾਲ ਭਰਿਆ ਬੈਗ ਉਡਾ ਲਿਆ। ਪੂਰੀ ਵਾਰਦਾਤ ਨੇੜੇ ਲੱਗੇ ਸੀ.ਸੀ.ਟੀ.ਵੀ. ਕੈਮਰੇ ਵਿਚ ਕੈਦ ਹੋ ਗਈ ਹੈ, ਜਿਸ ਵਿਚ ਮੁਲਜ਼ਮ ਕਿਸੇ ਫਿਲਮੀ ਸ਼ਾਤਰ ਦੀ ਤਰ੍ਹਾਂ ਮਹਿਜ਼ ਕੁਝ ਸੈਕਿੰਡਾਂ ਵਿਚ ਵਾਰਦਾਤ ਨੂੰ ਅੰਜਾਮ ਦੇ ਕੇ ਰਫੂਚੱਕਰ ਹੁੰਦਾ ਦਿਖਾਈ ਦੇ ਰਿਹਾ ਹੈ। ਪੀੜਤ ਦੇ ਬਿਆਨਾਂ ਦੇ ਆਧਾਰ 'ਤੇ ਅਣਪਛਾਤੇ ਮੁਲਜ਼ਮਾਂ ਖ਼?ਲਾਫ਼ ਮਾਮਲਾ ਦਰਜ ਕਰ ਲਿਆ ਗਿਆ ਹੈ। ਪੁਲਸ ਦਾ ਦਾਅਵਾ ਹੈ ਕਿ ਫੁਟੇਜ ਦੀ ਮਦਦ ਨਾਲ ਮੁਲਜ਼ਮ ਦੀ ਪਛਾਣ ਕੀਤੀ ਜਾ ਰਹੀ ਹੈ। ਘਟਨਾ ਦਾ ਸ਼ਿਕਾਰ ਹੋਏ ਫੁੱਲਾਂਵਾਲ ਦੀ ਮੋਤੀ ਬਾਗ ਕਾਲੋਨੀ ਨਿਵਾਸੀ ਜਾਨਸਨ, ਜੋ ਪੇਸ਼ੇ ਤੋਂ ਫਾਈਨਾਂਸਰ ਹਨ, ਐਤਵਾਰ ਨੂੰ ਆਪਣੇ ਉਨ੍ਹਾਂ ਦੋਸਤਾਂ ਦੀ ਮੇਜ਼ਬਾਨੀ ਕਰ ਰਹੇ ਸਨ ਜੋ ਚੰਡੀਗੜ੍ਹ ਤੋਂ ਉਨ੍ਹਾਂ ਨੂੰ ਮਿਲਣ ਲੁਧਿਆਣਾ ਪਹੁੰਚੇ ਸਨ। ਦੁਪਹਿਰ ਕਰੀਬ 2:30 ਵਜੇ ਜਾਨਸਨ ਆਪਣੀ ਵਰਨਾ ਕਾਰ ਦੁੱਗਰੀ ਫੇਜ਼-1 ਦੀ ਮਾਰਕੀਟ ਵਿਚ ਪਾਰਕ ਕਰਕੇ ਦੋਸਤਾਂ ਨਾਲ ਨੇੜੇ ਹੀ ਸਥਿਤ ਪ੍ਰੀਤਮ ਪਿਆਰੇ ਰੈਸਟੋਰੈਂਟ ਵਿਚ ਲੰਚ ਕਰਨ ਚਲੇ ਗਏ। ਉਨ੍ਹਾਂ ਨੂੰ ਜ਼ਰਾ ਵੀ ਅੰਦੇਸ਼ਾ ਨਹੀਂ ਸੀ ਕਿ ਬਾਹਰ ਕੋਈ ਉਨ੍ਹਾਂ ਦੀ ਗੱਡੀ 'ਤੇ ਨਜ਼ਰਾਂ ਗੱਡ ਕੇ ਬੈਠਾ ਹੈ। ਜਦੋਂ ਉਹ ਖਾਣਾ ਖਾ ਕੇ ਵਾਪਸ ਪਰਤੇ ਤਾਂ ਗੱਡੀ ਦੀ ਹਾਲਤ ਦੇਖ ਕੇ ਉਨ੍ਹਾਂ ਦੇ ਪੈਰਾਂ ਹੇਠੋਂ ਜ਼ਮੀਨ ਖਿਸਕ ਗਈ। ਕਾਰ ਦੀ ਪਿਛਲੀ ਸੀਟ ਦਾ ਸ਼ੀਸ਼ਾ ਚਕਨਾਚੂਰ ਸੀ ਅਤੇ ਅੰਦਰ ਰੱਖਿਆ ਕਾਲਾ ਬੈਗ ਗਾਇਬ ਸੀ, ਜਿਸ ਵਿਚ 97 ਹਜ਼ਾਰ ਰੁਪਏ ਦੀ ਨਕਦੀ, ਦੋ ਚੈੱਕ ਬੁੱਕਾਂ ਅਤੇ ਬੇਹੱਦ ਜ਼ਰੂਰੀ ਦਸਤਾਵੇਜ਼ ਮੌਜੂਦ ਸਨ। ਸੀ.ਸੀ.ਟੀ.ਵੀ. ਫੁਟੇਜ ਵਿਚ ਸਾਫ਼ ਦਿਖ ਰਿਹਾ ਹੈ ਕਿ ਇਕ ਬਾਈਕ ਸਵਾਰ ਲੁਟੇਰਾ ਬੜੀ ਹੀ ਸਹਿਜਤਾ ਨਾਲ ਕਾਰ ਦੇ ਕੋਲ ਆਉਂਦਾ ਹੈ ਅਤੇ ਕਿਸੇ ਨੁਕੀਲੀ ਚੀਜ਼ ਨਾਲ ਖਿੜਕੀ ਦੇ ਸ਼ੀਸ਼ੇ 'ਤੇ ਵਾਰ ਕਰਦਾ ਹੈ। ਮਹਿਜ਼ ਕੁਝ ਹੀ ਪਲਾਂ ਵਿੱਚ ਸ਼ੀਸ਼ਾ ਤੋੜ ਕੇ ਉਹ ਅੰਦਰ ਹੱਥ ਪਾਉਂਦਾ ਹੈ ਅਤੇ ਬੈਗ ਕੱਢ ਕੇ ਬਿਜਲੀ ਦੀ ਫੁਰਤੀ ਨਾਲ ਫਰਾਰ ਹੋ ਜਾਂਦਾ ਹੈ।

## ਸਰਕਾਰ ਬਣਨ 'ਤੇ ਹੋਵੇਗਾ ਐੱਨ. ਆਰ. ਆਈ. ਦੀਆਂ ਸਮੱਸਿਆਵਾਂ ਦਾ ਹੱਲ, ਭਾਜਪਾ ਹਮੇਸ਼ਾ ਨਾਲ ਖੜ੍ਹੀ: ਸੁਨੀਲ ਜਾਖੜ

**ਏਜੰਸੀਆਂ**

ਜਲੰਧਰ 17 ਅਪ੍ਰੈਲ। ਪੰਜਾਬ ਭਾਜਪਾ ਨੇ ਹੋਟਲ ਬੈਸਟ ਵੈਸਟਰਨ ਪਲੱਸ ਵਿਖੇ ਇਕ ਐੱਨ. ਆਰ. ਆਈ. ਮੀਟਿੰਗ ਦਾ ਆਯੋਜਨ ਕੀਤਾ। ਇਸ ਖ਼ਾਸ ਮੌਕੇ 'ਤੇ ਪੰਜਾਬ ਭਾਜਪਾ ਦੇ ਸੂਬਾ ਪ੍ਰਧਾਨ ਸੁਨੀਲ ਜਾਖੜ



ਅਤੇ ਕਾਰਜਕਾਰੀ ਪ੍ਰਧਾਨ ਅਸ਼ਵਨੀ ਸ਼ਰਮਾ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ। ਇਸ ਸਮਾਗਮ 'ਚ ਵੱਖ-ਵੱਖ ਦੇਸ਼ਾਂ ਦੇ ਪ੍ਰਮੁੱਖ ਐੱਨ. ਆਰ. ਆਈ, ਜਿਨ੍ਹਾਂ 'ਚ ਅਲਬਰਟਾ, ਕੈਨੇਡਾ ਤੋਂ ਵਿਧਾਇਕ ਪੀਟਰ ਸੰਧੂ ਅਤੇ ਰੂਬੀ ਗਰੇਵਾਲ ਸ਼ਾਮਲ ਹੋਏ। ਸੁਨੀਲ ਜਾਖੜ ਨੇ ਕਿਹਾ ਕਿ ਭਾਰਤੀ ਜਨਤਾ ਪਾਰਟੀ (ਭਾਜਪਾ) ਹਮੇਸ਼ਾ ਐੱਨ. ਆਰ. ਆਈ. ਭਰਾਵਾਂ ਨਾਲ ਮੋਢੇ ਨਾਲ ਮੋਢਾ ਜੋੜ ਕੇ ਖੜ੍ਹੀ ਹੈ। ਉਨ੍ਹਾਂ ਕਿਹਾ ਕਿ ਪ੍ਰਵਾਸੀ ਭਾਰਤੀ ਵਿਦੇਸ਼ਾਂ 'ਚ ਆਪਣੀ ਸਖ਼ਤ ਮਿਹਨਤ ਰਾਹੀਂ ਭਾਰਤ ਦਾ ਮਾਣ ਵਧਾਉਂਦੇ ਹਨ। ਪੰਜਾਬ ਦੇ ਹਰ ਕਿਸਾਨ ਪਰਿਵਾਰ ਵਿਚ ਇਕ ਪ੍ਰਵਾਸੀ ਭਾਰਤੀ ਦਾ ਮੈਂਬਰ ਹੁੰਦਾ ਹੈ। ਇਸ ਦੌਰਾਨ, ਅਸ਼ਵਨੀ ਸ਼ਰਮਾ ਨੇ ਕਿਹਾ ਕਿ ਪ੍ਰਵਾਸੀ ਭਾਰਤੀਆਂ ਨੂੰ ਭਾਰਤ ਵਾਪਸ ਆਉਣ 'ਤੇ ਕਈ ਚੁਣੌਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਉਨ੍ਹਾਂ ਕਿਹਾ ਕਿ ਭਾਜਪਾ ਵਚਨਬੱਧ ਹੈ ਕਿ ਸਰਕਾਰ ਬਣਨ 'ਤੇ ਸਮੱਸਿਆਵਾਂ ਦਾ ਹੱਲ ਕੀਤਾ ਜਾਵੇਗਾ। ਸੁਨੀਲ ਜਾਖੜ ਨੇ ਕਿਹਾ ਕਿ ਕਮਲਜੀਤ ਸਿੰਘ ਹੇਅਰ, ਜੋ ਦੋ ਵਾਰ ਪ੍ਰਧਾਨ ਅਤੇ ਐੱਨ. ਆਰ. ਆਈ. ਕਮਿਸ਼ਨ ਦੇ ਮੈਂਬਰ ਰਹੇ, ਉਨ੍ਹਾਂ ਨੇ ਇਸ ਪ੍ਰੋਗਰਾਮ 'ਚ ਵਿਸ਼ੇਸ਼ ਯੋਗਦਾਨ ਪਾਇਆ ਹੈ। ਆਪਣੇ ਕਾਰਜਕਾਲ ਦੌਰਾਨ ਉਨ੍ਹਾਂ ਨੇ ਇਕ ਐੱਨ. ਆਰ. ਆਈ. ਇਮਾਰਤ ਇਕ ਪੁਲਸ ਸਟੇਸ਼ਨ ਅਤੇ ਇਕ ਅਦਾਲਤ ਦੀ ਉਸਾਰੀ ਦੀ ਨਿਗਰਾਨੀ ਕੀਤੀ। ਉਨ੍ਹਾਂ ਨੇ ਦੇਸ਼-ਵਿਦੇਸ਼ ਦੀ ਯਾਤਰਾ ਵੀ ਕੀਤੀ, ਲਗਭਗ 5,000 ਐੱਨ. ਆਰ. ਆਈਜ਼. ਨੂੰ ਆਪਣੇ ਭਾਈਚਾਰੇ ਨਾਲ ਜੋੜਿਆ। ਜਾਖੜ ਨੇ ਕਿਹਾ ਕਿ ਉਹ 2013-14 ਤੋਂ ਭਾਜਪਾ ਦੇ ਸਮਰਪਿਤ ਮੈਂਬਰ ਵਜੋਂ ਸਰਗਰਮ ਹਨ।

## ਵਧੀਕ ਜ਼ਿਲ੍ਹਾ ਮੈਜਿਸਟਰੇਟ ਵੱਲੋਂ ਜ਼ਿਲ੍ਹੇ ਅੰਦਰ ਵੱਖ-ਵੱਖ ਪਾਬੰਦੀਆਂ ਦੇ ਹੁਕਮ ਜਾਰੀ

**ਕੌਮੀ ਪਤ੍ਰਿਕਾ**

ਫ਼ਿਰੋਜ਼ਪੁਰ 17 ਅਪ੍ਰੈਲ। ਵਧੀਕ ਜ਼ਿਲ੍ਹਾ ਮੈਜਿਸਟਰੇਟ ਡਾ. ਅਮਨਦੀਪ ਕੌਰ ਨੇ ਜ਼ਿਲ੍ਹਾ ਫ਼ਿਰੋਜ਼ਪੁਰ 'ਚ ਵੱਖ-ਵੱਖ ਪਾਬੰਦੀਆਂ ਦੇ ਹੁਕਮ ਜਾਰੀ ਕੀਤੇ ਹਨ। ਉਨ੍ਹਾਂ ਕਿਸੇ ਵਿਅਕਤੀ ਦੁਆਰਾ ਕਿਸੇ ਤਰੀਕੇ ਨਾਲ ਕਿਸੇ ਵੀ ਯੰਤਰ ਦੁਆਰਾ ਜੇਲ੍ਹ ਖੇਤਰ ਵਿੱਚ ਕਾਨੂੰਨੀ ਪ੍ਰਕਿਰਿਆ ਨੂੰ ਛੱਡ ਕੇ ਪਾਬੰਦੀਸ਼ੁਦਾ ਵਸਤੂ ਜਾਂ ਪਦਾਰਥ ਜਾਂ ਸਮੱਗਰੀ ਨੂੰ ਜੇਲ੍ਹ ਵਿੱਚ ਰੱਖਣ ਸਿੱਧੇ ਜਾਂ ਅਸਿੱਧੇ ਤੌਰ 'ਤੇ ਅੰਦਰ ਲਿਜਾਣ ਜਾਂ ਉਸ ਨੂੰ ਕਬਜ਼ੇ ਵਿੱਚ ਰੱਖਣ 'ਤੇ ਪਾਬੰਦੀ ਲਗਾਈ ਹੈ। ਇਸਦੇ ਨਾਲ ਹੀ ਜੇਲ੍ਹ ਖੇਤਰ ਦੇ ਆਲੇ-ਦੁਆਲੇ 500 ਮੀਟਰ ਦੇ ਦਾਇਰੇ ਅੰਦਰ ਸੁਰੱਖਿਆ ਦੇ ਮੱਦੇਨਜ਼ਰ ਡਰੋਨ ਦੀ ਵਰਤੋਂ ਕਰਨ ਤੇ ਪਾਬੰਦੀ ਲਗਾਈ ਹੈ। ਇੱਕ ਹੋਰ ਹੁਕਮ ਰਾਹੀਂ ਵਧੀਕ ਜ਼ਿਲ੍ਹਾ ਮੈਜਿਸਟਰੇਟ ਨੇ ਜ਼ਿਲ੍ਹਾ ਫਿਰੋਜ਼ਪੁਰ ਦੀਆਂ ਸੀਮਾਵਾਂ ਅੰਦਰ ਆਉਂਦੀਆਂ ਵਪਾਰ ਮੰਡਲ/ਸਵਰਨਕਾਰ, ਕਬਾੜ ਯੂਨੀਅਨ ਆਦਿ ਦੇ ਨੁਮਾਇੰਦਿਆਂ ਨੂੰ ਹਦਾਇਤ ਕੀਤੀ ਕਿ ਉਹ ਆਪਣੇ ਦੁਕਾਨਦਾਰ ਸਾਥੀਆਂ ਨੂੰ ਪ੍ਰੇਰਿਤ ਕਰਨ ਕਿ ਕੋਈ ਵੀ ਵਿਅਕਤੀ ਉਨ੍ਹਾਂ ਪਾਸ ਪੁਰਾਣਾ ਸਾਮਾਨ ਜਿਵੇਂ ਕਿ ਮੋਬਾਇਲ ਫੋਨ, ਸੋਨਾ, ਚਾਂਦੀ ਦੇ ਗਹਿਣੇ ਅਤੇ ਬਿਜਲੀ ਦੀਆਂ ਤਾਰਾਂ ਜਾਂ ਕੋਈ ਹੋਰ ਉਪਕਰਣ ਆਦਿ ਵੇਚਣ ਆਉਂਦਾ ਹੈ ਤਾਂ ਸਮਾਨ ਵੇਚਣ ਵਾਲੇ ਦਾ ਅਧਾਰ ਕਾਰਡ ਚੈਕ ਕੀਤਾ ਜਾਵੇ ਅਤੇ ਨਾਲ ਹੀ ਉਸ ਦਾ ਨਾਮ, ਪਤਾ ਅਤੇ ਮੋਬਾਇਲ ਨੰਬਰ ਰਜਿਸਟਰ ਵਿਚ ਦਰਜ ਕਰਕੇ




ਰਿਕਾਰਡ ਆਪਣੇ ਕੋਲ ਰੱਖਿਆ ਜਾਵੇ ਅਤੇ ਆਪਣੀਆਂ ਦੁਕਾਨਾਂ ਵਿੱਚ ਸੀ.ਸੀ.ਟੀ.ਵੀ ਕੈਮਰੇ ਲਗਵਾਏ ਜਾਣ। ਉਨ੍ਹਾ ਅੰਤਰਰਾਸ਼ਟਰੀ ਬਾਰਡਰ ਤੋਂ ਭਾਰਤੀ ਇਲਾਕੇ ਵਾਲੇ ਪਾਸੇ 1 ਕਿ.ਮੀ. ਦੇ ਘੇਰੇ ਅੰਦਰ ਉੱਚੇ ਕੱਦ ਦੇ ਬੂਟੇ ਪਾਪੂਲਰ, ਸਫੈਦੇ, ਬਗੀਚੇ ਆਦਿ ਤੋਂ ਇਲਾਵਾ ਤੇਜ਼ੀ ਨਾਲ ਵੱਧਣ ਵਾਲੀਆਂ ਫਸਲਾਂ ਜਿਵੇਂ ਗੰਨਾ, ਕਪਾਹ, ਮੱਕਾ ਅਤੇ ਚਰੀ ਆਦਿ ਨਾ ਲਗਾਉਣ ਅਤੇ ਉੱਚੀਆਂ ਇਮਾਰਤਾਂ ਦੀ ਉਸਾਰੀ ਨਾ ਕਰਨ, ਅੰਤਰਰਾਸ਼ਟਰੀ ਬਾਰਡਰ ਤੋਂ 150 ਮੀਟਰ ਦੀ ਦੂਰੀ ਵਿਚ 03 ਫੁੱਟ ਤੋਂ ਵੱਧ ਉਚਾਈ ਵਾਲੀ ਕੋਈ ਵੀ ਫਸਲ/ਬੂਟੇ ਉਗਾਏ ਜਾਣ ਤੇ ਪਾਬੰਦੀ ਲਗਾਈ ਹੈ। ਸਰਹੱਦੀ ਖੇਤਰ ਦੇ ਨਾਲ ਲੱਗਦੇ ਬੀ.ਓ.ਪੀਜ਼ ਦੇ ਨੇੜਲੇ ਪਿੰਡਾਂ ਵਿੱਚ ਸ਼ਾਮ 5 ਵਜੇ ਤੋਂ ਬਾਅਦ ਡੀ.ਜੇ. (ਮਿਊਜ਼ਿਕ ਸਿਸਟਮ), ਪਟਾਖੇ ਚਲਾਉਣ ਅਤੇ ਲੇਜ਼ਰ ਲਾਈਟਾਂ ਦਾ ਇਸਤੇਮਾਲ ਕਰਨ ਅਤੇ ਬਾਰਡਰ ਏਰੀਏ ਵਿੱਚ ਪੈਂਦੇ ਦਰਿਆ ਵਿੱਚ ਪ੍ਰਾਈਵੇਟ ਵਿਅਕਤੀਆਂ ਵੱਲੋਂ ਰਾਤ 7 ਤੋਂ ਸਵੇਰ 7 ਵਜੇ ਤੱਕ ਕਿਸ਼ਤੀਆਂ ਚਲਾਉਣ ਅਤੇ ਇੰਟਰਨੈਸ਼ਨਲ ਬਾਰਡਰ ਦੇ 25 ਕਿਲੋਮੀਟਰ ਦੇ ਘੇਰੇ ਵਿੱਚ ਡਰੋਨ ਦੀ ਵਰਤੋਂ 'ਤੇ ਪੂਰਣ ਤੌਰ ਤੇ ਪਾਬੰਦੀ ਲਗਾਈ ਹੈ। ਉਨ੍ਹਾਂ ਪਸ਼ੂਆਂ ਨੂੰ ਸ਼ਰੇਆਮ ਸੜਕਾਂ ਦੇ ਉੱਤੇ ਜਨਤਕ ਥਾਵਾਂ ਤੇ ਛੱਡਣ ਅਤੇ ਕੂੜਾ-ਕਰਕਟ ਆਦਿ ਨੂੰ ਖੁੱਲੇ ਵਿੱਚ ਅੱਗ ਲਗਾਉਣ ਤੇ ਪਾਬੰਦੀ ਲਗਾਈ ਹੈ। ਇਹ ਹੁਕਮ ਜਾਰੀ ਹੋਣ ਦੀ ਮਿਤੀ ਤੋਂ ਦੋ ਮਹੀਨੇ ਤੱਕ ਲਾਗੂ ਰਹਿਣਗੇ।